ਕੈਨੇਡਾ ਦਰਪਣ

ਜੂਨ 1-4, 1988

June 1-14, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਇਹ ਪੀ ਡੀ ਐਫ ਕੈਨੇਡਾ ਦਰਪਣ ਦੇ ਸੰਪਾਦਕ ਦਰਸ਼ਨ ਗਿੱਲ ਦੀ ਪਤਨੀ ਚਰਨਜੀਤ ਕੌਰ ਗਿੱਲ ਦੀ ਇਜਾਜ਼ਤ ਨਾਲ ਬਣਾਈ ਗਈ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

JUNE 1-14, 1988 Vol. 07 No. 16 Out of Greater Vancouver 75¢ Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper

Ph. (604) 581-4473
P.O.BOX 265, Surrey, B.C. V3T 4W8

ਗੁਰਦੁਆਰਿਆਂ ਲਈ ਨਵਾਂ ਆਰਡੀਨੈਂਸ......

ਹਥਿਆਰ ਲਿਜਾਣ ਦੀ ਮਨਾਹੀ

ਨਵੀਂ ਦਿੱਲੀ — ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਵਿਰੋਧੀ ਪਾਰਟੀਆਂ ਦੇ ਆਗੂਆਂ ਦੀ ਇਕ ਮੀਟਿੰਗ ਵਿਚ ਇਕਸ਼ਾਫ ਕੀਤਾ ਕਿ ਗ੍ਰਹਿ ਮੰਤਰਾਲੇ ਨੇ ਗੁਰਦੁਆਰਾ ਐਕਟ ਵਿਚ ਤਬਦੀਲੀ ਕਰਨ ਲਈ ਆਰਡੀਨੈਂਸ ਤਿਆਰ ਕਰ ਲਿਆ ਹੈ ਜਿਸ ਅਨੁਸਾਰ ਕੋਈ ਵੀ ਵਿਅਕਤੀ ਧਾਰਮਿਕ ਸਥਾਨਾਂ ਅੰਦਰ ਹਥਿਆਰ ਨਹੀਂ ਲਿਜਾ ਸਕੇਗਾ ਸ੍ਰੀ ਬੂਟਾ ਸਿੰਘ ਨੇ ਕਿਹਾ ਕਿ ਰੋਜ਼ ਦਿਹਾੜੇ ਧਾਰਮਿਕ ਸਥਾਨਾਂ ਦੀ ਬੇਹੁਰਮਤੀ ਦੀ ਆਗਿਆ ਨਹੀਂ ਦਿਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਹ ਕਦਮ ਦਰਬਾਰ ਸਾਹਿਬ ਵਿਚ ਸ਼ਰੇਆਮ ਹਥਿਆਰਾਂ ਦੀ ਨੁਮਾਇਸ਼ ਰੋਕਣ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਵੀ ਕਦਮ ਚੁਕਣ ਤੋਂ ਅਸਮਰਥ ਰਹੀ ਹੈ।

ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੇ ਸੁਆਲਾਂ ਦੇ ਜਵਾਬ ਵਿਚ ਗ੍ਰਹਿ ਮੰਤਰੀ ਨੇ ਕਿਹਾ ਕਿ ਦਰਬਾਰ ਸਾਹਿਬ ਵਿਚੋਂ ਦਹਿਸ਼ਤਗਰਦਾਂ ਨੂੰ ਕੱਢਣ ਲਈ ਘੱਟ ਤੋਂ ਘੱਟ ਤਾਕਤ ਦੀ ਵਰਤੋਂ ਕੀਤੀ ਗਈ ਤੇ ਕੋਸ਼ਿਸ਼ ਕੀਤੀ ਗਈ ਕਿ ਸਿੱਖ ਭਾਵਨਾਵਾਂ ਅਨੁਸਾਰ ਹੀ ਉਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਜੋ ਕਦਮ ਹੁਣ ਚੁਕੇ ਗਏ ਹਨ ਜੇ ਇਹੀ ਕਦਮ 1984 ਵਿਚ ਚੁਕੇ ਜਾਂਦੇ ਤਾਂ ਹਿੰਸਾ ਦਾ ਇਹ ਖੂਨੀ ਵਾਤਾਵਰਣ ਟਾਲਿਆ ਜਾ ਸਕਦਾ ਸੀ। ਬੀ. ਜੇ. ਪੀ. ਦੇ ਪ੍ਰਧਾਨ ਸ੍ਰੀ ਅਡਵਾਨੀ ਨੇ ਕਿਹਾ ਕਿ ਧਾਰਮਿਕ ਸਥਾਨਾਂ ਨੂੰ ਪੂਜਾ ਪਾਠ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ ਨਾਕਿ ਧਾਰਮਿਕ ਅਸਥਾਨਾਂ ਨੂੰ ਜੰਗ ਦਾ ਅਖਾੜਾ ਬਣਾ ਦਿੱਤਾ ਜਾਵੇ।

ਗ੍ਰਹਿ ਮੰਤਰੀ ਨੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਭਰੋਸਾ ਦਿੱਤਾ ਕਿ ਅੱਗੇ ਵਾਸਤੇ ਕੰਪਲੈਕਸ ਵਿਚ ਅਜਿਹੇ ਅਨਸਰਾਂ ਨੂੰ ਵੜਨ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਦਹਿਸ਼ਤਗਰਦੀ ਤੋਂ ਬੇਹੱਦ ਤੰਗ ਹਨ।

ਬਰਨਾਲਾ ਵਲੋਂ ਦਹਿਸ਼ਤਗਰਦਾਂ ਦੀ ਨਿੰਦਾ

ਸ਼੍ਰੋਮਣੀ ਅਕਾਲੀ ਦਲ (ਲੌਂ:) ਦੇ ਪ੍ਰਧਾਨ ਤੇ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸਿੱਖ ਇਤਿਹਾਸ ਵਿਚ ਇਹ

ਬਾਕੀ ਪੰਨਾ 2 'ਤੇ

ਪੰਜਾਬੀ ਕਮਿਊਨਿਟੀ ਵਲੋਂ ਬੱਚਿਆਂ ਦੇ ਹਸਪਤਾਲ ਲਈ ਫੰਡ-ਮੁਹਿੰਮ

ਵੈਨਕੂਵਰ — ਬੀ. ਸੀ. ਵਿਚ ਬੱਚਿਆਂ ਦੇ ਹਸਪਤਾਲ ਲਈ ਪੰਜਾਬੀ ਕਮਿਊਨਿਟੀ ਵਲੋਂ ਫੰਡ ਇਕੱਠਾ ਕਰਨ ਵਾਲੀ ਕਮੇਟੀ ਦੀ ਚੇਅਰਮੈਨ ਜੀਵਨ ਉੱਪਲ ਦੀ ਸੂਚਨਾ ਅਨੁਸਾਰ ਪੰਜਾਬੀ ਕਮਿਊਨਿਟੀ ਜੂਨ 4 ਤੇ 5 ਨੂੰ ਫਸਟ ਮੀਰਾਕਲ ਨੈਟਵਰਕ ਟੈਲੀਥੌਨ ਵਿਚ ਹਿੱਸਾ ਲਵੇਗੀ।

ਇਸ ਫੰਡ ਇਕੱਤਰ ਕਰਨ ਲਈ ਮੁਹਿੰਮ ਵਿਚ ਪੰਜਾਬੀ ਕਮਿਊਨਿਟੀ ਵਲੋਂ 50,000 ਡਾਲਰ ਇਕੱਠੇ ਕਰਨ ਦਾ ਟੀਚਾ ਹੈ

ਇਸ ਫੰਡ ਵਿਚ ਦਾਨ ਦੇਣ ਲਈ ਕਈ ਢੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ :

— ਪੰਜਾਬੀ ਮਾਰਕਿਟ (ਮੇਨ ਸਟਰੀਟ), ਫਰੇਜ਼ਰ ਸਟਰੀਟ ਅਤੇ ਵਿਕਟੋਰੀਆ ਡਰਾਈਵ ਉਤੇ ਦੁਕਾਨਾਂ ਵਿਚ ਕੈਨ ਰੱਖ ਦਿਤੇ ਗਏ ਹਨ ਜਿਨ੍ਹਾਂ ਵਿਚ ਤੁਸੀਂ ਇਹ ਸਹਾਇਤਾ ਡਾਲਰਾਂ ਦੇ ਰੂਪ ਵਿਚ ਪਾ ਸਕਦੇ ਹੋ।

— ਫੰਡ ਇਕੱਠਾ ਕਰਨ ਲਈ 22 ਮਈ, 1988 ਨੂੰ ਇੰਡੀਆ ਕਲਚਰ ਸੈਂਟਰ ਵਿਚ ਇਕ ਸਮਾਗਮ ਹੋਇਆ।

— ਪੰਜ ਡਾਲਰ ਜਾਂ ਇਸ ਤੋਂ ਵੱਧ ਦਾਨ ਦੇ ਕੇ ਤੁਸੀਂ ਰਸੀਦ ਪ੍ਰਾਪਤ ਕਰ ਸਕਦੇ ਹੋ। ਇਹ ਰਸੀਦਾਂ ਇਨ੍ਹਾਂ ਥਾਵਾਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ :

ਬੈਂਕ ਆਫ ਮਾਂਟਰੀਅਲ
ਮੇਨ ਸਟਰੀਟ ਤੇ ਮੈਰੀਨ ਡਰਾਈਵ (ਚਰਨਜੀਤ ਸਿੰਘ ਨੂੰ ਮਿਲੋ)
— ਹਿਮਾਲੀਆ ਰੈਸਟੋਰਾਂਟ
— ਅੰਬੀਕਾ ਫੂਡਜ਼

ਸਾਡੀ ਕਮਿਊਨਿਟੀ ਦੇ ਇਕ ਮਾਣਯੋਗ ਵਿਅਕਤੀ ਨੇ ਇਹ ਵਚਨ ਦਿੱਤਾ ਹੈ ਕਿ ਜਿੰਨਾ ਦਾਨ ਕਮਿਊਨਿਟੀ ਇਕੱਠਾ ਕਰੇਗੀ ਉਨਾ ਹੀ ਉਹ ਹੋਰ ਦੇਣਗੇ।

ਬੀਮਾਰ ਬੱਚਿਆਂ ਲਈ ਹਰ ਡਾਲਰ ਦੀ ਅਹਿਮੀਅਤ ਹੈ। ਸਾਰਾ ਫੰਡ ਜ਼ਰੂਰਤਮੰਦ ਬੱਚਿਆਂ ਦੇ ਇਲਾਜ ਲਈ ਸਾਮਾਨ ਅਤੇ ਪ੍ਰੋਗਰਾਮਾਂ ਉਤੇ ਖਰਚ ਹੋਵੇਗਾ।

ਬੀ. ਸੀ. ਦੇ ਬੱਚਿਆਂ ਲਈ ਇਹ ਦਾਨ ਉਨ੍ਹਾਂ ਲਈ ਸਿਹਤਮੰਦ ਹੋਣ ਦੀ ਜ਼ਾਮਨੀ ਬਣੇਗਾ।


You can make a miracle!
Watch us...on June 4 and 5
on VU13 and cable stations
Children's Miracle Network Telethon
British Columbia's
Children's Hospital

ਪੰਨਾ 1 ਦੀ ਬਾਕੀ

ਪਹਿਲੀ ਵਾਰ ਹੋਇਆ ਹੈ ਕਿ ਦਰਬਾਰ ਸਾਹਿਬ ਵਿਚ ਹਥਿਆਰ ਲਿਜਾਏ ਗਏ ਤੇ ਗੰਦਗੀ ਸੁਟੀ ਗਈ। ਉਨ੍ਹਾਂ ਕਿਹਾ ਕਿ ਅੱਜ ਤੱਕ ਇਹ ਕੁਝ ਨਹੀਂ ਸੀ ਵਾਪਰਿਆ। ਸ: ਬਰਨਾਲਾ ਨੇ ਕਿਹਾ ਕਿ ਜੋ ਲੋਕ ਆਪਣੇ ਆਪ ਨੂੰ ਹੀਰੋ ਸਮਝਦੇ ਸਨ, ਫਿਰ ਹੱਥ ਖੜ੍ਹੇ ਕਰਕੇ ਬਾਹਰ ਵੀ ਨਿਕਲ ਗਏ। ਸ: ਬਰਨਾਲਾ ਨੇ ਕਿਹਾ ਕਿ ਇਹ ਲੋਕ ਦਲੀਲ ਦੀ ਬੋਲੀ ਸਮਝਣ ਲਈ ਤਿਆਰ ਨਹੀਂ ਹਨ, ਇਸੇ ਦਾ ਸਿਟਾ ਹੈ ਕਿ ਦੇਸ਼ ਦੀ ਕੋਈ ਵੀ ਪਾਰਟੀ ਤੇ ਦੇਸ਼ ਦਾ ਕੋਈ ਵੀ ਨੇਤਾ ਇਨ੍ਹਾਂ ਨਾਲ ਗੱਲ ਕਰਨ ਲਈ ਤਿਆਰ ਨਹੀਂ।

ਹੱਡੀਆਂ ਦੇ ਢਾਂਚੇ ਮਿਲੇ

ਪਿਛਲੇ ਤਿੰਨ ਦਿਨਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਧਾਲੂ ਹਰਿਮੰਦਰ ਸਾਹਿਬ ਜਾ ਰਹੇ ਹਨ। ਪਰ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਦੇਖਣ ਨੂੰ ਮਿਲਦੇ ਹਨ। ਪੁਲਸ ਹਰ ਸਖਸ਼ ਦੀ ਤਲਾਸ਼ੀ ਲੈ ਕੇ ਅੰਦਰ ਜਾਣ ਦਿੰਦੀ ਹੈ। ਗਿ: ਮੋਹਣ ਸਿੰਘ ਦੀ ਅਗਵਾਈ ਹੇਠ ਦਰਬਾਰ ਸਾਹਿਬ ਨੂੰ ਦੁੱਧ ਨਾਲ ਪਹਿਲਾਂ ਪਵਿੱਤਰ ਕੀਤਾ ਗਿਆ। ਪੁਲਸ ਦੇ ਡਾਇਰੈਕਟਰ ਜਨਰਲ ਸ੍ਰੀ ਗਿੱਲ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਮਲਬੇ ਵਿਚ ਦੋ ਹੱਡੀਆਂ ਦੇ ਢਾਂਚੇ ਮਿਲੇ ਹਨ। ਇਨ੍ਹਾਂ ਵਿਅਕਤੀਆਂ ਨੂੰ ਟਾਰਚਰ ਕਰਕੇ ਮਾਰਨ ਤੋਂ ਪਿਛੋਂ ਇਨ੍ਹਾਂ ਦੀਆਂ ਲਾਸ਼ਾਂ ਕਾਫੀ ਦੇਰ ਪਹਿਲਾਂ ਦਬਾ ਦਿੱਤੀਆਂ ਗਈਆਂ ਸਨ। ਸ੍ਰੀ ਗਿੱਲ ਨੇ ਕਿਹਾ ਕਿ ਹੋਰ ਹੱਡੀਆਂ ਦੇ ਢਾਂਚੇ ਮਿਲਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।

ਮਲਬੇ ਦੀ ਢੁਆਈ ਸ਼ੁਰੂ

ਸ੍ਰੀ ਮੰਜੀ ਸਾਹਿਬ ਤੇ ਲੰਗਰ ਵਿਚਕਾਰ ਪਿਆ ਮਲਬਾ ਵੀ ਚੁਕਿਆ ਜਾਣਾ ਸ਼ੁਰੂ ਹੋ ਗਿਆ ਹੈ। ਇਹ ਮਲਬਾ ਉਸ ਇਮਾਰਤ ਦਾ ਹੈ ਜੋ 1984 ਦੇ ਹਮਲੇ ਪਿਛੋਂ ਨਿਹੰਗ ਆਗੂ ਸੰਤਾ ਸਿੰਘ ਨੇ ਬਣਵਾਇਆ ਸੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਨੂੰ ਢਾਹ ਕੇ ਸ੍ਰੀ ਅਕਾਲ ਤਖਤ ਦੀ ਨਵੀਂ ਬਿਲਡਿੰਗ ਦੀ ਉਸਾਰੀ ਦਮਦਮੀ ਟਕਸਾਲ ਦੇ ਮੁੱਖੀ ਬਾਬਾ ਠਾਕਰ ਸਿੰਘ ਨੂੰ ਸੰਭਾਲ ਦਿੱਤੀ ਸੀ। ਇਸ ਮਲਬੇ ਨੂੰ ਢੋਣ ਵਿਚ ਅੰਮ੍ਰਿਤਸਰ ਦੀ ਮਿਊਂਸਪੈਲਟੀ ਦੇ ਕਰਮਚਾਰੀ ਲੱਗੇ ਹੋਏ ਹਨ।

ਜਲੰਧਰ-ਕਪੂਰਥਲਾ ਹੱਦ ਤੇ ਗੋਲੀ

ਦਹਿਸ਼ਤਗਰਦਾਂ ਅਤੇ ਪੁਲਸ ਵਿਚਕਾਰ ਜਲੰਧਰ ਤੇ ਕਪੂਰਥਲਾ ਦੀ ਹੱਦ ਉਤੇ ਪੈਂਦੇ ਪਿੰਡ ਮੋਠਾਂਵਾਲੀ ਵਿਚ ਇਕ ਜ਼ਬਰਦਸਤ ਝੜਪ ਕਈ ਘੰਟੇ ਜਾਰੀ ਰਹੀ ਜਿਸ ਵਿਚ ਤਿੰਨ ਦਹਿਸ਼ਤਗਰਦ ਮਾਰੇ ਗਏ ਅਤੇ ਪੁਲਸ ਦੇ ਪੰਜ ਜਵਾਨ ਵੀ ਫੱਟੜ ਹੋਏ। ਰੋਪੜ ਵਿਚ ਲੰਗੋਰੀ ਪਿੰਡ ਦੇ ਸਰਪੰਚ ਕੁਲਵੰਤ ਸਿੰਘ ਦਾ ਕਤਲ ਕਰ ਦਿਤਾ ਗਿਆ। ਸੀ. ਪੀ. ਐਮ. ਪਾਰਟੀ ਨਾਲ ਸਬੰਧਤ ਸਰਪੰਚ ਮਲਕੀਤ ਚੰਦ ਫਗਵਾੜਾ-ਬੰਗਾ ਰੋਡ ਉਤੇ ਦਹਿਸ਼ਤਗਰਦਾਂ ਦੀ ਗੋਲੀ ਦਾ ਸ਼ਿਕਾਰ ਹੋਇਆ। ਅੰਮ੍ਰਿਤਸਰ ਵਿਚ ਇਕ ਪ੍ਰਵਾਰ ਦੇ ਤਿੰਨ ਜੀਅ ਅਤੇ ਇਕ ਹੋਰ ਵਿਅਕਤੀ ਦਹਿਸ਼ਤਗਰਦਾਂ ਹੱਥੋਂ ਮਾਰੇ ਗਏ। 4 ਵਿਅਕਤੀ ਕਪੂਰਥਲੇ ਜ਼ਿਲੇ ਵਿਚ ਮਾਰੇ ਗਏ।

ਕੰਪਲੈਕਸ ਵਿਚੋਂ ਫੜੇ 190 ਵਿਅਕਤੀ ਚਾਰਜ

4 ਦਹਿਸ਼ਤਗਰਦਾਂ ਸਮੇਤ 19 ਹਲਾਕ

ਚੰਡੀਗੜ੍ਹ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਹਰਿਮੰਦਰ ਕੰਪਲੈਕਸ ਵਿਚੋਂ ਫੜੇ ਗਏ ਵਿਅਕਤੀਆਂ ਵਿਚ 73 ਦਹਿਸ਼ਤਗਰਦ ਸ਼ਾਮਲ ਹਨ ਜਿਨ੍ਹਾਂ ਉਤੇ ਵੱਖ ਵੱਖ ਧਾਰਾਵਾਂ ਅਨੁਸਾਰ ਕੇਸ ਦਰਜ ਕਰ ਲਏ ਗਏ ਹਨ। ਆਤਮ-ਸਮਰਪਣ ਕਰਨ ਵਾਲੇ ਇਨ੍ਹਾਂ ਵਿਅਕਤੀਆਂ ਦੀ ਪੁਛਗਿਛ ਦੌਰਾਨ ਅਜਿਹੇ ਸੁਰਾਖ ਮਿਲੇ ਦੱਸੇ ਜਾਂਦੇ ਹਨ ਜਿਨ੍ਹਾਂ ਦੇ ਆਧਾਰ ਉਤੇ ਪੁਲਸ ਇਸ ਸਮੇਂ ਛਾਪੇ ਮਾਰ ਰਹੀ ਹੈ।

ਦਹਿਸ਼ਤਗਰਦਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਨਾਹ ਦੇਣ ਵਾਲੇ 42 ਵਿਅਕਤੀ ਵੀ ਗ੍ਰਿਫਤਾਰ ਕਰ ਲਏ ਗਏ ਹਨ। ਪੁਲਸ ਸੂਤਰਾਂ ਅਨੁਸਾਰ ਹਰਿਮੰਦਰ ਕੰਪਲੈਕਸ ਵਿਚੋਂ 'ਬੱਬਰ ਖਾਲਸਾ' ਜਥੇਬੰਦੀ ਦਾ ਕੋਈ ਵੀ ਵਿਅਕਤੀ ਗ੍ਰਿਫਤਾਰ ਨਹੀਂ ਹੋ ਸਕਿਆ। ਸੂਤਰਾਂ ਦਾ ਕਹਿਣਾ ਕਿ ਇਹ ਜਥੇਬੰਦੀ ਬੰਬ ਬਨਾਉਣ ਦੀ ਮਾਹਿਰ ਗਿਣੀ ਜਾਂਦੀ ਹੈ। ਤੇ ਇਸ ਜਥੇਬੰਦੀ ਦੇ ਕਾਰਕੁਨ ਪੁਲਸ ਲਈ ਸਿਰਦਰਦੀ ਬਣੇ ਹੋਏ ਹਨ।

ਪ੍ਰਵਾਰ ਦੇ 9 ਜੀਅ ਬਚੇ

ਅੰਮ੍ਰਿਤਸਰ ਜ਼ਿਲੇ ਦੇ ਪਿੰਡ ਕੈਂਬੋਵਾਲ ਵਿਚ 6 ਦਹਿਸ਼ਤਗਰਦਾਂ ਨੇ ਮਹਿੰਦਰਪਾਲ ਨਾਂ ਦੇ ਵਿਅਕਤੀ ਦੇ ਘਰ ਹਮਲਾ ਕਰਕੇ ਮਹਿੰਦਰਪਾਲ ਨੂੰ ਹਲਾਕ ਕਰ ਦਿੱਤਾ ਅਤੇ ਉਸਦੇ ਪ੍ਰਵਾਰ ਦੇ 9 ਜੀਆਂ ਨੂੰ ਕਮਰੇ ਅੰਦਰ ਬੰਦ ਕਰਕੇ ਕਮਰੇ ਨੂੰ ਅੱਗ ਲਾ ਦਿੱਤੀ। ਗੋਲੀਆਂ ਦਾ ਖੜਾਕ ਸੁਣ ਕੇ ਪੁਲਸ ਦੀ ਗਸ਼ਤੀ ਪਾਰਟੀ ਮੌਕੇ ਉਤੇ ਪਹੁੰਚ ਗਈ ਜਿਸਨੇ ਪ੍ਰਵਾਰ ਦੇ 9 ਜੀਆਂ ਨੂੰ ਸੜਨੋਂ ਬਚਾਅ ਲਿਆ।

ਸਮਾਨੇ ਵਿਚ ਕਰਫੀਊ ਜਾਰੀ

ਪਟਿਆਲਾ ਜ਼ਿਲੇ ਦੇ ਕਸਬੇ ਸਮਾਨਾ ਵਿਚ ਅਜੇ ਕਰਫੀਊ ਜਾਰੀ ਹੈ ਦਹਿਸ਼ਤਗਰਦਾਂ ਨੇ 17 ਮਈ ਨੂੰ ਇਥੇ 18 ਵਿਅਕਤੀ ਹਲਾਕ ਕਰ ਦਿੱਤੇ ਸਨ। ਸ਼ਹਿਰ ਵਿਚ ਤਣਾਅ ਉਸੇ ਤਰ੍ਹਾਂ ਬਣਿਆ ਹੋਇਆ ਹੈ।

4 ਦਹਿਸ਼ਤਗਰਦ ਹਲਾਕ

ਪਿਛਲੇ ਦਿਨ ਫਰੀਦਕੋਟ ਤੇ ਬਠਿੰਡਾ ਵਿਚ 4 ਖੂਨੀ ਦਹਿਸ਼ਤਗਰਦ ਮਾਰੇ ਗਏ ਜਿਨ੍ਹਾਂ ਵਿਚ ਇਕ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਗਰੁਪ ਲੀਡਰ ਗੁਰਦਿਤ ਸਿੰਘ ਤੇ ਦੂਜਾ ਏਰੀਆ ਕਮਾਂਡਰ ਚਮਕੌਰ ਸਿੰਘ ਸ਼ਾਮਲ ਸਨ। 6 ਅਜਿਹੇ ਦਹਿਸ਼ਤਗਰਦ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਕੋਲੋਂ ਭਾਰੀ ਮਾਤਰਾ ਵਿਚ ਅਸਲਾ ਫੜਿਆ ਗਿਆ। ਤਰਨਤਾਰਨ ਸਿੰਘ ਇਕ ਪੁਲਸ ਦਾ ਏ ਐਸ ਆਈ ਬਲਜੀਤ ਸਿੰਘ ਤੇ ਇਕ ਸਿਪਾਹੀ ਦਰਸ਼ਨ ਸਿੰਘ ਮਾਰਿਆ ਗਿਆ। ਜਲੰਧਰ ਵਿਚ ਨਕੋਦਰ ਨੇੜੇ ਧਾਲੀਵਾਲ ਵਿਚ ਰਾਮਮੂਰਤੀ ਦੇ ਘਰ ਉਤੇ ਹਮਲਾ ਕਰਕੇ ਦਹਿਸ਼ਤਗਰਦਾਂ ਨੇ ਪ੍ਰਵਾਰ ਦੇ ਛੇ ਮੈਂਬਰ ਹਲਾਕ ਕਰ ਦਿੱਤੇ ਜਿਨ੍ਹਾਂ ਵਿਚ ਤਿੰਨ ਔਰਤਾਂ ਤੇ ਇਕ ਬੱਚਾ ਵੀ ਸ਼ਾਮਲ ਸੀ। ਗੁਰਦਾਸਪੁਰ ਦੇ ਧਾਰੀਵਾਲ ਕਸਬੇ ਵਿਚ ਇਕ ਪਸ਼ੂਆਂ ਦੇ ਡਾਕਟਰ ਦਾ ਕਤਲ ਕਰ ਦਿੱਤਾ ਗਿਆ। ਲੁਧਿਆਣਾ ਤੇ ਹੁਸ਼ਿਆਰਪੁਰ ਤੇਜ਼ ਹਥਿਆਰਾਂ ਨਾਲ ਮਾਰੇ ਵਿਅਕਤੀਆਂ ਦੀਆਂ ਦੋ ਲਾਸ਼ਾਂ ਮਿਲੀਆਂ।

ਆਸਾਮ ਵਿਚ ਹੜ੍ਹਾਂ ਨਾਲ ਤਬਾਹੀ — ਫੌਜ ਬੁਲਾ ਲਈ ਗਈ

ਗੁਹਾਟੀ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਦਰਿਆ ਬ੍ਰਹਮਪੁੱਤਰ ਵਿਚ ਹੜ੍ਹ ਆਉਣ ਨਾਲ 13 ਵਿਅਕਤੀ ਮਾਰੇ ਗਏ ਹਨ ਤੇ ਸੈਂਕੜੇ ਲਾਪਤਾ ਹਨ। ਭਾਰੀ ਬਾਰਸ਼ ਕਾਰਨ ਪੁਲ ਟੁੱਟ ਗਏ ਹਨ ਅਤੇ ਬਿਲਡਿੰਗਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸ਼ੀਲਾਂਗ ਵਿਚ 500 ਮਿਲੀਮੀਟਰ ਬਰਖਾ ਹੋ ਚੁਕੀ ਹੈ।

ਆਸਾਮ ਸਰਕਾਰ ਨੇ ਫੌਜ ਬੁਲਾਕੇ ਲੋਕਾਂ ਨੂੰ ਬਚਾਉਣ ਦਾ ਕੰਮ ਉਸਦੇ ਸੁਪਰਦ ਕਰ ਦਿੱਤਾ ਹੈ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

ਹਿਜ਼ਰਤ ਕਰਕੇ ਆਏ ਪ੍ਰਵਾਰਾਂ ਨੂੰ ਸਰਕਾਰੀ ਮੱਦਦ ਦੇ ਦਾਅਵੇ ਝੂਠੇ ਤੇ ਬੇਬੁਨਿਆਦ

ਜਲੰਧਰ — ਪੰਜਾਬ ਦੇ ਦਹਿਸ਼ਤਗਰਦੀ ਦੀ ਮਾਰ ਹੇਠਲੇ ਇਲਾਕਿਆਂ ਵਿਚੋਂ ਹਿਜ਼ਰਤ ਕਰਕੇ ਆਏ ਪ੍ਰਵਾਰ ਬੁਰੀ ਤਰ੍ਹਾਂ ਸ਼ਰਨਾਰਥੀ ਕੈਂਪਾਂ ਵਿਚ ਬੁਰੀ ਤਰ੍ਹਾਂ ਭਟਕ ਰਹੇ ਹਨ । ਉਹਨਾਂ ਦੀ ਹਾਲਤ ਬਹੁਤ ਤਰਸਯੋਗ ਤੇ ਦਰਦਨਾਕ ਹੈ । ਸਰਕਾਰ ਵਲੋਂ ਉਹਨਾਂ ਨੂੰ ਰਾਹਤ ਪਹੁੰਚਾਉਣ ਦੇ ਦਾਅਵੇ ਕੇਵਲ ਕਾਗਜ਼ਾਂ ਤਕ ਹੀ ਸੀਮਤ ਹੋ ਕੇ ਰਹਿ ਗਏ ਹਨ ।

ਖਾਲਿਸਤਾਨੀ ਦਹਿਸ਼ਤਗਰਦਾਂ ਦੇ ਵਹਿਸ਼ੀਆਨਾਂ ਹਮਲਿਆਂ ਦਾ ਸ਼ਿਕਾਰ ਹੋਏ ਲਗਭਗ 500 ਹਿੰਦੂ ਪਰਿਵਾਰਾਂ ਨੇ ਆਪਣੇ ਘਰ ਬਾਰ ਛੱਡਕੇ ਪਠਾਨਕੋਟ ਵਿਖੇ ਚੱਕੀ ਦਰਿਆ ਦੇ ਨਜ਼ਦੀਕ ਹਾਉਸਿੰਗ ਬੋਰਡ ਦੀ ਬਣੀ ਹੋਈ ਇਕ ਅਧੂਰੀ ਕਲੋਨੀ ਵਿਚ ਵਾਸ ਕੀਤਾ ਹੋਇਆ ਹੈ। ਇਹ ਸਾਰੇ ਪਰਿਵਾਰ ਮੁਖ ਤੌਰ ਤੇ ਜਿਨਾਂ ਅੰਮ੍ਰਿਤਸਰ ਦੀ ਬਾਬਾ ਬਕਾਲਾ ਸਬਡਵੀਜਨ ਤੋਂ ਅਤੇ ਜ਼ਿਲਾ ਗੁਰਦਾਸਪੁਰ ਦੇ ਦਹਿਸ਼ਤਗਰਦਾਂ ਦੀ ਮਾਰ ਹੇਠਲੇ ਇਲਾਕਿਆਂ ਤੋਂ ਉਜੜ ਕੇ ਆਏ ਹੋਏ ਹਨ ।

ਸਭ ਤੋਂ ਵੱਡੀ ਦੁੱਖ ਵਾਲੀ ਗੱਲ ਇਹ ਹੈ ਕਿ ਇਸ ਕੈਂਪ ਨੂੰ ਸਰਕਾਰੀ ਤੌਰ ਤੇ ਬੀ. ਐਸ. ਐਫ ਦੀ ਇਕ ਸੁਰੱਖਿਆ ਪਿਕਟ ਤੋਂ ਵੱਧ ਹੋਰ ਕੋਈ ਸਹੂਲਤ ਪ੍ਰਾਪਤ ਨਹੀਂ ਹੈ । ਹੈਰਾਨੀ ਵਾਲੀ ਗੱਲ ਇਹ ਹੈ ਕਿ ਦਹਿਸ਼ਤਗਰਦਾਂ ਦੀਆਂ ਲਗਾਤਾਰ ਵਧ ਰਹੀਆਂ ਸਰਗਰਮੀਆਂ ਦੇ ਸਿਟੇ ਵਜੋਂ ਪਰਿਵਾਰਾਂ ਦਾ ਉਜਾੜਾ ਨਿਰੰਤਰ ਵਧ ਰਿਹਾ ਹੈ। ਪਰ ਆਪਣੇ ਘਰਾਂ ਤੋਂ ਹਿਜਰਤ ਕਰਕੇ ਦੂਜੀਆਂ ਥਾਵਾਂ ਤੇ ਜਾ ਰਹੇ ਇਹਨਾਂ ਦੁਖੀ ਪਰਿਵਾਰਾਂ ਪ੍ਰਤੀ ਸਰਕਾਰ ਫੋਜੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ ਕਰ ਰਹੀ । ਪਠਾਨਕੋਟ ਦੇ ਇਸ ਕੈਂਪ ਵਿਚ ਜਾ ਕੇ ਸਰਕਾਰ ਦੇ ਦਾਅਵਿਆਂ ਦੀ ਪੋਲ ਬੁਰੀ ਤਰ੍ਹਾਂ ਖੁਲ੍ਹ ਜਾਂਦੀ ਹੈ । ਇਸ ਸੰਦਰਭ ਵਿਚ ਕੁਝ ਤੱਥ ਵੇਖਣ ਯੋਗ ਹਨ

1. ਇਸ ਕੈਂਪ ਨੂੰ ਬਣਿਆ ਲਗਪਗ ਦੋ ਸਾਲ ਹੋ ਗਏ ਹਨ ਮਾਰਚ 1986 ਤੋਂ ਪਹਿਲਾਂ ਏਥੇ ਤਕਰੀਬਨ 150 ਪਰਿਵਾਰ ਸਨ ਪਰ ਹੁਣ 500 ਪਰਿਵਾਰ ਹਨ । ਅਜ ਤੱਕ ਏਥੇ ਕਿਸੇ ਸਰਕਾਰੀ ਅਧਿਕਾਰੀ ਦੀ ਡਿਊਟੀ ਨਹੀਂ ਲਾਈ ਗਈ ਜਿਹੜਾ ਕਿ ਆਏ ਪ੍ਰਵਾਰਾਂ ਦੇ ਵੇਰਵੇ ਇਕੱਠੇ ਕਰਕੇ ਉਹਨਾਂ ਨੂੰ ਰਾਹਤ ਪਹੁੰਚਾਉਣ ਲਈ ਜ਼ਿਮੇਵਾਰ ਹੋਵੇ । ਅਸਲ ਵਿਚ ਸਰਕਾਰ ਦੇ ਕਾਗਜ਼ਾਂ ਵਿਚ ਇਹ ਕੈਂਪ ਹੈ ਹੀ ਨਹੀਂ । ਉਜਾੜੇ ਦਾ ਸ਼ਿਕਾਰ ਹੋਏ ਪਰਿਵਾਰਾਂ ਨੇ ਹਾਊਸਿੰਗ ਬੋਰਡ ਦੇ ਅੱਧ ਬਣੇ ਮਕਾਨਾਂ ਵਿਚ ਵਾਸ ਕੀਤਾ ਹੋਇਆ ਹੈ ਅਤੇ ਅਗੋਂ ਮੁਸੀਬਤ ਦੇ ਮਾਰੇ ਲੋਕ ਹਰ ਆਏ ਦਿਨ ਏਥੇ ਹੀ ਇਸ ਆਸ ਨਾਲ ਇਕੱਠੇ ਹੋਏ ਜਾ ਰਹੇ ਹਨ ਕਿ ਸ਼ਾਇਦ ਇਸ ਕੇਂਦਰ ਤੇ ਉਹਨਾਂ ਦੀ ਸਹਾਇਤਾ ਲਈ ਸਰਕਾਰ ਵਲੋਂ ਕੋਈ ਯੋਜਨਾਵੱਧ ਕਦਮ ਪੁਟਿਆ ਜਾਵੇਗਾ । ਪਰ ਉਹਨਾਂ ਦੀਆਂ ਇਹਨਾਂ ਆਸ਼ਾਵਾਂ ਨੂੰ ਅਜੇ ਤੱਕ ਤਾਂ ਫਲ ਪੈਂਦਾ ਨਜ਼ਰ ਨਹੀਂ ਆਉਂਦਾ ।

2. ਕੈਂਪ ਵਿਚ 500 ਪ੍ਰਵਾਰ ਹਨ, ਜਿਹਨਾਂ ਵਿਚੋਂ ਲਗਭਗ 380 ਪ੍ਰੀਵਾਰ ਅੱਧ ਬਣੇ ਮਕਾਨਾਂ ਵਿਚ ਜਾਂ ਉਹਨਾਂ ਦੀਆਂ ਪੌੜ੍ਹੀਆਂ ਦੇ ਥੱਲੇ ਸਿਰ ਲਕੋਈ ਬੈਠੇ ਹਨ । ਮਕਾਨਾਂ ਦੀ ਗਿਣਤੀ 200 ਦੇ ਕਰੀਬ ਹੈ ਅਤੇ ਇਕ ਇਕ ਸੈਟ ਵਿਚ ਦੋ ਦੋ ਪਰਵਾਰ ਰਹਿ ਰਹੇ ਹਨ, 50 ਪਰਿਵਾਰ ਤੰਬੂਆਂ ਵਿਚ ਹਨ ਜਦੋਂ ਕਿ 70 ਪਰਿਵਾਰ ਅਜੇ ਤਕ ਨੀਲੀ ਛੱਤ ਹੇਠ ਹੀ ਆਪਣਾ ਸਮਾਨ ਮੰਜੇ, ਪੇਟੀਆਂ, ਕਪੜੇ ਭਾਂਡੇ ਆਦਿ ਰਖੀ ਬੈਠੇ ਹਨ। ਤੇਜ ਧੁੱਪ ਤੋਂ ਬਚਣ ਲਈ ਉਹ ਮੰਜੇ ਜੋੜਕੇ ਉਪਰ ਕੱਪੜੇ ਪਾਕੇ ਆਪਣੇ ਬੋਟਾਂ ਲਈ ਛਾਂ ਦਾ ਪ੍ਰਬੰਧ ਕਰਦੇ ਹਨ ।

3. ਹਾਊਸਿੰਗ ਬੋਰਡ ਦੇ ਇਹਨਾਂ ਕੁਆਟਰਾਂ ਵਿਚ ਪਾਣੀ ਦਾ ਪ੍ਰਬੰਧ ਤਾਂ ਹੈ ਪਰ ਟੂਟੀਆਂ ਕੈਂਪ ਵਾਸੀਆਂ ਨੇ ਆਪ ਪੈਸੇ ਇਕੱਠੇ ਕਰਕੇ ਲਾਈਆਂ ਹਨ। ਏਸੇ ਤਰ੍ਹਾਂ ਬਿਜਲੀ ਦੀ ਫਿਟਿੰਗ ਤਾਂ ਮਾੜੀ ਮੋਟੀ ਹੈ ਪਰ ਕੁਨੈਕਸ਼ਨ ਆਦਿ ਲਈ ਤਾਰ ਦਾ ਪ੍ਰਬੰਧ ਕੈਂਪ ਵਾਸੀਆਂ ਨੇ ਅਤੇ ਕੁਝ ਸਮਾਜ ਸੇਵੀ ਸੰਸਥਾਵਾਂ ਨੇ ਆਪ ਕੀਤਾ ਹੈ। ਸੀਵਰੇਜ ਦੇ ਸਾਰੇ ਗਟਰ ਪੂਰੇ ਦੇ ਪੂਰੇ ਖੁਲ੍ਹੇ ਹਨ। ਭਾਵ ਕਵਰ ਤੋਂ ਬਿਨਾਂ ਹਨ । ਜਿਹਨਾਂ ਵਿਚ ਬੱਚਿਆਂ ਦੇ ਡਿੱਗ ਪੈਣ ਦੀਆਂ ਕਈ ਘਟਨਾਵਾਂ ਹੋ ਚੁਕੀਆਂ ਹਨ । ਹਾਊਸਿੰਗ ਬੋਰਡ ਦੇ ਸਟੋਰ ਵਿਚ ਕਵਰ ਤਾਂ ਹਨ ਪਰ ਉਹ ਗਟਰਾਂ ਦਾ ਮੂੰਹ ਬੰਦ ਕਰਨ ਲਈ ਤਿਆਰ ਨਹੀਂ ਹਨ । ਉਹਨਾਂ ਅਧਿਕਾਰੀਆਂ ਨੇ ਤਾਂ ਉਲਟਾ ਇਹ ਕੁਆਟਰ ਖਾਲੀ ਕਰਾਉਣ ਦੇ ਇਕ ਦੋ ਵਾਰ ਯਤਨ ਕੀਤੇ ਹਨ ਅਤੇ ਇਸ ਤਰ੍ਹਾਂ ਦੁਖੀ ਪਰਿਵਾਰਾਂ ਨੂੰ ਵਧੇਰੇ ਦੁਖੀ ਕਰਨ ਦੇ ਯਤਨ ਕੀਤੇ ਹਨ ।

ਸਮੁੱਚੇ ਤੌਰ ਤੇ ਹੀ ਸਫਾਈ ਆਦਿ ਦਾ ਉਕਾ ਹੀ ਕੋਈ ਪ੍ਰਬੰਧ ਨਹੀਂ ਹੈ ਅਤੇ ਕੈਂਪ ਦੇ ਅੰਦਰ ਅਤੇ ਆਲੇ-ਦੁਆਲੇ ਗੰਦ ਹੀ ਗੰਦ ਹੈ ਜਿਥੇ ਮੱਖੀਆਂ ਅਤੇ ਮੱਛਰਾਂ ਦਾ ਸਾਮਰਾਜ ਹੈ ।

4. ਕੈਂਪ ਵਿਚ ਜਾ ਕੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਹਿਜਰਤ ਕਰਨ ਵਾਲਿਆਂ ਲਈ ਸਰਕਾਰੀ ਸਹਾਇਤਾ ਦਾ ਢੰਡੋਰਾ ਨਿਰਾ ਫਰਾਡ ਹੈ । ਬਹੁਤ ਥੋੜੇ ਪਰਿਵਾਰ ਹਨ ਜਿਹਨਾਂ ਨੂੰ 2500 ਰੁ: ਦੀ ਗਰਾਂਟ ਦੇ ਚੈਕ ਮਿਲੇ ਹਨ । ਬਾਕੀਆਂ ਦੀ ਵੈਰੀਫੀਕੇਸ਼ਨ ਹੀ ਹੋਕੇ ਨਹੀਂ ਆ ਰਹੀ । ਕੈਂਪ ਵਿਚਲੇ ਕੁਝ ਉਦਮੀ ਸਾਥੀਆਂ ਨੇ ਵਾਰ ਵਾਰ ਐਸ ਡੀ ਐਮ ਨੂੰ ਪਰਿਵਾਰਾਂ ਦੀਆਂ ਸੂਚੀਆਂ ਬਣਾ ਕੇ ਦਿੱਤੀਆਂ ਹਨ ਅਤੇ ਲੋੜੀਂਦੇ ਫਾਰਮ ਭਰ ਕੇ ਦਿੱਤੇ ਹਨ ਪਰ ਉਹਨਾਂ ਦੀ ਵੈਰੀਫੀਕੇਸ਼ਨ ਹੀ ਹੋ ਕੇ ਨਹੀਂ ਆਉਂਦੀ । ਘੁਮਾਣ ਤੋਂ ਉਜੜ ਕੇ ਆਏ ਦੀਵਾਨ ਚੰਦ ਨੇ ਦੱਸਿਆ ਕਿ ਵੈਰੀਫੀਕੇਸ਼ਨ ਸੰਬੰਧਤ ਕਰਮਚਾਰੀ ਸੰਬੰਧਤ ਪਿੰਡਾਂ ਵਿਚ ਜਾ ਕੇ ਨਹੀਂ ਕਰਦੇ ਕਿਉਂਕਿ ਉਹਨਾਂ ਨੂੰ ਅਤਿਵਾਦੀ ਇਉਂ ਧਮਕੀਆਂ ਦਿੰਦੇ ਹਨ ਕਿ ਤੁਸੀਂ ਇਹਨਾਂ ਦੀ ਰਿਪੋਰਟ ਨਹੀਂ ਕਰਨੀ । ਇਸ ਲਈ ਬਹੁਤੀਆਂ ਹਾਲਤਾਂ ਵਿਚ ਕਰਮਚਾਰੀ ਸ਼ਹਿਰਾਂ ਵਿਚ ਬੈਠੇ ਹੀ ਇਹ ਲਿਖਕੇ ਭੇਜ ਦਿੰਦੇ ਹਨ ਕਿ ਸੰਬੰਧਤ ਨਾਂਅ ਦਾ ਪਰਿਵਾਰ ਉਸ ਪਿੰਡ ਵਿਚ ਕੋਈ ਨਹੀਂ ਹੈ । ਇਸ ਤਰ੍ਹਾਂ ਫਰਵਰੀ ਤੋਂ ਕੈਂਪ ਵਿਚ ਬੈਠੇ ਪਰਿਵਾਰਾਂ ਨੂੰ ਅਜ ਤੱਕ ਇਕ ਪੈਸਾ ਨਹੀਂ ਮਿਲ ਸਕਿਆ । ਬੁਡਾਲਾ ਤੋਂ (ਅੰਮ੍ਰਿਤਸਰ) 35 ਪਰਿਵਾਰ 18 ਫਰਵਰੀ 1988 ਤੋਂ ਆਏ ਬੈਠੇ ਹਨ, ਉਹਨਾਂ ਨੂੰ ਅਜ ਤੱਕ ਕੋਈ ਸਹਾਇਤਾ ਨਹੀਂ ਮਿਲੀ । ਇਹਨਾਂ ਪਰਿਵਾਰਾਂ ਵਿਚੋਂ ਇਕ ਪਰਿਵਾਰ ਦੇ ਮੁਖੀ ਪਿਆਰੇ ਲਾਲ ਨੇ ਦੱਸਿਆ ਕਿ ਉਹਨਾਂ ਦੀ ਬੁਡਾਲੇ ਵਿਚ ਟੈਲੀਵੀਜ਼ਨ ਦੀ ਦੁਕਾਨ ਸੀ । ਅੱਜ ਉਹ ਪੂਰੀ ਤਰ੍ਹਾਂ ਬੇਰੁਜ਼ਗਾਰ ਅਤੇ ਬੇਸਹਾਰਾ ਹੈ। ਉਸ ਦੇ ਚਾਚਾ ਜੀ ਸ੍ਰੀ ਮੋਹਨ ਲਾਲ ਨੂੰ 16 ਫਰਵਰੀ ਨੂੰ ਦਹਿਸ਼ਤਗਰਦਾਂ ਨੇ ਗੋਲੀ ਮਾਰ ਦਿੱਤੀ ਸੀ । ਇਸ ਲਈ ਅਗਲੇ ਹੀ ਦਿਨ ਹਿੰਦੂਆਂ ਦੇ 35 ਪਰਿਵਾਰ ਆਪਣੀਆਂ ਜਾਨਾਂ ਬਚਾਉਣ ਲਈ ਇਥੇ ਆ ਗਏ ।

ਚਾਚੋਵਾਲੀ (ਗੁਰਦਾਸਪੁਰ) ਦਾ ਵਿਸ਼ਵਾਮਿਤਰ ਆਪਣੇ ਦੋ ਪੁੱਤਰਾਂ ਦੇ ਪ੍ਰਵਾਰਾਂ ਸਮੇਤ 12 ਅਪ੍ਰੈਲ ਤੋਂ ਏਥੇ ਹੈ। ਉਸ ਦੇ ਪਰਿਵਾਰ ਦੇ 12 ਜੀਅ ਹਨ ਪਰ ਸਰਕਾਰ ਵਲੋਂ ਕੋਈ ਸਹਾਇਤਾ ਨਹੀਂ ਹੈ ।

→

ਅੰਮ੍ਰਿਤਸਰ ਦੀਆਂ ਘਟਨਾਵਾਂ

9 ਮਈ ਤੋਂ 18 ਮਈ ਤੱਕ ਜੋ ਘਟਨਾਵਾਂ ਹਰਿਮੰਦਰ ਕੰਪਲੈਕਸ ਵਿਚ ਵਾਪਰੀਆਂ ਹਨ, ਉਹ ਦੁਖਦਾਈ ਹੋਣ ਦੇ ਨਾਲ ਨਾਲ ਅਜਿਹੇ ਪ੍ਰਸ਼ਨ ਵੀ ਖੜ੍ਹੇ ਕਰਦੀਆਂ ਹਨ ਜਿਨ੍ਹਾਂ ਦੇ ਉਤਰ ਸਿੱਖ ਕਮਿਊਨਿਟੀ ਨੂੰ ਅੱਜ ਜਾਂ ਭਲਕ ਲੱਭਣੇ ਪੈਣੇ ਹਨ । ਗੁਰਦੁਆਰਿਆਂ ਦੀ ਸੰਭਾਲ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਸੀ ਪਰ 1984 ਤੋਂ ਇਹ ਕਮੇਟੀ, ਜਿਸਦਾ ਸਿੱਖ ਹਲਕਿਆਂ ਵਿਚ ਬੇਹੱਦ ਸਤਿਕਾਰ ਸੀ, ਨਾ ਕੇਵਲ ਨਾਂ ਦੀ ਹੀ ਸੰਸਥਾ ਰਹਿ ਗਈ ਸਗੋਂ ਆਪਣਾ ਵਕਾਰ ਵੀ ਗੁਆ ਬੈਠੀ। ਗੁਰਦੁਆਰਿਆਂ ਦਾ ਪ੍ਰਬੰਧ ਤਾਂ ਇਕ ਪਾਸੇ ਰਿਹਾ, ਇਸ ਲਈ ਹਰਿਮੰਦਰ ਕੰਪਲੈਕਸ ਦੇ ਅੰਦਰ ਮੀਟਿੰਗਾਂ ਕਰਨਾ ਵੀ ਦੁਸ਼ਵਾਰ ਹੋ ਗਿਆ । ਕਦੇ ਆਨੰਦਪੁਰ ਸਾਹਿਬ, ਕਦੇ ਚੰਡੀਗੜ੍ਹ, ਕਦੇ ਲੁਧਿਆਣੇ ਇਹ ਮੀਟਿੰਗਾਂ ਕਰਦੇ ਰਹੇ । ਇਸ ਦੁਸ਼ਵਾਰੀ ਦਾ ਮੁੱਖ ਕਾਰਨ ਜਿਥੇ ਇਸਦੇ ਮੈਂਬਰਾਂ ਦਾ ਦੋ ਧੜਿਆਂ ਵਿਚ ਵੰਡੇ ਜਾਣਾ ਸੀ ਉਥੇ ਅਖੌਤੀ ਪੰਥਕ ਕਮੇਟੀ ਜਿਸਦਾ ਕੋਈ ਆਧਾਰ ਮੌਜੂਦ ਨਹੀਂ ਨਾ ਕੇਵਲ ਇਸਦੇ ਮੈਂਬਰਾਂ ਨੂੰ ਹੀ ਯਰਕਾਉਂਦੀ ਰਹੀ ਸਗੋਂ ਕੰਪਲੈਕਸ ਉਤੇ ਕਬਜ਼ਾ ਕਰਕੇ ਗੋਲਕਾਂ ਵੀ ਹਥਿਆ ਲਈਆਂ ਗਈਆਂ । ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਭਜਾ ਦਿੱਤੇ ਗਏ ।

ਸਿੱਖ ਹਲਕਿਆਂ ਵਿਚ ਤਖਤਾਂ ਦੇ ਜਥੇਦਾਰਾਂ ਦਾ ਬੇਹੱਦ ਸਤਿਕਾਰ ਰਿਹਾ ਹੈ, ਇਨ੍ਹਾਂ ਦੀਆਂ ਨਿਯੁਕਤੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਹੁੰਦੀਆਂ ਸਨ ਪਰ ਪਿਛਲੇ ਚਾਰ ਸਾਲ ਤੋਂ ਇਨ੍ਹਾਂ ਦੇ ਸਤਿਕਾਰ ਤੇ ਸਨਮਾਨ ਨੂੰ ਵੀ ਬੇਹੱਦ ਧੱਕਾ ਲੱਗਾ ਹੈ ਕਿਉਂਕਿ ਇਹ ਨਿਯੁਕਤੀਆਂ ਸਿੱਖ ਜਗਤ ਵਲੋਂ ਨਹੀਂ ਸਗੋਂ ਮੁੱਠੀ ਭਰ ਲੋਕਾਂ ਨੇ ਬੰਦੂਕਾਂ ਦੇ ਜ਼ੋਰ ਨਾਲ ਕੀਤੀਆਂ ਹਨ । ਹੈਰਾਨੀ ਦੀ ਗੱਲ ਇਹ ਹੈ ਕਿ ਇਹ ਲੋਕ ਆਪ ਹੀ ਨਿਯੁਕਤੀਆਂ ਕਰਦੇ ਰਹੇ ਹਨ ਅਤੇ ਆਪ ਹੀ ਮੁੜ ਉਨ੍ਹਾਂ ਜਥੇਦਾਰਾਂ ਨੂੰ ਦੋਸ਼ੀ ਠਹਿਰਾਉਂਦੇ ਰਹੇ ਹਨ । ਪ੍ਰੋ: ਦਰਸ਼ਨ ਸਿੰਘ ਦੀ ਨਿਯੁਕਤੀ ਇਨ੍ਹਾਂ ਆਪ ਕੀਤੀ ਤੇ ਮੁੜ ਉਨ੍ਹਾਂ ਨੂੰ ਜ਼ੀਰਕਪੁਰ ਪਹੁੰਚਾ ਦਿੱਤਾ । ਭਾ: ਜਸਬੀਰ ਸਿੰਘ ਦੀ ਨਿਯੁਕਤੀ ਇਨ੍ਹਾਂ ਆਪ ਹੀ ਕੀਤੀ ਤੇ ਹੁਣ ਉਸ ਉਤੇ ਲਗਾਤਾਰ ਦੋਸ਼ ਮੜ੍ਹ ਰਹੇ ਹਨ ।

ਇਹ ਉਪਰੋਕਤ ਘਟਨਾਵਾਂ ਦੇ ਸੰਦਰਭ ਵਿਚ ਅੰਮ੍ਰਿਤਸਰ ਦੀਆਂ ਘਟਨਾਵਾਂ ਅਜਿਹੇ ਲੋਕਾਂ ਦੀ ਦੇਣ ਹਨ ਜੋ ਸਿੱਖ ਵਕਾਰ ਦੇ ਖਾਤਮੇ ਦੇ ਦੋਸ਼ੀ ਹਨ । ਇਹ ਅਜਿਹੇ ਲੋਕ ਹਨ ਜੋ ਬੰਦੂਕਾਂ ਦੇ ਜ਼ੋਰ ਲੋਕਾਂ ਦੇ ਕਤਲ ਕਰ ਰਹੇ ਹਨ, ਪ੍ਰਵਾਰਾਂ ਦੇ ਪ੍ਰਵਾਰ ਖਤਮ ਕਰ ਰਹੇ ਹਨ, ਸੁੱਚੀਆਂ ਕਦਰਾਂ ਕੀਮਤਾਂ ਦੇ ਪਹਿਰੇਦਾਰਾਂ ਨੂੰ ਧਮਕੀਆਂ ਦੇ ਰਹੇ ਹਨ, ਲੋਕਾਂ ਨੂੰ ਡਰਾਵੇ ਦੇ ਕੇ ਲੱਖਾਂ ਰੁਪਇਆ ਬਟੋਰ ਰਹੇ ਹਨ, ਬੈਂਕਾਂ ਲੁੱਟ ਰਹੇ ਹਨ ਅਤੇ ਹੁਣ ਨੌਬਤ ਇਥੇ ਤੱਕ ਆ ਗਈ ਹੈ ਕਿ ਕਿਸਾਨੀ ਦੀ ਕਮਰ ਤੋੜਨ ਲਈ ਖੇਤ-ਮਜ਼ਦੂਰਾਂ ਨੂੰ ਕਤਲ ਕਰਕੇ ਪੰਜਾਬ ਵਿਚੋਂ ਭਜਾ ਰਹੇ ਹਨ । ਅਜਿਹੇ ਲੋਕ ਨਾ ਤਾਂ ਪੰਜਾਬ ਦੇ ਹਿਤੂ ਹਨ ਅਤੇ ਨਾ ਹੀ ਸਿੱਖ ਵਕਾਰ ਦੇ ।

ਇਹ ਲੋਕ ਸਾਮਰਾਜੀਆਂ ਦੇ ਗੁਲਾਮ ਹਨ ਤੇ ਉਨ੍ਹਾਂ ਦੀ ਨਾਪਾਕ ਰਾਜਨੀਤੀ ਨੂੰ ਪੰਜਾਬ ਦੇ ਲੋਕਾਂ 'ਤੇ ਮੜ੍ਹ ਰਹੇ ਹਨ । ਇਸ ਦਾ ਇਕ ਸਿੱਟਾ ਇਹ ਵੀ ਨਿਕਲਿਆ ਹੈ ਕਿ ਪੰਜਾਬ ਦੇ ਲੋਕ ਮੁਕੰਮਲ ਤੌਰ ਉਤੇ ਇਨ੍ਹਾਂ ਤੋਂ ਬਦਜ਼ਨ ਹੋ ਚੁਕੇ ਹਨ । ਇਸ ਦਾ ਸਪੱਸ਼ਟ ਸਬੂਤ ਇਹ ਹੈ ਕਿ ਦਸ ਦਿਨ ਗੋਲੀ ਚਲਣ ਦੇ ਬਾਵਜੂਦ ਪੰਜਾਬ ਦੀ ਕਿਸੇ ਰਾਜਨੀਤਕ ਪਾਰਟੀ ਜਾਂ ਪੰਜਾਬ ਦੇ ਆਮ ਲੋਕਾਂ ਨੇ ਅੰਮ੍ਰਿਤਸਰ ਦੀਆਂ ਘਟਨਾਵਾਂ ਪ੍ਰਤੀ ਕੋਈ ਪ੍ਰਤੀਕਿਰਿਆ ਨਹੀਂ ਵਿਖਾਈ । ਕਿਸੇ ਥਾਂ ਕੋਈ ਜਲਸਾ, ਜਲੂਸ ਜਾਂ ਵਿਰੋਧ ਨਹੀਂ ਹੋਇਆ । ਏਥੋਂ ਤੱਕ ਕਿ ਵਿਦੇਸ਼ਾਂ ਵਿਚ ਇਨ੍ਹਾਂ ਦੇ ਗੁਰੂ ਘੰਟਾਲਾਂ ਨੇ ਸਾਹ ਤੱਕ ਵੀ ਨਹੀਂ ਕੱਢਿਆ । ਇਸ ਦਾ ਵੱਡਾ ਕਾਰਨ ਇਹ ਹੈ ਕਿ ਦੇਸ ਅਤੇ ਵਿਦੇਸ਼ ਵਿਚ ਲੋਕ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਹੁਣ ਕੇਵਲ ਨਫਰਤ ਹੀ ਨਹੀਂ ਕਰਨ ਲੱਗੇ ਸਗੋਂ ਇਹ ਵੀ ਸਮਝਣ ਲੱਗ ਪਏ ਹਨ ਕਿ ਇਹ ਲੋਕ ਕੇਂਦਰੀ ਹਕੂਮਤ ਦੇ ਹੱਥਾਂ ਵਿਚ ਖਿਲੌਣੇ ਬਣ ਕੇ ਸਮੁੱਚੇ ਸਿੱਖ ਜਗਤ ਅਤੇ ਪੰਜਾਬੀਆਂ ਦੀ ਹੋਂਦ ਲਈ ਖਤਰਾ ਬਣ ਚੁਕੇ ਹਨ ।

ਦਹਿਸ਼ਤਗਰਦਾਂ ਵਲੋਂ ਇਕੋ ਦਿਨ ਵਿਚ 14 ਕਤਲ

ਪੰਜ ਭਈਏ ਕੰਧ ਨਾਲ ਖੜ੍ਹੇ ਕਰਕੇ ਮਾਰੇ

ਅੰਮ੍ਰਿਤਸਰ — ਪਿਛਲੇ ਦਿਨ 24 ਘੰਟਿਆਂ ਵਿਚ ਦਹਿਸ਼ਤਗਰਦਾਂ ਨੇ 14 ਕਤਲ ਕੀਤੇ ਜਿਨ੍ਹਾਂ ਵਿਚ ਪੰਜ ਭਈਏ ਵੀ ਸ਼ਾਮਲ ਸਨ। ਇਹ ਭਈਏ ਮਜ਼ਦੂਰੀ ਲਈ ਬਿਹਾਰ ਤੋਂ ਆਏ ਹੋਏ ਸਨ। ਇਸ ਜ਼ਿਲੇ ਦੇ ਪਿੰਡ ਛੀਨਾ ਕਰਮ ਸਿੰਘ ਵਿਚ ਇਨ੍ਹਾਂ ਭਈਆਂ ਨੂੰ ਕੰਧ ਨਾਲ ਖੜ੍ਹੇ ਕਰ ਲਿਆ ਗਿਆ ਤੇ ਫਿਰ ਏ. ਕੇ. 47 ਅਸਾਲਟ ਗੰਨਾਂ ਨਾਲ ਛਾਨਣੀ ਕਰ ਦਿੱਤੇ ਗਏ।

→

ਮਾੜੀ ਪੰਨੂਆਂ (ਗੁਰਦਾਸਪੁਰ) 10 ਫਰਵਰੀ ਤੋਂ ਕੈਂਪ ਵਿਚ ਹੈ। ਉਸ ਦੇ ਪੰਜ ਪਰਿਵਾਰ ਦੇ ਪੰਜ ਜੀਅ ਹਨ ਪਰ ਪਟਵਾਰੀ ਨੇ ਪੜਤਾਲ ਰੀਪੋਰਟ ਗਲਤ ਭੇਜ ਦਿੱਤੀ ਹੈ ਜਿਸ ਦੇ ਸਿੱਟੇ ਵਜੋਂ ਕੋਈ ਰਾਹਤ ਨਹੀਂ ਮਿਲੀ। ਉਸ ਦੀ ਆੜ੍ਹਤ ਦੀ ਦੁਕਾਨ ਸੀ ਪਰ ਅਜ ਉਹ ਬਿਲਕੁਲ ਬੇਕਾਰ ਹੈ।

ਕੁਸ਼ਲਿਆ ਦੇਵੀ ਪਿੰਡ ਢੰਡੇ (ਮਜੀਠਾ) ਦੇ ਪਤੀ ਨੂੰ 1986 ਵਿਚ ਦਹਿਸ਼ਤਗਰਦਾਂ ਨੇ ਛਜਲਵੱਡੀ ਵਿਖੇ ਕਤਲ ਕਰ ਦਿੱਤਾ ਸੀ। ਉਸ ਦੇ ਤਿੰਨ ਬੱਚੇ ਹਨ। ਉਸ ਨੂੰ ਅੱਜ ਤੱਕ ਕੋਈ ਸਹਾਇਤਾ ਨਹੀਂ ਮਿਲੀ।

ਸ਼ੋਭਾ ਰਾਣੀ ਪਿੰਡ ਬੇਰੀ (ਹਰਚੋਵਾਲ ਨੇੜੇ) ਦੇ ਪਤੀ ਅਜੀਤ ਰਾਮ ਨੂੰ, ਜਿਹੜਾ ਨਹਿਰ ਮਹਿਕਮੇ ਵਿਚ ਬੇਲਦਾਰ ਸੀ, 30 ਦਸੰਬਰ ਨੂੰ ਕਤਲ ਕੀਤਾ ਗਿਆ ਸੀ। ਇਸ ਵਿਧਵਾ ਦੇ ਵੀ ਤਿੰਨ ਬੱਚੇ ਹਨ। ਪਰ ਸਰਕਾਰ ਵਲੋਂ ਇਸ ਨੂੰ ਵੀ ਇਕ ਪੈਸੇ ਦੀ ਇਮਦਾਦ ਨਹੀਂ ਦਿਤੀ ਗਈ। ਪਿੰਡ ਚੋਧਰੀ ਵਾਲ ਤੋਂ 5 ਪਰਿਵਾਰ ਉਜੜ ਕੇ ਆਏ ਹੋਏ ਹਨ। ਉਹਨਾਂ ਦੀਆਂ ਪੜਤਾਲ ਰੀਪੋਰਟਾਂ ਵੀ ਰੱਦ ਹੋ ਗਈਆਂ ਹਨ। ਇਸ ਲਈ ਉਹਨਾਂ ਨੂੰ ਵੀ ਕੋਈ ਸਹਾਇਤਾ ਨਹੀਂ ਮਿਲੀ। ਇਹਨਾਂ ਵਿਚ ਵੀ ਤਿੰਨ ਵਿਧਵਾਵਾਂ ਹਨ

ਪਿੰਡ ਮੰਡ ਬਾਣਾ ਸ੍ਰੀ ਹਰਗੋਬਿੰਦਪੁਰ ਦੇ ਕਾਮਰੇਡ ਦੇਸ ਰਾਜ ਦੇ ਪਿਤਾ, ਚਾਚਾ ਅਤੇ ਭਰਾ ਕੁਲ ਪੰਜ ਮੈਂਬਰ ਦੋ ਮਾਰਚ ਨੂੰ ਕਤਲ ਕਰ ਦਿੱਤੇ ਗਏ ਸਨ। ਬਾਕੀ ਬਚਦੇ ਜੀਅ ਇਸ ਕੈਂਪ ਵਿਚ ਹਨ। ਪਰ ਸਰਕਾਰੀ ਸਹਾਇਤਾ ਕੋਈ ਨਹੀਂ ਮਿਲੀ। ਇਹੋ ਹਿਰਦੇਵੇਧਕ ਵਿਰਤਾਂਤ ਹੀ ਬਾਕੀ ਬਹੁਤ ਪਰਿਵਾਰਾਂ ਦਾ ਹੈ। ਕੈਂਪ ਵਿਚਲੇ ਸਿਰਫ 150 ਪਰਿਵਾਰਾਂ ਨੂੰ ਅੱਜ ਤਕ 2500 ਰੁ: ਦੇ ਹਿਸਾਬ ਨਾਲ ਸਹਾਇਤਾ ਮਿਲੀ ਹੈ

ਇਨ੍ਹਾਂ ਭਈਆਂ ਉਤੇ ਹਮਲਾ ਕਰਨ ਵਾਲੇ 8 ਦਹਿਸ਼ਤਗਰਦ ਸਨ। ਪਿਛਲੇ ਕਈਆਂ ਦਿਨਾਂ ਤੋਂ ਬਿਹਾਰ ਤੋਂ ਆਏ ਇਨ੍ਹਾਂ ਲੋਕਾਂ ਉਤੇ ਲਗਾਤਾਰ ਹਮਲੇ ਹੋ ਰਹੇ ਹਨ। ਪਿਛਲੇ ਦਿਨੀਂ ਖਰੜ ਲਾਗੇ 30 ਬਿਹਾਰੀ ਮਜ਼ਦੂਰ ਮਾਰਕੇ ਉਨ੍ਹਾਂ ਦੀਆਂ ਝੁਗੀਆਂ ਨੂੰ ਅੱਗ ਲਾ ਦਿੱਤੀ ਗਈ ਸੀ ਤੇ 18 ਮਜ਼ਦੂਰ ਅੱਗ ਵਿਚ ਹੀ ਝੁਲਸ ਗਏ ਸਨ।

ਜਲੰਧਰ ਤੇ ਬਠਿੰਡੇ 'ਚ ਕਤਲ

ਜਲੰਧਰ ਦੇ ਇਕ ਪਿੰਡ ਵਿਚ ਪੰਜ ਜੀਆਂ ਦਾ ਪ੍ਰਵਾਰ ਖਤਮ ਕਰ ਦਿਤਾ ਗਿਆ ਤੇ ਬਠਿੰਡੇ ਵਿਚ ਬੱਸ ਉਡੀਕਦੇ 4 ਵਿਅਕਤੀ ਗੋਲੀਆਂ ਨਾਲ ਭੁੰਨ ਦਿੱਤੇ ਗਏ।

1160 ਕਤਲ

ਮਈ ਮਹੀਨੇ ਦੀ 27 ਤਾਰੀਖ ਤੱਕ ਦਹਿਸ਼ਤਗਰਦਾਂ ਵਲੋਂ 1160 ਕਤਲ ਕੀਤੇ ਗਏ ਹਨ ਜਦਕਿ 1987 ਦੇ ਸਾਰੇ ਸਾਲ ਵਿਚ 1030 ਕਤਲ ਹੋਏ ਸਨ।

ਅਲਾਹਾਬਾਦ ਵਿਚ ਟੱਕਰ ਵੀ. ਪੀ. ਸਿੰਘ ਤੇ ਸੁਨੀਲ ਸ਼ਾਸ਼ਤਰੀ ਵਿਚਕਾਰ

ਨਵੀਂ ਦਿੱਲੀ — 16 ਜੂਨ ਨੂੰ ਹੋ ਰਹੀ ਪਾਰਲੀਮੈਂਟ ਦੀ ਅਲਾਹਾਬਾਦ ਹਲਕੇ ਤੋਂ ਚੋਣ ਵਿਚ ਕਾਂਗਰਸ (ਆਈ) ਨੇ ਪ੍ਰਸਿਧ ਐਕਟਰ ਅਮੀਤਾਬ ਬਚਨ ਦੀ ਥਾਂ ਉਤੇ ਟਿਕਟ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਦੇ ਲੜਕੇ ਸੁਨੀਲ ਸ਼ਾਸ਼ਤਰੀ ਨੂੰ ਦੇ ਦਿੱਤੀ ਹੈ। ਵਿਰੋਧੀ ਪਾਰਟੀਆਂ ਵਲੋਂ ਜਨ-ਮੋਰਚਾ ਦੇ ਆਗੂ ਵੀ ਪੀ ਸਿੰਘ ਚੋਣ ਲੜ ਰਹੇ ਹਨ

ਅਲਾਹਾਬਾਦ ਵਿਚ ਕਿਹਾ ਗਿਆ ਕਿ ਸ੍ਰੀ ਅਮੀਤਾਬ ਬਚਨ ਬੀਮਾਰ ਹਨ ਤੇ ਵਿਦੇਸ਼ ਇਲਾਜ ਲਈ ਚਲੇ ਗਏ ਹਨ ਪਰ ਬੰਬਈ ਤੋਂ ਇਕ ਪੱਤਰਕਾਰ ਦਾ ਕਹਿਣਾ ਹੈ ਕਿ ਅਮੀਤਾਬ ਬਿਲਕੁਲ ਤੰਦਰੁਸਤ ਹਨ ਅਤੇ ਮਨਮੋਹਨ ਡੇਸਾਈ ਦੀ ਫਿਲਮ 'ਤੂਫਾਨ' ਦੀ ਸ਼ੂਟਿੰਗ ਵਿਚ ਰੁਝੇ ਹੋਏ ਹਨ।

ਚੰਦਨ ਨੂੰ ਦਿੱਤੀ ਧਮਕੀ ਮਨਜ਼ੂਰ ਹੈ — ਮਜ਼ਦੂਰ ਸਭਾਵਾਂ

ਪਿਛਲੇ ਕਈ ਸਾਲਾਂ ਤੋਂ ਫਾਸ਼ਿਜ਼ਮ ਤੇ ਮੂਲਵਾਦ ਦਾ ਜ਼ਹਿਰ ਉਗਲ ਕੇ ਬਰਤਾਨੀਆ ਭਰ ਦੇ ਸਿੱਖ ਭਾਈਚਾਰੇ ਤੇ ਮਜ਼ਦੂਰਾਂ ਨੂੰ ਕੁਰਾਹੇ ਪਾਉਣ ਦੀ ਹਰ ਕੋਸ਼ਿਸ਼ ਕਰਨ ਵਾਲੇ ਖਾਲਿਸਤਾਨੀ ਪਰਚੇ 'ਦੇਸ ਪ੍ਰਦੇਸ' ਨੇ 20 ਮਈ 88 ਦੇ ਅੰਕ ਵਿਚ ਅਮਰਜੀਤ ਚੰਦਨ ਨੂੰ ਧਮਕੀ ਦਿੱਤੀ ਹੈ ਹੈ ਕਿ "ਜੇ ਇਹਨੇ ਖਾਲਿਸਤਾਨੀ ਫਾਸ਼ੀਵਾਦ ਵਿਰੁਧ ਕਵਿਤਾਵਾਂ ਤੇ ਲੇਖ ਲਿਖਣੇ ਬੰਦ ਨਾ ਕੀਤੇ, ਤਾਂ ਇਹਨੂੰ ਇਹਦੀ ਲਿਖਤ ਸਮੇਤ ਸੋਧ ਕੇ ਰਖ ਦਿੱਤਾ ਜਾਵੇਗਾ।"

ਇਹ ਧਮਕੀ ਸਿਰਫ਼ ਅਮਰਜੀਤ ਚੰਦਨ ਨੂੰ ਹੀ ਨਹੀਂ, ਸਗੋਂ ਦੋਹਵਾਂ ਭਾਰਤੀ ਮਜ਼ਦੂਰ ਸਭਾਵਾਂ (ਗ੍ਰੇਟ ਬ੍ਰਿਟੇਨ) ਨੂੰ ਧਮਕੀ ਹੈ। ਦੋਵੇਂ ਮਜ਼ਦੂਰ ਸਭਾਵਾਂ ਲਲਕਾਰ ਕੇ ਐਲਾਨ ਕਰਦੀਆਂ ਹਨ ਕਿ ਸਾਨੂੰ ਇਹ ਧਮਕੀ ਮਨਜ਼ੂਰ ਹੈ ਤੇ ਸਾਨੂੰ ਇਹੋ ਜਿਹੀਆਂ ਧਮਕੀਆਂ ਦਾ ਜਵਾਬ ਵੀ ਦੇਣਾ ਆਉਂਦਾ ਹੈ। ਇਸ ਦੇ ਸਬੂਤ ਦੀ ਨਾ ਸਾਨੂੰ ਤੇ ਨਾ ਖਾਲਿਸਤਾਨੀ ਫਾਸ਼ਿਸ਼ਟਾਂ ਨੂੰ ਕੋਈ ਲੋੜ ਹੋਣੀ ਚਾਹੀਦੀ ਹੈ।

ਮਜ਼ਦੂਰ ਸਭਾਵਾਂ ਅਮਰਜੀਤ ਚੰਦਨ ਸਣੇ ਪਹਿਲਾਂ ਵਾਂਗ ਹੀ ਖਾਲਿਸਤਾਨੀ ਫਾਸ਼ਿਜ਼ਮ, ਮੂਲਵਾਦ ਤੇ ਕਾਂਗਰਸ ਦੀਆਂ ਲੋਕ-ਪਾੜੂ ਨੀਤੀਆਂ ਤੇ ਹਰਕਤਾਂ ਵਿਰੁਧ ਜੱਦੋ ਜਹਿਦ ਕਰਦੀਆਂ ਭਾਰਤੀ ਮਜ਼ਦੂਰਾਂ ਨੂੰ ਲਾਮਬੰਦ ਕਰਦੀਆਂ ਰਹਿਣਗੀਆਂ।

ਦਸਤਖਤ :

ਪ੍ਰੇਮ ਸਿੰਘ (ਪ੍ਰਧਾਨ ਭਾਰਤੀ ਮਜ਼ਦੂਰ ਸਭਾ - ਗ. ਬ.), ਅਵਤਾਰ ਜੌਹਲ (ਜ. ਸਕੱਤਰ), ਮੁਸ਼ਤਾਕ ਸਿੰਘ (ਪ੍ਰਧਾਨ, ਸਾਊਥਾਲ ਬਰਾਂਚ), ਹਰਪਾਲ ਬਰਾੜ (ਨੈਸ਼ਨਲ ਆਰਗੇਨਾਈਜ਼ਰ, ਐਂਡ ਸੰਪਾਦਕ ਲਲਕਾਰ), ਅਵਤਾਰ ਉੱਪਲ (ਸਕੱਤਰ ਸਾਊਥਾਲ ਬਰਾਂਚ), ਅਜਮੇਰ ਕਾਵੈਂਟਰੀ (ਪ੍ਰਧਾਨ, ਕਾਵੈਂਟਰੀ ਬਰਾਂਚ), ਸੁਖਦੇਵ ਸਿੱਧੂ (ਸਕੱਤਰ ਬ੍ਰੈਡਫਰਡ ਬਰਾਂਚ), ਅਜੀਤ ਸੰਧੂ (ਪ੍ਰਧਾਨ ਲੈਸਟਰ ਬਰਾਂਚ)

ਅਗਲੇ ਅੰਕ ਵਿਚ ਵਿਸ਼ੇਸ਼

ਅਮਰਜੀਤ ਸੂਫ਼ੀ ਵਲੋਂ ਚਲਦੀ ਚਰਚਾ ਦਾ ਅਗਲਾ ਲੇਖ "ਰਵੀ-ਮੰਡਲ ਦੀਆਂ 'ਸ਼ੰਕਰ-ਵਰਣ' ਲਿਖਤਾਂ"

ਮੱਧ ਪ੍ਰਦੇਸ਼ ਦੇ ਕਸਬੇ ਵਿਚ ਮੁੜ ਫਿਰਕੂ ਹਿੰਸਾ ਤੇ ਪਥਰਾਅ

ਇੰਦੌਰ — ਇਥੋਂ ਲਾਗੇ ਮੱਧ ਪਰਦੇਸ਼ ਦੇ ਕਸਬੇ ਮਹੋਅ ਵਿਚੋਂ ਲੁਟਮਾਰ ਤੇ ਪੁਲਸ ਉਪਰ ਭਾਰੀ ਪਥਰਾਅ ਕਰਨ ਦੀਆਂ ਖਬਰਾਂ ਮਿਲੀਆਂ ਹਨ। ਜਿਸ ਕਾਰਨ ਅਧਿਕਾਰੀਆਂ ਨੇ ਕਰਫਿਊ ਵਿਚ ਦਿਤੀ ਢਿੱਲ ਨੂੰ 11 ਵਜੇ ਰੱਦ ਕਰ ਦਿੱਤਾ। ਇਸੇ ਦੌਰਾਨ ਕੁਝ ਗੁੰਡਿਆਂ ਨੇ ਰਾਤ ਨੂੰ ਕੱਪੜਾ ਬਜ਼ਾਰ ਵਿਚ ਕੱਪੜੇ ਦੀਆਂ ਦੋ ਦੁਕਾਨਾਂ ਨੂੰ ਅੱਗ ਲਗਾ ਦਿਤੀ ਤੇ ਤਿੰਨ ਹੋਰ ਦੁਕਾਨਾਂ ਨੂੰ ਲੁੱਟਣ ਦੀ ਕੋਸ਼ਿਸ਼ ਵੀ ਕੀਤੀ। ਪਰ ਸਥਾਨਕ ਲੋਕਾਂ ਨੇ ਨਾ ਕੇਵਲ ਦੁਕਾਨਾਂ ਨੂੰ ਲੱਗੀ ਅੱਗ ਹੀ ਬੁਝਾਈ ਸਗੋਂ ਲੁੱਟ ਕਰਨ ਦੀ ਕੋਸ਼ਿਸ਼ ਨੂੰ ਵੀ ਅਸਫਲ ਕੀਤਾ।

ਛਾਉਣੀ ਦੇ ਸਿਵਲ ਖੇਤਰ ਵਿਚ ਕੁੜੀਆਂ ਛੇੜਨ ਤੋਂ ਦੋ ਗਰੋਹਾਂ ਵਿਚ ਹੋਈਆਂ ਝੜਪਾਂ ਮਗਰੋਂ ਅਣਮਿਥੇ ਸਮੇਂ ਲਈ ਕਰਫਿਊ ਲਾਗੂ ਕਰ ਦਿੱਤਾ ਗਿਆ ਸੀ। ਸਥਿਤੀ ਵਿਚ ਸੁਧਾਰ ਹੋਣ ਮਗਰੋਂ ਕਰਫਿਊ ਵਿਚ ਢਿੱਲ ਦਿੱਤੀ ਗਈ ਸੀ ਪਰ ਰਾਤ ਦਾ ਕਰਫੀਊ ਸਾਵਧਾਨੀ ਵਜੋਂ ਲਾਗੂ ਸੀ। ਕੁੜੀਆਂ ਛੇੜਨ ਤੇ ਹਿੰਸਾ ਕਰਨ ਦੇ ਦੋਸ਼ ਵਿਚ ਹੁਣ ਤੱਕ ਪੰਜਾਹ ਕੁਝ ਗੈਰ ਸਮਾਜੀ ਅਨਸਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਕੁਰਪਸ਼ਨ ਦੇ ਦੋਸ਼ 'ਚ ਥਾਣੇਦਾਰ ਬਰਤਰਫ

ਫਿਲੌਰ — ਸਥਾਨਕ ਥਾਣੇ ਦੇ ਏ. ਐਸ. ਆਈ. ਅਵਤਾਰ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਉਕਤ ਬਰਖਾਸਤਗੀ ਜਲੰਧਰ ਦੇ ਐਸ ਐਸ ਪੀ ਵਲੋਂ ਉਕਤ ਦੋਸ਼ ਦੀ ਜਾਂਚ ਦੇ ਬਾਅਦ ਕੀਤੀ ਗਈ ਹੈ।

ਮੁੱਖ ਗ੍ਰੰਥੀਆਂ ਨੂੰ ਰਿਹਾ ਕਰਨ ਦੀ ਮੰਗ

ਨਵੀਂ ਦਿੱਲੀ — ਅਕਾਲੀ ਦਲ (ਲੌ:) ਦੇ ਬਲਵੰਤ ਸਿੰਘ ਰਾਮੂਵਾਲੀਆ ਨੇ ਲੋਕ ਸਭਾ ਵਿਚ ਚਾਰ ਮੁੱਖ ਗ੍ਰੰਥੀਆਂ ਦੀ ਅੰਮ੍ਰਿਤਸਰ ਵਿਚ ਹੋਈ ਗ੍ਰਿਫਤਾਰੀ ਦੇ ਮਸਲੇ ਨੂੰ ਚੁਕਿਆ ਤੇ ਉਨ੍ਹਾਂ ਨੂੰ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਮੁਖ ਗਰੰਥੀਆਂ ਨੂੰ ਦਰਬਾਰ ਸਾਹਿਬ ਵਿਚ ਦਾਖਲ ਹੋਣ ਦੀ ਆਗਿਆ ਦਿੱਤੀ ਜਾਵੇ। ਸਪੀਕਰ ਸ੍ਰੀ ਬਲਰਾਮ ਜਾਖੜ ਨੇ ਵਿਚਾਰ ਪ੍ਰਗਟ ਕੀਤਾ ਕਿ ਮੁੱਖ ਗਰੰਥੀਆਂ ਦੀ ਗ੍ਰਿਫਤਾਰੀ ਉਨ੍ਹਾਂ ਦੀ ਸੁਰਖਿਆ ਯਕੀਨੀ ਬਨਾਉਣ ਲਈ ਕੀਤੀ ਗਈ ਹੈ।

“ਸੰਤੋਖ ਸਿੰਘ ਬੱਗੇ ਦਾ ਮਾਮਲਾ ਕੈਨੇਡੀਅਨ ਮਾਮਲਾ ਹੈ” — ਜੋਅ ਕਲਾਰਕ

ਕੈਲਗਰੀ — ਕੈਨੇਡਾ ਦੇ ਬਿਦੇਸ਼ ਮੰਤਰੀ ਮਿ: ਜੋਅ ਕਲਾਰਕ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਸੰਤੋਖ ਸਿੰਘ ਬੱਗਾ ਉਰਫ਼ ਸੰਤੋਖ ਸਿੰਘ ਧਰਮ ਨੂੰ ਰੀਫੀਊਜੀ ਮੰਨਣ ਤੋਂ ਇਨਕਾਰ ਭਾਰਤ ਸਰਕਾਰ ਦੇ ਦਬਾਅ ਹੇਠ ਕੀਤਾ ਗਿਆ। ਮਿ: ਕਲਾਰਕ ਨੇ ਕਿਹਾ ਕਿ ਉਸ ਦੀ ਅਰਜ਼ੀ ਰੱਦ ਕਰਨ ਦੇ ਸਾਡੇ ਅੰਦਰੂਨੀ ਕਾਰਨ ਹਨ।

ਉਨ੍ਹਾਂ ਕਿਹਾ ਕਿ ‘ਕੈਨੇਡੀਅਨ ਫੈਸਲੇ ਕੈਨੇਡੀਅਨ ਕਾਰਨਾਂ ਕਰਕੇ ਹੁੰਦੇ ਹਨ।’ ਮਿ: ਕਲਾਰਕ ਨੇ ਕਿਹਾ ਕਿ ਅਸੀਂ ਦੂਜੇ ਦੇਸ਼ਾਂ ਕੋਲੋਂ ਅਜਿਹੀ ਸਲਾਹ ਨਹੀਂ ਲੈਂਦੇ ਜਿਨ੍ਹਾਂ ਨਾਲ ਕੈਨੇਡਾ ਦੀਆਂ ਪਾਲਸੀਆਂ ਉਤੇ ਪ੍ਰਭਾਵ ਪਵੇ।

ਇਕ ਟਰਾਂਟੋ ਦੇ ਅਖਬਾਰ ਵਿਚ ਛਪੀ ਇਹ ਟਿਪਣੀ ਵਿਵਾਦ ਦਾ ਕਾਰਨ ਬਣੀ ਹੋਈ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਖੁਫ਼ੀਆ ਸਰਕਾਰੀ ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਮਿ: ਕਲਾਰਕ ਨੇ ਇਮੀਗਰੇਸ਼ਨ ਵਿਭਾਗ ਦੇ ਮੰਤਰੀ ਉਤੇ ਦਬਾਅ ਪਾ ਕੇ ਸੰਤੋਖ ਸਿੰਘ ਬੱਗਾ ਦਾ ਰੀਫੀਊਜ਼ੀ ਕਲੇਮ ਕੈਂਸਲ ਕਰਵਾਇਆ।

ਸੰਤੋਖ ਸਿੰਘ ਬੱਗਾ ਭਾਰਤੀ ਫੌਜ ਵਿਚੋਂ ਰੀਟਾਇਰ ਹੋਇਆ ਮੇਜਰ ਦੱਸਿਆ ਜਾਂਦਾ ਹੈ। ਉਹ 1986 ਵਿਚ ਗੈਰ ਕਾਨੂੰਨੀ ਤੌਰ ਉਤੇ ਵੈਨਕੂਵਰ ਪਹੁੰਚਿਆ। ਉਸ ਤੋਂ ਪਿਛੋਂ ਉਸਦੀ ਪਤਨੀ ਤੇ ਦੋ ਪੁੱਤਰ ਵੀ ਕੈਨੇਡਾ ਪਹੁੰਚ ਚੁਕੇ ਹਨ।

ਅਖਬਾਰੀ ਖਬਰਾਂ ਅਨੁਸਾਰ ਬੱਗਾ ਖਾਲਿਸਤਾਨੀ ਹੈ ਅਤੇ ਉਹ ਭਾਰਤ ਵਿਚ ਦੋ ਦੋਸ਼ਾਂ ਅਧੀਨ ਲੋੜੀਂਦਾ ਹੈ ਪਰ ਬੱਗਾ ਇਨ੍ਹਾਂ ਦੋਵਾਂ ਦੋਸ਼ਾਂ ਦਾ ਖੰਡਨ ਕਰਦਾ ਹੈ।

ਇਸ ਵੇਲੇ ਬੱਗਾ ਓਨਟੈਰੀਓ ਵਿਚ ਆਪਣੇ ਪ੍ਰਵਾਰ ਨਾਲ ਇਕ ਫਾਰਮ ਉਤੇ ਰਹਿ ਰਿਹਾ ਹੈ।

ਪਾਕਿਸਤਾਨ ਵਲੋਂ ਮਿਜ਼ਾਈਲ ਟੈਸਟ ਕੀਤੀ ਗਈ ?

ਮਿਜ਼ਾਈਲ ’ਚ ਐਟਮੀ ਬੰਬ ਲਿਜਾਣ ਦੀ ਸਮਰੱਥਾ

ਇਸਲਾਮਾਬਾਦ — ਪਾਕਿਸਤਾਨ ਨੇ ਇਕ ਅਜਿਹੀ ਮਿਜ਼ਾਈਲ ਤਿਆਰ ਕੀਤੀ ਹੈ ਜਿਸ ਵਿਚ ਐਟਮੀ ਬੰਬ ਲਿਜਾਣ ਦੀ ਸਮਰੱਥਾ ਹੈ। 25 ਅਪ੍ਰੈਲ ਨੂੰ ਟੈਸਟ ਕੀਤੀ ਗਈ ਇਸ ਮਿਜ਼ਾਈਲ ਨੇ ਅਮਰੀਕਾ ਦੇ ਹਲਕਿਆਂ ਵਿਚ ਵੀ ਸਨਸਨੀ ਪੈਦਾ ਕਰ ਦਿੱਤੀ ਹੈ ਕਿਉਂਕਿ ਇਹ ਮਿਜ਼ਾਈਲ ਚੀਨ ਦੀ ਸਹਾਇਤਾ ਨਾਲ ਤਿਆਰ ਕੀਤੀ ਗਈ ਹੈ। ਇਹ ਮਿਜ਼ਾਈਲ ਬੰਬਈ ਤੇ ਕਲਕੱਤਾ ਤੱਕ ਮਾਰ ਕਰ ਸਕਣ ਦੀ ਸਮਰੱਥਾ ਰੱਖਦੀ ਹੈ।

ਲੰਡਨ ਵਿਚ ਸਥਿਤ ਹਥਿਆਰਾਂ ਸੰਬੰਧੀ ਇਕ ਅਦਾਰੇ ਨੇ ਕਿਹਾ ਹੈ ਕਿ ਪਾਕਿਸਤਾਨ ਕੋਲ ਅਜਿਹੀਆਂ ਕੁਝ ਮਿਜ਼ਾਈਲਾਂ ਹਨ। ਫੌਜ ਕੋਲ ਰਾਕਟ ਲਾਂਚਰ ਹਨ, ਹਵਾਈ ਸੈਨਾ ਕੋਲ ਹਵਾ ਤੋਂ ਹਵਾ ਅਤੇ ਹਵਾ ਤੋਂ ਧਰਤੀ ਤੱਕ ਮਾਰ ਵਾਲੀਆਂ ਮਿਜ਼ਾਈਲਾਂ ਤੇ ਸਮੁੰਦਰੀ ਸੈਨਾ ਕੋਲ ਧਰਤੀ ਤੋਂ ਹਵਾ ਤੱਕ ਮਾਰ ਵਾਲੀਆਂ ਮਿਜ਼ਾਈਲਾਂ ਹਨ।

ਪਰ ਕੁਝ ਅਮਰੀਕੀ ਹਲਕਿਆਂ ਦਾ ਕਹਿਣਾ ਹੈ ਕਿ ਇਹ ਕੇਵਲ ਪਾਕਿਸਤਾਨੀ ਪ੍ਰਾਪੇਗੰਡਾ ਹੈ ਕਿਉਂਕਿ ਭਾਰਤ ਨੇ ਫਰਵਰੀ ਵਿਚ ਅਜਿਹੀ ਇਕ ਮਿਜ਼ਾਈਲ ਟੈਸਟ ਕੀਤੀ ਸੀ ਜਿਸਦੀ ਮਾਰ 240 ਕਿਲੋਮੀਟਰ ਤੱਕ ਸੀ ਤੇ ਇਹ ਐਟਮੀ ਬੰਬ ਲਿਜਾਣ ਦੇ ਕਾਬਲ ਸੀ। ਪਰ ਅਮਰੀਕੀ ਹਲਕੇ ਇਹ ਵੀ ਕਹਿੰਦੇ ਹਨ ਕਿ ਪਾਕਿਸਤਾਨ ਕੋਲ ਅਜਿਹੀ ਯੋਗਤਾ ਹੈ।

ਇਕ ਰੀਪੋਰਟ ਅਨੁਸਾਰ ਪਾਕਿਸਤਾਨ ਕੋਲ 42 ਮਿਜ਼ਾਈਲਾਂ ਲਈ ਵੱਖ ਵੱਖ ਹਿੱਸੇ ਮੌਜੂਦ ਹਨ ਤੇ ਉਹ ਦੋ ਤਰ੍ਹਾਂ ਦੀਆਂ ਮਿਜ਼ਾਈਲਾਂ ਬਨਾਉਣ ਦੇ ਸਮਰੱਥ ਹੈ। ਇਕ ਮਿਜ਼ਾਈਲ ਛੇ ਮੀਟਰ ਲੰਮੀ ਬਣਾਈ ਜਾ ਸਕਦੀ ਹੈ ਜੋ 80 ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ ਤੇ ਦੂਜੀ 9.7 ਮੀਟਰ ਜੋ 300 ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ। ਜੇ ਇਹ ਸਚਾਈ ਹੈ ਤਾਂ ਕਲਕੱਤੇ ਜਾਂ ਬੰਬਈ ਤੱਕ ਇਨ੍ਹਾਂ ਦੀ ਮਾਰ ਨਹੀਂ ਹੋ ਸਕਦੀ।

ਸਿੰਗਾਪੁਰ ਵਿਚ ‘ਬਗਾਵਤ’

ਸਿੰਗਾਪੁਰ — ਸਿੰਗਾਪੁਰ ਦੀਆਂ ਤਿੰਨ ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਲੀ ਕੁਆਨ ਯੀਊ ਨੂੰ ਕਿਹਾ ਹੈ ਕਿ ਉਹ ਅਸਤੀਫਾ ਦੇਵੇ ਕਿਉਂਕਿ ਉਸਦੇ ਰਾਜ ਸਮੇਂ ਮਨੁੱਖੀ ਅਧਿਕਾਰਾਂ ਦੀ ਦੁਰਵਰਤੋਂ ਹੋ ਰਹੀ ਹੈ ਲੀ ਕੁਆਨ ਯੀਊ ਦੀ ਪਾਰਟੀ ਪਿਛਲੇ 28 ਸਾਲ ਤੋਂ ਸਿੰਗਾਪੁਰ ਵਿਚ ਰਾਜ ਕਰ ਰਹੀ ਪਾਰਟੀ ਹੈ।

ਤਿੰਨਾਂ ਵਿਰੋਧੀ ਪਾਰਟੀਆਂ ਨੇ ਸਾਂਝਾ ਫਰੰਟ ਬਣਾ ਲਿਆ ਹੈ ਤੇ ਉਹ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣ ਲਈ ਮਜਬੂਰ ਕਰਨ ਲਈ ਕਮਰਕੱਸੇ ਕਸ ਰਹੀਆਂ ਹਨ।

ਲੰਕਾ ਸਰਕਾਰ ਜੇ. ਵੀ. ਪੀ. ਨਾਲ ਹੋਏ ਸਮਝੌਤੇ ਦੀ ਪਾਲਣਾ ਕਰੇਗੀ

ਕੋਲੰਬੋ — ਸ੍ਰੀਲੰਕਾ ਸਰਕਾਰ ਸਿਨਹਾਲੀ ਸ਼ਾਵਨਵਾਦੀਆਂ ਨਾਲ ਹੋਏ ਅਮਨ ਸਮਝੌਤੇ ਦਾ ਪੂਰਾ ਸਤਿਕਾਰ ਕਰੇਗੀ ਭਾਵੇਂ ਕਿ ਇਸ ਦੇ ਸਹੀ ਹੋਣ ਬਾਰੇ ਸ਼ੰਕੇ ਪੈਦਾ ਹੋ ਰਹੇ ਹਨ। ਇਹ ਗਲ ਸ੍ਰੀ ਲੰਕਾ ਦੇ ਇਕ ਸੀਨੀਅਰ ਮੰਤਰੀ ਨੇ ਕਹੀ ਹੈ। ਕੌਮੀ ਸੁਰੱਖਿਆ ਮੰਤਰੀ ਸ੍ਰੀ ਲਲਿਤ ਅਤੁਲਥਮੁਦਾਲੀ ਨੇ ਰਾਇਟਰ ਨੂੰ ਦਸਿਆ ਕਿ ਸ੍ਰੀ ਲੰਕਾ ਸਰਕਾਰ ਆਪਣੀਆਂ ਚੰਗੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਲਈ ਇਸ ਸਮਝੌਤੇ ਦੇ ਹੱਕ ਵਿਚ ਖੜਨ ਜਾ ਰਹੀ ਹੈ।

ਸ੍ਰੀ ਅਤੁਲਥਮੁਦਾਲੀ ਨੇ ਦੱਸਿਆ ਕਿ ਸਮਝੌਤੇ ਦੇ ਹਿੱਸੇ ਵਜੋਂ ਚੁਕੀ ਗਈ ਜਨਤਾ ਵਿਅਕਤੀ ਪੈਰਾਮੁਨਾ (ਜੇ ਵੀ ਪੀ) ਤੋਂ ਪਾਬੰਦੀ ਦੁਵਾਰਾ ਨਹੀਂ ਲਗਾਈ ਜਾਵੇਗੀ ਭਾਵੇਂ ਕਿ ਜੇ ਵੀ ਪੀ ਲੀਡਰਾਂ ਨੇ ਸਮਝੌਤੇ ਨਾਲ ਆਪਣੇ ਸੰਬੰਧਾਂ ਤੋਂ ਇਨਕਾਰ ਕਰ ਦਿੱਤਾ ਹੈ। ਜੇ ਵੀ ਪੀ ਪਿਛਲੇ ਸਾਲ ਹੋਏ ਹਿੰਦ ਸ੍ਰੀ ਲੰਕਾ ਅਮਨ ਸਮਝੌਤੇ ਦੀਆਂ ਹਮਾਇਤੀ ਪਾਰਟੀਆਂ ਦੇ ਲੀਡਰਾਂ ਦੇ ਕਤਲਾਂ ਸਮੇਤ ਹੋਰਨਾਂ ਬਹੁਤ ਸਾਰੇ ਸਿਆਸੀ ਕਤਲਾਂ ਲਈ ਜ਼ਿਮੇਵਾਰ ਹੈ।

ਬੀ. ਸੀ. ਦੇ ਬੱਚਿਆਂ ਲਈ ਹਸਪਤਾਲ

ਵੈਨਕੂਵਰ — ਬ੍ਰਿਟਿਸ਼ ਕੋਲੰਬੀਆ ਲਈ ਬੱਚਿਆਂ ਦਾ ਹਸਪਤਾਲ ਬੀ. ਸੀ. ਦੇ ਹਜ਼ਾਰਾਂ ਬੱਚਿਆਂ ਲਈ ਸਾਮਾਨ ਤੇ ਪ੍ਰੋਗਰਾਮਾਂ ਆਦਿ ਲਈ ਬੱਚਿਆਂ ਦੇ ਮੀਰਾਕਲ ਨੈਟਵਰਕ ਟੈਲੀਥੋਨ ਨਾਲ ਮਿਲ ਕੇ ਫੰਡ ਇਕੱਤਰ ਕਰ ਰਿਹਾ ਹੈ। ਟੈਲੀਥੋਨ 4 ਤੇ 5 ਜੂਨ ਨੂੰ ਹੋਵੇਗਾ ਜਿਸ ਵਿਚ ਬੱਚਿਆਂ ਦੇ ਹਸਪਤਾਲ ਲਈ ਫੰਡ ਇਕੱਠਾ ਕੀਤਾ ਜਾਵੇਗਾ।

1983 ਵਿਚ ਔਸਮੌਂਡ ਫਾਊਂਡੇਸ਼ਨ ਵਲੋਂ 22 ਹਸਪਤਾਲਾਂ ਲਈ ਸਾਢੇ ਚਾਰ ਮਿਲੀਅਨ ਡਾਲਰ ਇਕੱਠੇ ਕੀਤੇ ਗਏ ਸਨ। ਪੰਜ ਸਾਲ ਪਿਛੋਂ ਸੰਸਾਰ ਦੇ ਬੱਚਿਆਂ ਦੇ 151 ਹਸਪਤਾਲਾਂ ਨੇ ਹਿਸਾ ਲਿਆ ਤੇ 40 ਮਿਲੀਅਨ ਡਾਲਰ ਤੋਂ ਵੱਧ ਫੰਡ ਇਕੱਠਾ ਕੀਤਾ। ਟੈਲੀਥੋਨ ਉਤੇ ਜੋ ਫੰਡ ਬੀ. ਸੀ. ਵਿਚ ਇਕੱਠਾ ਹੋਵੇਗਾ ਉਹ ਬੀ. ਸੀ. ਦੇ 80100 ਤੋਂ ਵੱਧ ਬੱਚਿਆਂ ਲਈ ਹੀ ਖਰਚ ਕੀਤਾ ਜਾਵੇਗਾ।

21 ਘੰਟੇ ਦਾ ਇਹ ਸੰਗੀਤਕ ਪ੍ਰੋਗਰਾਮ CKVU — TV ਉਤੇ ਹੋਵੇਗਾ। ਇਹ ਡਿਜ਼ਨੀਲੈਂਡ ਦੇ ਕੌਮਾਂਤਰੀ ਟੈਲੀਥੋਨ ਰਾਹੀਂ ਬੀ ਸੀ ਵਿਚ ਵੀ ਦਿਖਾਇਆ ਜਾਵੇਗਾ। ਇਸ ਟੈਲੀਥੋਨ ਲਈ 100 ਦੇ ਕਰੀਬ ਟੀ. ਵੀ., ਫਿਲਮਾਂ ਤੇ ਖੇਡਾਂ ਵਿਚ ਮਸ਼ਹੂਰ ਵਿਅਕਤੀ ਹਿਸਾ ਲੈਣਗੇ। ਵਧੀਆ ਮਨੋਰੰਜਨ ਨਾਲ ਟੈਲੀਥੋਨ ਰਾਹੀਂ ਇਹ ਵੀ ਪਤਾ ਲਗੇਗਾ ਕਿ ਬੀ. ਸੀ. ਵਿਚ ਕਿਸ ਤਰ੍ਹਾਂ ਡਾਕਟਰੀ/ਖੋਜ ਸੈਂਟਰ ਬੱਚਿਆਂ ਲਈ ਕੰਮ ਕਰਦੇ ਹਨ ਸਪੈਸ਼ਲ ਢੰਗ ਨਾਲ ਦਲੇਰ ਬੀਮਾਰ ਬੱਚਿਆਂ ਤੇ ਸਟਾਫ ਦੀ ਜ਼ਿੰਦਗੀ ਦੇ ਪੱਖ ਵੀ ਦਿਖਾਏ ਜਾਣਗੇ।

ਇਸ ਟੈਲੀਥੋਨ ਲਈ ਕੈਨੇਡਾ ਦੀਆਂ ਕਾਰਪੋਰੇਸ਼ਨਾਂ, ਸੰਸਥਾਵਾਂ ਤੇ ਹੋਰ ਬੇਅੰਤ ਵਿਅਕਤੀ ਫੰਡ ਇਕੱਠਾ ਕਰਨ ਅਤੇ ਚੇਤੰਨਤਾ ਪੈਦਾ ਕਰਨ ਵਿਚ ਲੱਗੇ ਹੋਏ ਹਨ। 4 ਤੇ 5 ਜੂਨ ਨੂੰ 25,00 ਵਲੰਟੀਅਰ CKVU ਉਤੇ ਫੋਨਾਂ ਉਤੇ ਦਾਨ ਇਕੱਠਾ ਕਰਨਗੇ, ਵਧੀਆ ਪੇਸ਼ਕਸ਼ਾਂ, ਮਹੱਤਵਪੂਰਨ ਵਿਅਕਤੀਆਂ ਦੀਆਂ ਇਟਰਵੀਊ ਕਰਨਗੇ।

ਆਪਣੇ ਫੰਡ ਜਾਂ ਹੋਰ ਜਾਣਕਾਰੀ ਲਈ ਮਿਲੋ :

Children's Miracle Network Telethon Office
#550—650 W. 41st Ave., Vancouver, B.C. V5Z 2M9

ਜਾਂ ਫੋਨ ਕਰੋ :

875-2444

ਚਰਨਪਾਲ ਗਿੱਲ ਨਿਊ ਡੈਮੋਕਰੈਟਿਕ ਪਾਰਟੀ ਵਲੋਂ ਉਮੀਦਵਾਰ

ਸਰੀ-ਵਾਈਟਰੌਕ-ਲੈਂਗਲੀ ਦੇ ਹਲਕੇ ਵਿਚੋਂ ਨਿਊਡੈਮੋਕਰੈਟਿਕ ਪਾਰਟੀ ਨੇ ਚਰਨਪਾਲ ਗਿੱਲ ਨੂੰ ਸਰਬਸੰਮਤੀ ਨਾਲ ਉਮੀਦਵਾਰ ਚੁਣਿਆ। ਮੇਅਰ ਬਾਬ ਬੋਸ, ਜੋਨ ਸਮਾਲਵੁਡ ਐਮ ਐਲ ਏ ਅਤੇ ਹੋਰ ਕਈ ਪਰਮੁਖ ਨਿਊ ਡੈਮੋਕਰੈਟਾਂ ਦੀ ਮੱਦਦ ਦੇ ਸਦਕਾ ਕਿਸੇ ਹੋਰ ਵਿਅਕਤੀ ਵਲੋਂ ਵਿਰੋਧਤਾ ਕਰਨ ਦਾ ਹੌਂਸਲਾ ਨਾ ਪਿਆ।

ਚਰਨਪਾਲ ਗਿੱਲ ਪਿਛਲੇ ਚਾਰ ਸਾਲਾਂ ਤੋਂ ਬੀਨੋ ਫਰੀਜ਼ਨ ਨਾਲ ਖੁੰਦਕ ਖਾ ਰਿਹਾ ਹੈ। ਉਨ੍ਹਾਂ ਕਿਹਾ "ਬੀਨੋ ਮੇਰੇ ਨਾਲ ਟੀ. ਵੀ. ਤੇ ਡੀਬੇਟ ਕਰਨ ਤੋਂ ਭੱਜਦਾ ਸੀ। ਹੁਣ ਉਹ ਮੈਦਾਨ ਛੱਡ ਕੇ ਭੱਜ ਨਹੀਂ ਸਕਦਾ। ਉਸਨੂੰ ਮੇਰੇ ਸਵਾਲਾਂ ਦਾ ਜਵਾਬ ਅਵੱਸ਼ ਦੇਣਾ ਪਵੇਗਾ।" ਬੀਨੋ ਨੂੰ ਇਸ ਗੱਲ ਦਾ ਸਦਮਾ ਤਾਂ ਬੜਾ ਹੋਵੇਗਾ ਕਿ ਜਿਨ੍ਹਾਂ ਨੂੰ ਉਹ ਘਟੀਆ ਸਮਝਦਾ ਸੀ ਉਹ ਉਠਕੇ ਬਰਾਬਰ ਖੜ ਗਏ ਹਨ।

"ਐਡ ਬਰਾਡਬੈਂਟ ਇਕ ਸੱਚਾ, ਸੁਚਾ ਤੇ ਈਮਾਨਦਾਰ ਲੀਡਰ ਹੈ ਜਿਸਨੇ ਕੈਨੇਡਾ ਵਿਚ ਆਮ ਲੋਕਾਂ ਦੇ ਹਿੱਤਾਂ ਵਾਲੀ ਸਰਕਾਰ ਲਿਆਉਣੀ ਹੈ। ਲਿਬਰਲ ਤੇ ਟੋਰੀ ਸਰਕਾਰ ਨੇ ਆਪਣੇ ਦੋਸਤਾਂ ਨੂੰ ਪਾਲਕੇ ਲੋਕਾਂ ਦਾ ਵਿਸ਼ਵਾਸਘਾਤ ਕੀਤਾ ਹੈ" ਗਿੱਲ ਨੇ ਕਿਹਾ। ਐਨ ਡੀ ਪੀ ਦੀ ਸਰਕਾਰ ਬਨਣ ਦੀ ਪੂਰੀ ਸੰਭਾਵਨਾ ਹੈ।

ਚਰਨਪਾਲ ਗਿੱਲ ਜੋ ਨਸਲਵਾਦ ਦੇ ਵਿਰੁੱਧ ਪ੍ਰਸਿਧ ਘੁਲਾਟੀਆ ਹੈ, ਨੇ ਕਿਹਾ "ਜਿਸ ਤਰ੍ਹਾਂ ਜੈਸੀ ਜੈਕਸਨ ਨੇ ਅਮਰੀਕਾ ਦੀ ਪ੍ਰਧਾਨਗੀ ਲਈ ਟਿਕਟ ਦੀ ਮੁਹਿੰਮ ਚਲਾਉਣ ਕਰਕੇ ਕਾਲੇ ਰੰਗ ਦੇ ਲੋਕਾਂ ਦੀ ਸ਼ਾਨ ਵਧਾ ਦਿੱਤੀ ਹੈ ਉਸੇ ਤਰ੍ਹਾਂ ਪਾਰਲੀਮੈਂਟ ਦੀਆਂ ਚੋਣਾਂ ਦੇ ਘੋਲ ਵਿਚ ਡਟ ਕੇ ਕੰਮ ਕਰਨ ਨਾਲ ਭਾਰਤੀ ਲੋਕਾਂ ਦੀ ਇਜ਼ਤ ਹੀ ਨਹੀਂ ਪਰ ਸਾਰੇ ਰੰਗਦਾਰ ਲੋਕਾਂ ਦੀ ਪਛਾਣ, ਮਾਨ ਤੇ ਫਖਰ ਉਚਾ ਹੋਵੇਗਾ।"

ਟੋਰੀ ਸਰਕਾਰ ਨੇ ਆਪਦੇ ਕੋਈ ਭੀ ਵਾਇਦੇ ਪੂਰੇ ਨਹੀਂ ਕੀਤੇ। ਦਰਮਿਆਨੀ ਜਮਾਤ ਤੇ ਕੰਮ ਕਰਨ ਵਾਲੇ ਲੋਕਾਂ ਤੇ ਟੈਕਸ ਵਧਾ ਦਿੱਤੇ ਹਨ ਤੇ ਵੱਡੀਆਂ ਬਿਜ਼ਨਸਾਂ ਦੇ ਟੈਕਸ ਘੱਟ ਰਹੇ ਹਨ। ਪਿਛਲੇ ਸਾਲ 500 ਕੰਪਨੀਆਂ ਜਿਨ੍ਹਾਂ ਨੇ ਡਾਢਾ ਮੁਨਾਫਾ ਕਮਾਇਆ ਹੈ ਉਨ੍ਹਾਂ ਟੈਕਸ ਦਾ ਇਕ ਪੈਸਾ ਭੀ ਨਹੀਂ ਦਿੱਤਾ। ਇਸ ਕੁਚੱਜੇ ਤੇ ਬੇਈਮਾਨ ਟੈਕਸ ਸਿਸਟਮ ਸਦਕਾ ਅਮੀਰ ਅਤੇ ਗਰੀਬ ਵਿਚ ਪਾੜਾ ਵਧੇਗਾ।



ਮਨੁੱਖੀ, ਜਮਹੂਰੀ ਤੇ ਲੋਕ ਪੱਖੀ ਹੋਣ ਕਰਕੇ ਚਰਨਪਾਲ ਗਿੱਲ ਨੇ ਨੀਊ ਡੈਮੋਕਰੈਟਿਕ ਪਾਰਟੀ ਚੁਣੀ ਹੈ। ਇਹ ਪਾਰਟੀ ਬਿਜ਼ਨਿਸਮੈਂਨਾਂ ਜਾਂ ਬੈਂਕਾਂ ਦੀ ਕੰਟਰੋਲ ਥੱਲੇ ਨਹੀਂ ਇਹ ਆਮ ਲੋਕਾਂ ਦੀ ਪਾਰਟੀ ਹੈ। ਬਜ਼ੁਰਗਾਂ ਦੀਆਂ ਪੈਨਸ਼ਨਾਂ, ਪਰਵਾਰਾਂ ਤੇ ਬੱਚਿਆਂ ਦੀ ਦੇਖ ਭਾਲ, ਸਿਹਤ ਲਈ ਬੀਮਾ, ਆਮ ਲੋਕਾਂ ਲਈ ਨੌਕਰੀਆਂ ਤੇ ਚੰਗੀਆਂ ਤਨਖਾਹਾਂ ਲਈ ਨੀਊ ਡੈਮੋਕਰੈਟਿਕ ਪਾਰਟੀ ਨੇ ਅਗਾਂਹ ਵਧੂ ਕੰਮ ਕੀਤੇ ਹਨ।

ਖੇਤੀਬਾੜੀ ਦੇ ਮਹਿਕਮੇ ਵਿਚ ਤੀਹ ਹਜ਼ਾਰ ਨੌਕਰੀਆਂ ਦਾ ਖਾਤਮਾ ਮਲਰੂਨੀ ਤੇ ਰੇਗਨ ਦੇ ਵਪਾਰਕ ਸਮਝੌਤੇ ਕਾਰਨ ਹੋਵੇਗਾ, ਬੀ ਸੀ ਫੈਡਰੇਸ਼ਨ ਦੇ ਬੁਲਾਰੇ ਨੇ ਕਿਹਾ ਕੈਲੇਫੋਰਨੀਆਂ ਵਿਚ ਸਾਲ ਭਰ ਸਬਜ਼ੀਆਂ ਭਾਜੀਆਂ ਉਗਦੀਆਂ ਹਨ ਤੇ ਬੀ ਸੀ ਅਤੇ ਕੈਨੇਡਾ ਦਾ ਸੀਜ਼ਨ ਸਿਰਫ ਚਾਰ ਮਹੀਨੇ ਹੀ ਹੁੰਦਾ ਹੈ। ਇਸ ਕਰਕੇ ਅੰਗੂਰ, ਵਾਈਨ ਇਨਡਸਟਰੀ, ਸਜ਼ਬੀਆਂ ਤੇ ਹੋਰ ਫਰੂਟਾਂ ਦੇ ਫਾਰਮਾਂ ਦੇ ਮਾਲਕ ਬਰੁਕ ਹੋ ਜਾਣਗੇ।

"ਪਾਰਲੀਮੈਂਟ ਦੀਆਂ ਚੋਣਾਂ ਲੜਨ ਲਈ 300 ਵਲੰਟੀਅਰਾਂ ਤੇ ਇਕ ਲੱਖ ਡਾਲੇ ਦੀ ਲੋੜ ਪਵੇਗੀ। ਸਾਰੀ ਭਾਰਤੀ ਕਮਿਊਨਿਟੀ ਨੂੰ ਅਪੀਲ ਕਰਦੇ ਹਾਂ ਉਹ ਵੱਧ ਤੋਂ ਵੱਧ ਮਦਦ ਕਰਨ ਤਾਕਿ ਇਕ ਭਾਰਤੀ ਅਸੀਂ ਪਾਰਲੀਮੈਂਟ ਵਿਚ ਪਹੁੰਚਾ ਸਕੀਏ।" ਚਰਨਪਾਲ ਗਿੱਲ ਨੇ ਕਿਹਾ ਸਾਡੀ ਸਾਰੀ ਕਮਿਊਨਿਟੀ ਨੂੰ ਮਾਣ ਵਾਲੀ ਗੱਲ ਹੈ ਕਿ ਇਕ ਪੰਜਾਬੀ ਉਚ ਚੋਟੀ ਦੀ ਪੁਜ਼ੀਸ਼ਨ ਲਈ ਖੜਾ ਹੋਇਆ ਹੈ।

ਚਰਨਪਾਲ ਗਿੱਲ ਕੰਪੇਅਨ ਕਮੇਟੀ।

ਪਿਨਟੈਕਟਿਨ ਗੁਰੂ ਘਰ ਦੇ ਸੇਵਾਦਾਰਾਂ ਦੀ ਚੋਣ

15 ਮਈ 88 ਐਤਵਾਰ ਨੂੰ ਪਿਨਟੈਕਟਿਨ ਗੁਰੂ ਘਰ ਦੇ ਨਵੇਂ ਸਾਲ ਲਈ (88-89) ਸੇਵਾਦਾਰਾਂ ਦੀ ਚੋਣ ਗੁਰੂ ਘਰ ਵਿਚ ਇਕੱਤਰ ਹੋਈ ਸਾਧ ਸੰਗਤ ਨੇ ਸਰਬ ਸੰਮਤੀ ਨਾਲ ਕੀਤੀ। ਨਵੇਂ ਚੁਣੇ ਸੇਵਾਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ

ਭਾ. ਜਗਤਾਰ ਸਿੰਘ ਗਿੱਲ
ਭਾ. ਹਰਭਜਨ ਸਿੰਘ ਦਿਓਲ
ਭਾ. ਨਿਰਮਲ ਸਿੰਘ ਸਰਾਂ
ਭਾ. ਗੁਰਚਰਨ ਸਿੰਘ ਗਰੇਵਾਲ
ਭਾ. ਮੇਜਰ ਸਿੰਘ ਧਾਲੀਵਾਲ
ਭਾ. ਮਲਕੀਤ ਸਿੰਘ ਸਿੱਧੂ
ਭਾ. ਅਵਤਾਰ ਸਿੰਘ ਬਰਾਰ
ਭਾ. ਚੂਹੜ ਸਿੰਘ ਢਿੱਲੋਂ
ਭਾ. ਗੁਰਤੇਜ ਸਿੰਘ ਸਿੱਧੂ
ਭਾ. ਗਿਆਨ ਸਿੰਘ ਬੈਹਨੀਵਾਲ
ਭਾ. ਹਰਬੰਸ ਸਿੰਘ ਗਿੱਲ।

ਹਰਿਆਣਾ ਦੇ ਪਿੰਡ 'ਚ ਫਾਇਰਿੰਗ, 6 ਜ਼ਖਮੀਂ

ਹਿਸਾਰ — ਨਾਰਨੌਰ ਥਾਣੇ ਦੇ ਪਿੰਡ ਪਾਲੀ ਵਿਚ ਹਥਿਆਰਬੰਦ ਵਿਅਕਤੀਆਂ ਦੇ ਇਕ ਧੜੇ ਵਲੋਂ ਗੋਲੀ ਚਲਾਏ ਜਾਣ ਕਾਰਨ ਛੇ ਵਿਅਕਤੀ ਜ਼ਖਮੀ ਹੋ ਗਏ ਜਿਹਨਾਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ। ਪੁਲਸ ਸੂਤਰਾਂ ਅਨੁਸਾਰ ਇਹ ਗੋਲੀ ਕਾਂਡ ਨਿੱਜੀ ਦੁਸ਼ਮਣੀ ਕਾਰਨ ਹੋਇਆ। ਜ਼ਖਮੀ ਜਿਨ੍ਹਾਂ ਵਿਚ ਇਕ ਔਰਤ ਤੇ ਇਕ ਬੱਚਾ ਵੀ ਸ਼ਾਮਲ ਹੈ ਨੂੰ ਹਿਸਾਰ ਹਾਂਸੀ ਤੇ ਰੋਹਤਕ ਦੇ ਹਸਪਤਾਲਾਂ ਵਿਚ ਦਾਖਲ ਕਰਾਇਆ ਗਿਆ ਹੈ।

ਹਾਜੀਆਂ ਲਈ ਹਵਾਈ ਜਹਾਜ਼ ਕਰਾਏ 'ਚ ਛੋਟ

ਨਵੀਂ ਦਿੱਲੀ — ਵੱਖ ਵੱਖ ਸਭਾਵਾਂ ਵਲੋਂ ਸੁਝਾਓ ਪ੍ਰਾਪਤ ਕਰਨ ਉਪਰੰਤ ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਸਾਲ ਹੱਜ ਤੇ ਜਾਣ ਵਾਲੇ ਯਾਤਰੂਆਂ ਨੂੰ ਪਿਛਲੇ ਸਾਲ ਦੀ ਤਰਾਂ ਮੌਜੂਦਾ ਆਈ ਏ ਟੀ ਏ ਹਵਾਈ ਕਰਜਿਆਂ ਦਾ 85 ਪ੍ਰਤੀਸ਼ਤ ਹੀ ਅਦਾ ਕਰਨਾ ਪਵੇਗਾ।

ਗੋਰਖਾਲੈਂਡੀਆਂ ਵਲੋਂ ਹਿੰਸਾ ਹੋਰ ਤੇਜ਼

ਦਾਰਜੀਲਿੰਗ — ਇਥੇ ਚੌਕ ਬਜ਼ਾਰ ਨੇੜਿਓਂ ਇਕ ਅਧਖੜ ਉਮਰ ਦੇ ਵਿਅਕਤੀ ਦਾ ਕੱਟਿਆ ਹੋਇਆ ਸਿਰ ਅਤੇ ਖੱਬਾ ਹੱਥ ਮਿਲਣ ਤੋਂ ਬਾਅਦ ਸ਼ਹਿਰ 'ਚ ਭਾਰੀ ਤਣਾਅ ਪੈਦਾ ਹੋ ਗਿਆ ਜਦਕਿ ਗੋਰਖਾਲੈਂਡੀ ਦਹਿਸ਼ਤਗਰਦਾਂ ਨੇ ਇਕ ਹੋਰ ਪੁਲਸ ਕੈਂਪ ਉਪਰ ਹਮਲਾ ਕਰ ਦਿੱਤਾ ਹੈ। ਅਡੀਸ਼ਨਲ ਜ਼ਿਲਾ ਮੈਜਿਸਟਰੇਟ ਸ੍ਰੀ ਹੇਮ ਪਾਂਡੇ ਨੇ ਇਥੇ ਪੀ ਟੀ ਆਈ ਨੂੰ ਦੱਸਿਆ ਕਿ ਉਕਤ ਵਿਅਕਤੀ ਦੇ ਕਤਲ ਪਿਛੇ ਗੋਰਖਾਲੈਂਡੀ ਦਹਿਸ਼ਤਗਰਦਾਂ ਦਾ ਹੱਥ ਹੈ। ਉਹਨਾਂ ਦੱਸਿਆ ਕਿ ਸਿਰ ਅਤੇ ਹੱਥ ਆਮ ਲੋਕਾਂ ਦੇ ਦੇਖਣ ਲਈ ਰਖੇ ਗਏ ਹਨ ਤਾਂ ਕਿ ਮ੍ਰਿਤਕ ਦੀ ਪਛਾਣ ਹੋ ਸਕੇ।

ਉਨ੍ਹਾਂ ਦੱਸਿਆ ਕਿ ਗੋਰਖਾਲੈਂਡੀ ਦਹਿਸ਼ਤਗਰਦ ਹੁਣ ਤਕ ਦੋ ਸੀ ਪੀ ਆਈ (ਐਮ) ਵਰਕਰਾਂ ਅਤੇ ਇਕ ਪਤਰਕਾਰ ਸਮੇਤ ਪੰਜ ਵਿਅਕਤੀਆਂ ਨੂੰ ਅਗਵਾ ਕਰਕੇ ਉਹਨਾਂ ਦੇ ਸਿਰ ਧੜ ਨਾਲੋਂ ਅਲੱਗ ਕਰਕੇ ਸੁਟ ਚੁਕੇ ਹਨ ਤਾਂ ਕਿ ਲੋਕਾਂ ਨੂੰ ਦਹਿਸ਼ਤਜ਼ੁਦਾ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਇਹ ਵਾਰਦਾਤਾਂ ਕਾਲਿੰਪਾਂਗ ਅਤੇ ਸਦਰ ਸਬ ਡਵੀਜ਼ਨ ਵਿਚ ਵਾਪਰੀਆਂ ਹਨ। ਉਹਨਾਂ ਦੱਸਿਆ ਕਿ ਗੋਰਖਾਲੈਂਡੀ ਦਹਿਸ਼ਗਰਦਾਂ ਦੇ ਇਕ ਗਰੋਹ ਨੇ ਕਰਸਿਆਂਗ ਥਾਣੇ ਅਧੀਨ ਡੋਅ ਪਹਾੜੀ ਸਥਿਤ ਸੂਬਾਈ ਹਥਿਆਰਬੰਦ ਪੁਲਸ (ਐਸ ਏ ਪੀ) ਦੇ ਕੈਂਪ ਉਪਰ ਬੰਬਾਂ ਅਤੇ ਪਾਈਪਗੰਨਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਪੁਲਸ ਕੈਂਪ ਉਪਰ ਲਗੀ ਫਲੱਡ ਲਾਈਟ ਟੁਟ ਗਈ। ਜਵਾਬ ਵਿਚ ਜਦ ਸੁਰੱਖਿਆ ਅਮਲੇ ਨੇ ਛੇ ਗੋਲੀਆਂ ਚਲਾਈਆਂ ਤਾਂ ਦਹਿਸ਼ਤਗਰਦ ਹਨੇਰੇ ਵਿਚ ਫਰਾਰ ਹੋ ਗਏ। ਦਹਿਸ਼ਤਗਰਦਾਂ ਨੇ ਸਦਰ ਸਬ ਡਵੀਜ਼ਨ ਦੇ ਸਿੰਗਮਾਰੀ ਖੇਤਰ ਵਿਚ ਪਿਛਲੇ ਦਿਨੀ ਇਕ ਸ਼ਕਤੀਸ਼ਾਲੀ ਬੰਬ ਧਮਾਕਾ ਕੀਤਾ। ਇਸ ਧਮਾਕੇ ਵਿਚ ਹੋਏ ਕਿਸੇ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

ਬਹੁਸਭਿਆਚਾਰਕ ਕਮੇਟੀ ਵਲੋਂ ਜੋਅ ਕਲਾਰਕ ਨੂੰ ਫਿਰ ਸੱਦਾ

ਅਟਵਾ — ਕੈਨੇਡਾ ਦੇ ਬਿਦੇਸ਼ ਮੰਤਰੀ ਮਿ: ਜੋਅ ਕਲਾਰਕ ਨੂੰ ਦੁਬਾਰਾ ਫਿਰ ਬਹੁਸਭਿਆਚਾਰਕ ਕਮੇਟੀ ਨੇ ਸੱਦਾ ਦਿੱਤਾ ਹੈ ਕਿ ਉਹ ਪੇਸ਼ ਹੋ ਕੇ ਦੱਸਣ ਕਿ ਸਿੱਖ ਅਤਿਵਾਦੀ ਕੈਨੇਡਾ ਲਈ ਕਿਵੇਂ ਖਤਰਾ ਬਣੇ ਹਨ ਪਾਰਲੀਮੈਂਟਰੀ ਕਮੇਟੀ ਨੇ ਪਹਿਲਾਂ ਵੀ ਮਿ: ਕਲਾਰਕ ਨੂੰ ਸੱਦਾ ਦਿੱਤਾ ਸੀ ਪਰ ਮਿ: ਕਲਾਰਕ ਨੇ ਸੱਦਾ ਰੱਦ ਕਰਦਿਆਂ ਕਿਹਾ ਸੀ ਕਿ ਉਹ ਬਹੁ ਸਭਿਆਚਾਰਕ ਕਮੇਟੀ ਨਾਲੋਂ ਪਾਰਲੀਮੈਂਟ ਦੀ ਇਨਸਾਫ ਲਈ ਕਮੇਟੀ ਸਾਹਮਣੇ ਸਬੂਤ ਪੇਸ਼ ਕਰਨਗੇ ਕਿ ਕੈਨੇਡਾ ਵਿਚ ਅਤਿਵਾਦੀ ਦੇਸ਼ ਲਈ ਕਿਵੇਂ ਖਤਰਾ ਬਣੇ ਰਹੇ ਹਨ।

ਮਿ: ਕਲਾਰਕ ਨੇ ਆਪਣੇ ਜੁਆਬ ਵਿਚ ਕਿਹਾ ਸੀ ਕਿ ਜੋ ਸਬੂਤ ਉਨ੍ਹਾਂ ਕੋਲ ਹਨ ਉਹ ਦੇਸ਼ ਦੀ ਸੁਰੱਖਿਆ ਨਾਲ ਸੰਬੰਧਤ ਹਨ, ਜੋ ਬਹੁ ਸਭਿਆਚਾਰਕ ਪਾਰਲੀਮੈਂਟਰੀ ਕਮੇਟੀ ਕੋਲ ਪੇਸ਼ ਨਹੀਂ ਕੀਤੇ ਜਾ ਸਕਦੇ।

ਬਹੁਸਭਿਆਚਾਰਕ ਕਮੇਟੀ ਦੇ ਚੇਅਰਮੈਨ ਮਿ: ਗਸ ਮਿਟਗਸ ਨੇ ਕਿਹਾ ਹੈ ਕਿ ਮਿ: ਕਲਾਰਕ ਨੂੰ ਦੁਬਾਰਾ ਸੱਦਾ-ਪੱਤਰ ਭੇਜਿਆ ਗਿਆ ਹੈ, ਤੇ ਉਨ੍ਹਾਂ ਨੂੰ ਇਹ ਕਬੂਲ ਕਰ ਲੈਣਾ ਚਾਹੀਦਾ ਹੈ। ਚੇਅਰਮੈਨ ਵੀ ਟੋਰੀ ਪਾਰਟੀ ਨਾਲ ਹੀ ਸੰਬੰਧਤ ਹੈ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਕੁਝ ਨੁਮਾਇੰਦੇ ਪਿਛਲੇ ਦਿਨੀਂ ਕਮੇਟੀ ਦੇ ਮੈਂਬਰਾਂ ਨੂੰ ਮਿਲੇ ਸਨ ਤੇ ਕਿਹਾ ਸੀ ਕਿ ਕੈਨੇਡਾ ਵਿਚ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ। ਯਾਦ ਰਹੇ ਕਿ ਮਿ: ਜੋਅ ਕਲਾਰਕ ਨੇ ਕਿਹਾ ਸੀ ਕੈਨੇਡਾ ਦੀਆਂ ਤਿੰਨ ਸੰਸਥਾਵਾਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਬੱਬਰ ਖਾਲਸਾ ਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਸਿਆਸੀ ਪਾਰਟੀਆਂ ਵਲੋਂ ਬਾਈਕਾਟ ਕੀਤਾ ਜਾਵੇ ਕਿਉਂਕਿ ਇਹ ਸੰਸਥਾਵਾਂ ਅਤਿਵਾਦ ਨਾਲ ਸੰਬੰਧਤ ਹਨ। ਇਨ੍ਹਾਂ ਸੰਸਥਾਵਾਂ ਦੇ ਬਾਈਕਾਟ ਕੀਤੇ ਜਾਣ ਬਾਰੇ ਸੂਬਿਆਂ ਦੇ ਪ੍ਰੀਮੀਅਰਾਂ ਨੂੰ ਵੀ ਲਿਖਿਆ ਗਿਆ ਸੀ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਮੀਟਿੰਗ

15 ਮਈ ਨੂੰ ਈਸਟ ਇੰਡੀਅਨ ਵਰਕਰਜ਼ ਐਸੋ: ਦੀ ਪੰਜਾਬ ਮਸਲੇ ਤੇ ਕੈਨੇਡਾ ਵਿਚ ਫਰੀ ਟਰੇਡ ਬਾਰੇ ਸਫਲ ਮੀਟਿੰਗ ਦੀ ਰੀਪੋਰਟ ਅਗਲੇ ਅੰਕ ਵਿਚ।

ਸੰਸਦ ਮੈਂਬਰਾਂ ਵਲੋਂ ਪੰਤ ਦੇ ਅਸਤੀਫੇ ਦੀ ਮੰਗ

ਨਵੀਂ ਦਿੱਲੀ — ਸੰਸਦ ਮੈਂਬਰਾਂ, ਸਰਵਸ੍ਰੀ ਸੋਮਨਾਥ ਚੈਟਰਜੀ ਤੇ ਸੈਫੂਦੀਨ ਚੌਧਰੀ ਨੇ ਰਖਿਆ ਮੰਤਰੀ ਸ੍ਰੀ ਕੇ ਸੀ ਪੰਤ ਦੇ ਅਸਤੀਫੇ ਅਤੇ ਐਚ ਡੀ ਡਬਲਯੂ ਪਣਡੁੱਬੀ ਸੌਦੇ ਦੇ ਭਾਰੀ ਸਕੈਂਡਲ ਉਪਰ ਤਾਜ਼ਾ ਬਹਿਸ ਲਈ ਸੰਸਦ ਦਾ ਵਿਸ਼ੇਸ਼ ਅਜਲਾਸ ਸੱਦਣ ਦੀ ਮੰਗ ਕੀਤੀ ਹੈ। ਲੋਕ ਸਭਾ ਵਿਚ ਭਾਰਤ ਦੇ ਕੰਟਰੋਲਰ ਅਤੇ ਮੁਖ ਲੇਖਾਕਾਰ (ਸੀ ਏ ਜੀ) ਦੀ ਰਿਪੋਰਟ ਦੇ ਪੇਸ਼ ਹੋਣ ਦੇ ਬਾਅਦ ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਦੋਨਾਂ ਸੰਸਦ ਮੈਂਬਰਾਂ ਨੇ ਕਿਹਾ ਹੈ ਕਿ ਸਦਨ ਅੰਦਰ ਪਣ-ਡੁੱਬੀ ਸਕੈਂਡਲ ਤੇ ਬਹਿਸ ਦੌਰਾਨ ਇਕ ਮੈਂਬਰ ਵਲੋਂ ਸੀ ਏ ਜੀ ਦੀਆਂ ਵਿਰੋਧੀ ਟਿਪਣੀਆਂ ਦੇ ਹਵਾਲੇ ਨੂੰ ਲੋਕ ਸਭਾ ਦੇ ਸਪੀਕਰ ਨੇ ਰਖਿਆ ਮੰਤਰੀ ਦੇ ਇਤਰਾਜ਼ ਅਤੇ ਮੰਤਰੀ ਵਲੋਂ ਸਪਸ਼ਟ ਬਿਆਨ, ਕਿ ਪਣਡੁੱਬੀਆਂ ਦੀ ਖਰੀਦ ਦਾ ਠੇਕਾ ਬਿਲਕੁਲ ਸਹੀ ਢੰਗ ਨਾਲ ਕੀਤਾ ਗਿਆ ਸੀ, ਦੇਣ ਤੋਂ ਬਾਅਦ ਸਦਨ ਦੇ ਰਿਕਾਰਡ ਵਿਚ ਖਾਰਜ ਕਰ ਦਿੱਤਾ ਸੀ।

ਦੋਨਾਂ ਸੀ ਪੀ ਆਈ (ਐਮ) ਮੈਂਬਰਾਂ ਨੇ ਅੱਗੇ ਕਿਹਾ ਹੈ ਕਿ "ਹੁਣ ਜਦ ਘਿਨਾਉਣੇ ਤੱਥ ਸਾਹਮਣੇ ਆ ਗਏ ਹਨ, ਜੋ ਸਰਕਾਰ ਵਲੋਂ ਪੇਸ਼ ਕੀਤੇ ਗਏ ਪੱਖ ਨੂੰ ਮੁਕੰਮਲ ਤੌਰ ਤੇ ਰੱਦ ਕਰਦੇ ਹਨ, ਅਸੀਂ ਰਖਿਆ ਮੰਤਰੀ ਦੇ ਫੌਰੀ ਅਸਤੀਫੇ ਦੀ ਮੰਗ ਕਰਦੇ ਹਾਂ। ਬਿਆਨ ਵਿਚ ਅਗੇ ਕਿਹਾ ਗਿਆ ਹੈ ਕਿ ਇਹ ਹੁਣ ਬਿਲਕੁਲ ਸਪਸ਼ਟ ਹੋ ਚੁਕਾ ਹੈ ਕਿ ਰਖਿਆ ਮੰਤਰੀ ਨੇ ਜਾਣਬੁਝ ਕੇ ਸਦਨ ਨੂੰ ਅਤੇ ਸਪੀਕਰ ਨੂੰ ਵੀ ਗੁੰਮਰਾਹ ਕੀਤਾ ਜਿਸ ਦੇ ਸਿਟੇ ਵਜੋਂ ਮੈਂਬਰ ਦੀ ਤਕਰੀਰ ਦਾ ਸਬੰਧਿਤ ਅਹਿਮ ਹਿਸਾ ਖਾਰਜ ਕਰ ਦਿੱਤਾ ਗਿਆ।

ਸੀ. ਏ. ਜੀ. ਰਿਪੋਰਟ ਲੋਕ ਸਭਾ 'ਚ ਪੇਸ਼

ਭਾਰਤ ਦੇ ਕੰਟਰੋਲਰ ਅਤੇ ਮੁਖ ਲੇਖਾਕਾਰ (ਸੀ ਏ ਜੀ) ਨੇ ਇਕ ਬਦੇਸ਼ੀ ਨਿਰਮਾਤਾ ਕੋਲੋਂ 4 ਐਸ ਐਸ ਕੇ ਪਣਡੁੱਬੀਆਂ ਦੀ ਵਸੂਲੀ ਵਿਚ ਵੱਖ ਵੱਖ ਖਾਮੀਆਂ ਲਈ ਸਰਕਾਰ ਦੀ ਸਖਤ ਅਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਇਕ ਠੇਕਾ ਤਕਨੀਕੀ ਪੱਖੋਂ ਵਧੀਆ ਨਹੀਂ ਸੀ ਅਤੇ ਲਾਗਤਾਂ ਵੀ ਬਹੁਤ ਉਚੀਆਂ ਹਨ। ਕੇਂਦਰ ਸਰਕਾਰ ਦੀਆਂ ਫੌਜੀ ਸੇਵਾਵਾਂ ਬਾਰੇ ਸੀ ਏ ਜੀ ਦੀ ਰਿਪੋਰਟ ਅੱਜ ਲੋਕ ਸਭਾ ਵਿਚ ਵਿਤ ਰਾਜ ਮੰਤਰੀ ਸ੍ਰੀ ਐਡੂਆਰਡੋ ਫਲੈਰੋ ਨੇ ਪੇਸ਼ ਕੀਤੀ।

ਰਿਪੋਰਟ ਦੇ ਸੱਦਣ ਵਿਚ ਪੇਸ਼ ਹੋਣ ਤੋਂ ਬਾਅਦ ਸੀ ਪੀ ਆਈ (ਐਮ) ਮੈਂਬਰ ਸਾਥੀ ਸੈਫੂਦੀਨ ਚੌਧਰੀ ਨੇ ਰਿਪੋਰਟ ਉਪਰ ਬਹਿਸ ਕਰਵਾਏ ਜਾਣ ਦੀ ਮੰਗ ਕੀਤੀ ਜਿਸਨੂੰ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਇਸ ਤੇ ਬਹਿਸ ਇਕ ਯੋਗ ਸਮੇਂ ਯੋਗ ਮਤੇ ਰਾਹੀਂ ਹੀ ਹੋ ਸਕਦੀ ਹੈ। ਸਪੀਕਰ ਨੇ ਸਾਥੀ ਸੈਫੂਦੀਨ ਚੌਧਰੀ ਵਲੋਂ ਕੀਤੀਆਂ ਗਈਆਂ ਟਿਪਣੀਆਂ ਨੂੰ ਵੀ ਹਾਊਸ ਦੇ ਰਿਕਾਰਡ ਵਿਚੋਂ ਖਾਰਜ ਕਰ ਦਿੱਤਾ।

ਪਿਛਲੇ ਦਿਨੀਂ ਇਕ ਪ੍ਰੈਸ ਕਾਨਫਰੰਸ ਵਿਚ ਸੀ ਪੀ ਆਈ (ਐਮ) ਮੈਂਬਰ ਸ੍ਰੀ ਅਮਲ ਦੱਤਾ ਨੇ ਸੀ ਏ ਜੀ ਰਿਪੋਰਟ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਰਿਪੋਰਟ ਵਿਚ ਐਚ ਡੀ ਡਬਲਯੂ ਪਣਡੁੱਬੀ ਸੌਦੇ ਬਾਰੇ ਸਰਕਾਰ ਦੀ ਨਿਖੇਧੀ ਕੀਤੀ ਗਈ ਹੈ। ਉਹਨਾਂ ਇਸ ਰਿਪੋਰਟ ਨੂੰ ਸਦਨ ਵਿਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਸੀ।

ਸੀ. ਏ. ਜੀ. ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਸਮੁੰਦਰੀ ਫੌਜ ਲਈ 4 ਐਸ ਐਸ ਕੇ ਪਣਡੁੱਬੀਆਂ ਦੀ ਵਸੂਲੀ ਲਈ ਸਰਕਾਰ ਵਲੋਂ ਨਵੰਬਰ 1981 ਵਿਚ ਕੀਤੇ ਗਏ ਸਮਝੌਤੇ ਦਾ ਲੇਖਾ ਜਾਇਜ਼ਾ ਕਰਨ ਤੋਂ ਬਾਅਦ ਵਸੂਲੀ ਦੇ ਅਮਲ ਵਿਚ ਸੰਦੇਹਜਨਕ ਪੱਖ ਸਾਹਮਣੇ ਆਏ ਹਨ। ਸਰਕਾਰ ਨੇ ਠੇਕਾ ਇਕ ਇਹੋ ਜਿਹੇ ਬਦੇਸ਼ੀ ਨਿਰਮਾਤਾ ਨੂੰ ਦਿਤਾ ਜਿਸ ਦੀ ਪਣਡੁੱਬੀ ਤਕਨੀਕੀ ਪੱਖੋਂ ਸਭ ਤੋਂ ਵਧੀਆ ਨਹੀਂ ਸੀ ਅਤੇ ਫਾਲਤੂ ਪੁਰਜ਼ਿਆਂ ਦੀ ਲਾਗਤ ਤੋਂ ਇਲਾਵਾ ਜਿਸ ਦੀ ਕੁਲ ਲਾਗਤ ਉਸ ਦੇ ਮੁਕਾਬਲੇ ਵਾਲੀ ਧਿਰ ਨਾਲੋਂ 11.4 ਕਰੋੜ ਰੁਪਏ ਵੱਧ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੋ ਵੱਖ ਵੱਖ ਉਤਪਾਦਕਾਂ ਵਲੋਂ ਫਾਲਤੂ ਪੁਰਜ਼ਿਆਂ ਦੀਆਂ ਕੀਮਤਾਂ ਵਿਚ ਜਿਸ 355 ਫੀਸਦੀ ਅੰਤਰ ਨੂੰ ਪੇਸ਼ ਕੀਤਾ ਗਿਆ ਹੈ ਉਸ ਨੂੰ ਅਣਗੌਲਿਆਂ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਕੀਮਤ ਵਿਸ਼ਲੇਸ਼ਣ ਵਿਚ ਨੁਕਸ ਸੀ।

ਇਸ ਵਿਚ ਅਗੇ ਕਿਹਾ ਗਿਆ ਹੈ ਕਿ ਭਾਵੇਂ ਸਰਕਾਰ ਨੇ ਇਹ ਖਰੀਦ ਕਰਨ ਬਾਰੇ ਪ੍ਰਵਾਨਗੀ ਜੂਨ 1980 ਵਿਚ ਦੇ ਦਿੱਤੀ ਸੀ ਪਰ ਤਕਨੀਕੀ ਸਹਾਇਤਾ ਬਾਰੇ ਸਮਝੌਤੇ ਤੇ ਦਸਤਖਤ ਡੇਢ ਸਾਲ ਬਾਅਦ ਕੀਤੇ ਗਏ ਜਿਸ ਕਾਰਨ ਇਕ ਤਾਂ ਕੀਮਤਾਂ ਵਿਚ 21 ਕਰੋੜ 33 ਲੱਖ ਰੁਪਏ ਦਾ ਵਾਧਾ ਹੋ ਗਿਆ ਤੇ ਦੂਜਾ 5 ਕਰੋੜ 8 ਲੱਖ ਰੁਪਏ ਦੀ ਹੋਰ ਵਾਧੂ ਰਕਮ ਵੀ ਅਦਾ ਕਰਨੀ ਪਈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਕ ਹੋਰ ਤਕਨੀਕੀ ਸ਼ਰਤ ਭਾਵ 'ਸਵੇਂ ਸ਼ੋਰ' ਤੇ ਵੀ ਜ਼ੋਰ ਨਹੀਂ ਦਿੱਤਾ ਗਿਆ ਸੌਦੇ ਦੇ ਪਿਛੋਕੜ ਨੂੰ ਬਿਆਨ ਕਰਦੇ ਹੋਏ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੇਸ਼ ਦੇ ਆਲੇ ਦੁਆਲੇ ਦੇ ਸੁਰਖਿਆ ਵਾਤਾਵਰਣ ਦੇ ਪਿਛੋਕੜ ਵਿਚ ਸਮੁੰਦਰੀ ਫੌਜ ਦੇ ਮੁੱਖ ਦਫਤਰ ਨੇ ਕੁਝ ਵਿਸ਼ੇਸ਼ ਮੰਤਵੀ ਜਹਾਜ਼ਾਂ ਨੂੰ ਖਰੀਦੇ ਜਾਣ ਦੀ ਲੋੜ ਪ੍ਰਗਟ ਕੀਤੀ ਸੀ। 1956 ਤੋਂ 1978 ਵਿਚਕਾਰ ਜਹਾਜ਼ਾਂ ਦੀ ਸਪਲਾਈ ਬਾਰੇ ਛੇ ਬਦੇਸ਼ੀ ਜਹਾਜ਼ ਨਿਰਮਾਣ ਕੰਪਨੀਆਂ ਵਲੋਂ ਪੇਸ਼ਕਸ਼ ਕੀਤੀ ਗਈ। ਫਰਵਰੀ 1979 ਵਿਚ ਸਰਕਾਰ ਨੇ ਪੇਸ਼ਕਸ਼ਾਂ ਬਾਰੇ ਤਫਸੀਲੀ ਘੋਖ ਲਈ ਕੀਮਤ ਤੈਅ ਕਰਨ ਬਾਰੇ ਕਮੇਟੀ ਕਾਇਮ ਕੀਤੀ ਗਈ ਸੀ।

'ਕੈਨੇਡਾ ਦਰਪਣ' ਫੋਨ (604) 581-4473

ਰਘੁਬੀਰ ਢੰਡ ਸਪਲੀਮੈਂਟ

ਜ਼ਹਿਮਤ ਨੂੰ ਰਹਿਮਤ ਬਣਾਉਣ ਵਾਲਾ ਲੇਖਕ ਰਘੁਬੀਰ ਢੰਡ

—ਗੁਰਚਰਨ ਰਾਮਪੁਰੀ—

ਰਘੁਬੀਰ ਢੰਡ ਅਤੇ ਸੋਹਣ ਢੰਡ ਵਿੱਚ ਰਾਮ ਅਤੇ ਲਛਮਣ ਵਰਗਾ ਸਨੇਹ ਹੈ। ਜਦ ਮੈਂ ਰਘੁਬੀਰ ਨੂੰ ਮਿਲਣ ਉਸਦੇ ਭਰਾ ਸੋਹਣ ਦੇ ਘਰ ਪਹੁੰਚਿਆ ਤਾਂ ਰਘੁਬੀਰ ਨੂੰ ਦਮੇਂ ਦਾ ਬਹੁਤ ਤਿੱਖਾ ਦੌਰਾ ਪਿਆ ਹੋਇਆ ਸੀ। ਉਸਦੇ ਸਾਹ ਦੀ ਆਵਾਜ਼ ਬਾਹਰਲੇ ਦਰ ਤੱਕ ਸੁਣਦੀ ਸੀ। ਜਿਵੇਂ ਸਾਹ ਦੇ ਰਾਹ ਵਿਚ ਲੱਖਾਂ ਖਰਖਰੇ ਲੱਗੇ ਹੋਣ। ਉਹ ਸਾਹ ਲੈਣ ਲਈ ਸਟਪਟਾ ਰਿਹਾ ਸੀ। ਉਹ ਮੈਨੂੰ ਅਤੇ ਸੋਹਣ ਨੂੰ ਦੇਖ ਕੇ ਖੜਾ ਹੋ ਗਿਆ, ਮੁਸਕਰਾਇਆ ਅਤੇ ਬੋਲਿਆ, "ਵਾਹ ਬਈ ਵਾਹ! ਕਮਾਲ ਹੋ ਗਈ, ਬਈ ਗੁਰਚਰਨ! ਆਓ!" ਅਤੇ ਉਸਨੇ ਬਾਹਾਂ ਪਸਾਰ ਦਿੱਤੀਆਂ। ਅਸੀਂ ਜੱਫੀ ਵਿਚ ਬੱਨ੍ਹੇ ਗਏ। ਮੈਂ ਤੇ ਸੋਹਣ ਲਿਖਾਰੀ ਸਭਾ ਦੀ ਮੀਟਿੰਗ ਪਿਛੋਂ ਦੋਰਾਹੇ ਤੋਂ ਇਕੱਠੇ ਖੰਨੇ ਆਏ ਸਾਂ।

ਉਸਨੇ ਖੰਘੂਰਾ ਮਾਰ ਕੇ ਗਲਾ ਸਾਫ ਕੀਤਾ ਅਤੇ ਅਸੀਂ ਗੱਲਾਂ ਕਰਨ ਲੱਗੇ। ਲੰਮੀ ਗੱਲ ਕਰਨ ਨਾਲ ਵੀ ਉਸਨੂੰ ਸਾਹ ਚੜ੍ਹਨ ਦਾ ਡਰ ਰਹਿੰਦਾ ਹੈ। ਜਦ ਉਹ ਥੱਕ ਕੇ ਚੁੱਪ ਹੋ ਜਾਂਦਾ ਤਾਂ ਮੈਂ ਗੱਲ ਤੋਰੀ ਰੱਖਦਾ। ਗੱਲ ਕਰਦਿਆਂ ਥੋੜਾ ਚਿਰ ਪਿਛੋਂ ਉਰਦੂ ਦਾ ਕੋਈ ਸ਼ੇਅਰ ਰਘੁਬੀਰ ਦੀ ਗੱਲ ਵਿਚ ਸਹਿਜ ਸੁਭਾਅ ਹੀ ਆ ਟਪਕਦਾ ਜੋ ਚੱਲ ਰਹੀ ਗੱਲ ਵਿਚਲੀ ਹਾਲਤ ਨੂੰ ਐਨ ਢੁਕਵਾਂ ਬਿਆਨ ਕਰਦਾ ਹੁੰਦਾ, ਗਾਗਰ ਵਿਚ ਸਾਗਰ ਬੰਦ ਹੋ ਜਾਂਦਾ।

ਉਸਨੂੰ ਉਰਦੂ ਦੇ ਉਸਤਾਦ ਸ਼ਾਇਰਾਂ ਦੇ ਹਜ਼ਾਰਾਂ ਸ਼ੇਅਰ ਚੇਤੇ ਹਨ, ਜੋ ਉਹ ਆਪਣੀਆਂ ਗੱਲਾਂ, ਚਿੱਠੀਆਂ ਤੇ ਕਹਾਣੀਆਂ ਵਿਚ ਵਰਤਦਾ ਹੈ ਮੈਨੂੰ ਉਸਦੀ ਇਸ ਯੋਗਤਾ ਉਤੇ ਰਸ਼ਕ ਆਉਂਦਾ ਹੈ। ਮੈਂ ਉਸਨੂੰ ਪੁੱਛਿਆ, "ਤੁਸੀਂ ਏਨੇ ਸ਼ੇਅਰ ਚੇਤੇ ਕਿਵੇਂ ਰੱਖ ਲੈਂਦੇ ਹੋ?"

"ਮੈਂ ਜਦੋਂ ਕਿਸੇ ਲੇਖਕ ਨੂੰ ਪੜ੍ਹਦਾ ਹਾਂ ਤਾਂ ਵਿਉਂਤ ਬਣਾ ਕੇ ਪੜ੍ਹਦਾ ਹਾਂ। ਜਿਵੇਂ ਇੱਕ ਵਾਰ ਮੈਂ ਫੈਸਲਾ ਕੀਤਾ ਕਿ ਮੈਂ ਇਸ ਸਾਲ ਫੈਜ਼ ਨੂੰ ਪੜ੍ਹਨਾ ਹੈ। ਮੈਂ ਉਸਦੀਆਂ ਸਾਰੀਆਂ ਕਿਤਾਬਾਂ ਖਰੀਦੀਆਂ ਅਤੇ ਸਾਲ ਭਰ ਵਿਚ ਛੇ ਸਤ ਵਾਰੀ ਮੁੜ ਮੁੜ ਪੜ੍ਹੀਆਂ। ਚੰਗੇ ਸ਼ੇਅਰ ਨੋਟ ਕੀਤੇ। ਇਉਂ ਸਭ ਕੁਝ ਚੰਗਾ ਜ਼ਬਾਨੀ ਚੇਤੇ ਹੋ ਹੀ ਜਾਂਦਾ ਹੈ। ਇੰਝ ਮੈਂ ਸਾਲ ਸਾਲ ਵਿਚ ਦੋਸਤੋਵਸਕੀ, ਮਾਰਕਸ, ਐਂਗਲਜ਼, ਮਾਓ, ਸਟਾਲਨ, ਮੀਰ, ਫੈਜ਼, ਅਹਿਮਦ ਫਰਾਜ਼, ਗ਼ਾਲਿਬ, ਜਾਲਿਬ, ਇਕਬਾਲ, ਟੈਗੋਰ, ਗੁਰਬਖਸ਼ ਸਿੰਘ, ਮੋਹਨ ਸਿੰਘ, ਅੰਮ੍ਰਿਤਾ, ਬਾਲਜ਼ਾਕ ਤੇ ਹੋਰ ਲੇਖਕ ਪੜ੍ਹੇ। ਪਿਛਲੇ ਸਾਲ ਭਾਰਤੀ ਫਲਸਫਾ ਪੜ੍ਹਿਆ।"

ਉਸਨੇ ਅੱਖਾਂ ਮੀਟ ਕੇ ਰਤਾ ਕੁ ਸਾਹ ਡੂੰਘਾ ਸਾਹ ਲਿਆ ਤੇ ਗੱਲ ਅੱਗੇ ਤੋਰੀ, "ਮੈਂ ਤੁਹਾਨੂੰ ਅਮਨ ਲਹਿਰ ਦੇ ਦਿਨਾਂ ਤੋਂ ਜਾਣਦਾ ਹਾਂ। ਓਦੋਂ ਤੁਹਾਡੀ ਚੌਕੜੀ ਦੀ ਪੰਜਾਬੀ ਕਵਿਤਾ ਦੇ ਪਿੜ ਵਿਚ ਬੜੀ ਚਰਚਾ ਸੀ: ਧੀਰ, ਅਜਾਇਬ, ਸੁਰਜੀਤ ਅਤੇ ਗੁਰਚਰਨ — ਚਾਰ ਦਰਵੇਸ਼ ਹਰ ਥਾਂ ਇਕੱਠੇ ਜਾਂਦੇ। ਮੈਂ ਪਿਛੋਂ ਲਿਖਣ ਲੱਗਿਆ ਹਾਂ।"

ਮੇਰੇ ਮਨ ਵਿਚ ਖਿਆਲ ਆਇਆ ਕਿ ਪਤਾ ਨਹੀਂ ਕਿੰਨੇ ਲੋਕ ਸਾਨੂੰ ਚੰਡਾਲ-ਚੌਕੜੀ ਹੀ ਕਹਿੰਦੇ ਹੋਣਗੇ। ਇਹ ਸੋਚ ਕੇ ਮੈਂ ਰਤਾ ਕੁ ਮੁਸਕਰਾਇਆ ਪਰ ਚੁੱਪ ਰਿਹਾ।

ਰਘੁਬੀਰ ਉਮਰ ਵਿਚ ਮੈਥੋਂ ਲਗਪਗ ਛੇ ਸਾਲ ਜਵਾਨ ਹੈ। ਏਨੇ ਕੁ ਫਰਕ ਨਾਲ ਹੀ ਅਸੀਂ ਅੱਗੜ ਪਿਛੜ ਛਪਣ ਲੱਗੇ। ਪ੍ਰੀਤਲੜੀ ਵਿਚ ਮੇਰੀ ਪਹਿਲੀ ਕਵਿਤਾ 1950 ਵਿਚ ਛਪੀ ਅਤੇ ਉਸਦੀ ਪਹਿਲੀ ਕਹਾਣੀ 1957 ਵਿਚ। ਉਨ੍ਹਾਂ ਦਿਨਾਂ ਵਿਚ ਪ੍ਰੀਤਲੜੀ ਵਿਚ ਛਪਣ ਦਾ ਮਤਲਬ ਸੀ ਲੇਖਕ ਵਜੋਂ ਪਰਵਾਨ ਹੋ ਜਾਣਾ। ਅਸੀਂ ਪ੍ਰੀਤਲੜੀ ਸੰਸਥਾ ਦੀਆਂ ਗੱਲਾਂ ਕਰਨ ਲੱਗੇ। ਮੈਂ ਕਿਹਾ, "ਦੇਖੋ! ਕਿੰਨਾ ਲਿਖਿਆ ਗੁਰਬਖਸ਼ ਸਿੰਘ ਨੇ — ਲਗਾਤਾਰ — ਜੀਵਨ ਦੇ ਅਨੇਕਾਂ ਪੱਖਾਂ ਉਤੇ। ਹੋਰ ਕਿੰਨੇ ਕੰਮ ਕੀਤੇ: ਪ੍ਰੀਤ ਸੈਨਾ, ਪ੍ਰੀਤ ਮੰਡਲ, ਪ੍ਰੀਤ ਨਗਰ, ਪ੍ਰੀਤਲੜੀ, ਪ੍ਰੀਤ ਨਗਰ ਸ਼ਾਪ, ਐਕਟਿਵਿਟੀ ਸਕੂਲ। ਕਿੰਨੇ ਲੇਖਕ-ਲੋਕਾਂ ਦਾ ਨਾਤਾ ਜੁੜਿਆ ਪ੍ਰੀਤਨਗਰ ਨਾਲ। ਗੁਰਬਖਸ਼ ਸਿੰਘ ਕਿੰਨਾ ਵੱਡਾ ਸੁਪਨੇ ਸਾਜ਼ ਸੀ, ਪਰ ਉਸਨੇ ਆਪਣਾ ਸੁਪਨਾ ਸਾਕਾਰ ਕਰ ਦਿਖਾਇਆ। ਇਹ ਕਰਾਮਾਤ ਸੀ; ਲੰਮੀ ਵਿਉਂਤ-ਬੱਧ ਘਾਲਣਾ ਦਾ ਸਿੱਟਾ। ਉਸਨੇ ਪੰਜਾਬ ਦੀ ਸੋਚ ਉਤੇ ਅਮਿੱਟ ਛਾਪ ਛੱਡੀ, ਤਿੰਨ ਪੀੜ੍ਹੀਆਂ ਉਸਤੋਂ ਪ੍ਰਭਾਵਤ ਹੋਈਆਂ।"

ਰਘੁਬੀਰ ਨੇ ਹੌਕਾ ਲਿਆ, "ਕਾਸ਼ ਭਾਰਤ ਦੀ ਵੰਡ ਪ੍ਰੀਤ-ਲਹਿਰ ਨਾਲ ਏਨਾ ਵੱਡਾ ਜ਼ੁਲਮ ਨਾ ਕਰਦੀ। ਹਦ ਦੇ ਨੇੜੇ ਆਣ ਕਰਕੇ ਪ੍ਰੀਤਨਗਰ ਉਜੱੜ ਗਿਆ। ਗੁਰਬਖਸ਼ ਸਿੰਘ ਦੇ ਪਰਵਾਰ ਨੂੰ ਸਭ ਕੁਝ ਛੱਡ ਛਡਾ ਕੇ ਦਿੱਲੀ ਜਾਣਾ ਪਿਆ। ਭਾਵੇਂ ਉਹ ਕੁਝ ਸਾਲਾਂ ਪਿਛੋਂ ਫੇਰ ਵਾਪਸ ਪ੍ਰੀਤਨਗਰ ਆਏ ਪਰ ਮੁੜ ਕੇ ਪ੍ਰੀਤਨਗਰ ਦੀ ਉਹ ਗੱਲ ਕਦੇ ਨਾ ਬਣੀ। ਹੁਣ ਤਾਂ ਨਵਤੇਜ ਵੀ ਤੁਰ ਗਿਆ ਤੇ ਸੁਮੀਤ ਵੀ। ਮੈਨੂੰ ਕੁਝ ਦਿਨ ਪਹਿਲਾਂ ਕੀਤੀ ਰੰਧਾਵਾ ਸਾਹਿਬ ਦੀ ਗੱਲ ਚੇਤੇ ਆਈ: ਉਹ ਬੋਲੇ, "ਗੁਰਬਖਸ਼ ਸਿੰਘ ਇੱਕ ਵਿਹਾਰਕ ਬੰਦੇ ਨਾਲੋਂ ਸੁਪਨੇਸਾਜ਼ ਵਧੇਰੇ ਸੀ। ਮੈਂ ਲੱਖ ਜ਼ੋਰ ਲਾਇਆ, ਕਿਹਾ ਕਿ ਮੁੜਕੇ ਪ੍ਰੀਤਨਗਰ ਨਾ ਜਾਓ। ਦਿੱਲੀ ਹੀ

→





ਵੈਨਕੂਵਰ ਹਵਾਈ ਅੱਡੇ ਉਤੇ ਸੁਆਗਤ ਸਮੇਂ ਪਿਆਰਾ ਸਿੰਘ ਬਾਸੀ, ਟ੍ਰਸਟ ਦੇ ਪ੍ਰਧਾਨ ਗੁਰਚਰਨ ਰਾਮਪੁਰੀ, 'ਲੋਕਤਾ' ਦੇ ਐਡੀਟਰ ਅਮਰਜੀਤ ਸੂਫੀ, ਟ੍ਰਸਟ ਦੇ ਜਨਰਲ ਸਕੱਤਰ ਦਰਸ਼ਨ ਗਿੱਲ, ਡਾ: ਰਘੁਬੀਰ ਢੰਡ, ਪ੍ਰਕਾਸ਼ ਢੰਡ, ਸ੍ਰੀਮਤੀ ਹਰਮਿੰਦਰ ਕੌਰ ਸੰਘੇੜਾ, ਜੀਤ ਸਿੰਘ ਅਣਖੀ

ਟਿਕ ਜਾਓ। ਪ੍ਰੀਤਨਗਰ ਵਿਚ ਮੁੜ ਉਹ ਗੱਲ ਨਹੀਂ ਬਣਨੀ। ਮੈਂ ਵੰਡ ਸਮੇਂ ਦਿੱਲੀ ਦਾ ਕਮਿਸ਼ਨਰ ਸਾਂ। ਗੁਰਬਖਸ਼ ਸਿੰਘ ਲਈ ਓਥੇ ਕੁਝ ਵੀ ਕਰਨ ਨੂੰ ਤਿਆਰ ਸਾਂ ; ਪਰ ਉਹ ਨਾ ਮੰਨਿਆ। ਪ੍ਰੀਤਨਗਰ ਮੁੜ ਗਿਆ ਉਜਾੜ ਵਿੱਚ। ਉਸਦੇ ਨਾਲ ਵਾਲੇ ਜੋ ਦਿੱਲੀ ਰਹਿ ਗਏ, ਦੇਖ ਲੈ ਕਿੰਨੇ ਰੰਗਾਂ ਵਿਚ ਨੇ ਹਰ ਪੱਖੋਂ।"

ਰਘੁਬੀਰ ਬੋਲਿਆ, "ਇਹ ਆਪਣੇ ਹੱਥੀਂ ਸਿਰਜੀ ਨਗਰੀ ਅਤੇ ਆਪਣੇ ਸੁਪਨੇ ਨਾਲ ਮੋਹ ਦੀ ਕਹਾਣੀ ਹੈ। ਮੋਹ ਵਿਚ ਦਲੀਲਾਂ ਕੰਮ ਨਹੀਂ ਆਉਂਦੀਆਂ, ਬਾਈ !"

ਮੈਂ ਉਸਨੂੰ ਪੁੱਛਿਆ, 'ਰਘੁਬੀਰ ! ਤੁਸੀਂ ਏਨੀ ਲੰਮੀ ਕਹਾਣੀ ਕਿਵੇਂ ਲਿਖਦੇ ਹੋ ? ਮੈਥੋਂ ਤਾਂ ਨਿੱਕੀ ਕਵਿਤਾ ਲਈ ਵੀ ਕਈ ਵਾਰ ਇੱਕੋ ਬੈਠਕ ਵਿਚ ਸਮਾਂ ਨਹੀਂ ਕੱਢ ਹੁੰਦਾ।" ਰਘੁਬੀਰ ਬੋਲਿਆ, "ਮੈਂ ਨੇਮ ਨਾਲ ਲਿਖਦਾ ਹਾਂ। ਸਵੇਰੇ ਸਤ ਬਜੇ ਜਾਗਦਾ ਹਾਂ। ਹੱਥ ਮੂੰਹ ਧੋ ਕੇ ਸੌਖੇ ਜਿਹੇ ਕੁਝ ਯੋਗ ਆਸਣ ਕਰਦਾ ਹਾਂ, ਹਲਕਾ ਜਿਹਾ ਨਾਸ਼ਤਾ ਕਰਕੇ ਮੈਂ 9 ਬਜੇ 'ਮੰਦਰ' ਵਿਚ ਜਾ ਵੜਦਾ ਹਾਂ। ਹਾਂ, ਆਪਣੇ ਘਰ ਦੇ ਉਸ ਕਮਰੇ ਨੂੰ ਜਿਥੇ ਬਹਿ ਕੇ ਲਿਖਦਾ ਪੜ੍ਹਦਾ ਹਾਂ, ਮੈਂ ਮੰਦਰ ਕਹਿੰਦਾ ਹਾਂ। ਓਥੇ ਕੋਈ ਜੁੱਤੀ ਨਹੀਂ ਲਿਜਾ ਸਕਦਾ। ਉਥੇ ਮੈਂ ਹੁੰਦਾ ਹਾਂ, ਮੇਰੀਆਂ ਕਿਤਾਬਾਂ ਅਤੇ ਲਿਖਣ ਦੀ ਸਮੱਗਰੀ। ਮੈਂ ਇਕ ਬਜੇ ਤੱਕ ਸਮਝੋ, ਓਥੇ ਸਮਾਧੀ ਲਾਉਂਦਾ ਹਾਂ, ਸੋਚਦਾ ਹਾਂ, ਸਿਰਜਦਾ ਹਾਂ, ਲਿਖਦਾ ਹਾਂ, ਦੋ ਫਿਕਰੇ ਲਿਖਾਂ ਚਾਹੇ ਦੋ ਸਫੇ। ਫਿਰ ਕੁੱਝ ਖਾ ਕੇ ਤਿੰਨ ਬਜੇ ਤੱਕ ਆਰਾਮ ਕਰਦਾ ਹਾਂ। ਫਿਰ ਉਠ ਕੇ ਸੱਤ ਬਜੇ ਤੱਕ ਪੜ੍ਹਦਾ ਹਾਂ ਰਸਾਲੇ, ਅਖਬਾਰ ਅਤੇ ਮੇਰਾ ਚੋਣਵਾਂ ਲੇਖਕ। ਸੱਤ ਬਜੇ ਤੋਂ 8 ਕੁ ਬਜੇ ਤੱਕ ਮੈਂ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਂਦਾ ਹਾਂ ਫਿਰ ਲੰਮਾਂ ਇਸ਼ਨਾਨ ਕਰਦਾ ਹਾਂ ਟੱਬ ਗਰਮ ਪਾਣੀ ਦਾ ਭਰ ਕੇ, ਦਸ ਕੁ ਤੁਪਕੇ ਬਦਾਮ ਰੋਗਨ ਅਤੇ ਡੀਟੋਲ ਪਾ ਕੇ ਉਸ ਵਿਚ ਲੰਮਾਂ ਪਿਆ ਰਹਿੰਦਾ ਹਾਂ, ਉਹ ਵੀ ਸਮਾਧੀ ਵਰਗੀ ਹੀ ਅਵਸਥਾ ਹੁੰਦੀ ਹੈ, ਬੜਾ ਸੁਖ ਮਿਲਦਾ ਹੈ ਉਸ 'ਚੋਂ। ਫਿਰ ਮੇਰੀ ਨੂੰਹ ਮੀਨਾ ਰੋਟੀ ਬਣਾਉਂਦੀ ਹੈ। ਮੈਂ ਰੋਟੀ ਖਾ ਕੇ ਅਖੀਰ ਵਿਚ ਸਾਰੇ ਟੱਬਰ ਦੇ ਭਾਂਡੇ ਧੋਂਦਾ ਹਾਂ ਅਤੇ ਕੁੱਝ ਪੜ੍ਹਦਾ ਪੜ੍ਹਦਾ ਸੌਂ ਜਾਂਦਾ ਹਾਂ। ਇਹ ਮੇਰਾ ਨਿਤਨੇਮ ਹੈ। ਇਸ ਵਿਚ ਮੈਂ ਆਪਣੀ ਸੇਹਤ ਨੂੰ, ਬਹਾਨਾ ਬਣ ਕੇ, ਰੋਕ ਪਾਉਣ ਦਾ ਮੌਕਾ ਨਹੀਂ ਦਿੰਦਾ। ਨਹੀਂ ਤਾਂ ਮੈਂ ਕਦੇ ਵੀ ਕੁੱਝ ਵੀ ਨਾ ਲਿਖ ਸਕਾਂ। ਮੈਂ ਤਾਂ ਇੱਕ ਆਦੀ-ਮਰੀਜ਼ ਹਾਂ ਪਰ ਮੇਰਾ ਨਿਸਚਾ ਹੈ ਕਿ ਮੈਂ ਮਰੀਜ਼ ਤੋਂ ਕਿਤੇ ਵੱਧ ਆਦੀ-ਲੇਖਕ ਹਾਂ। ਮੈਂ ਬੜਾ ਲੰਮਾਂ ਸਮਾਂ ਜਿਊਣਾ ਹੈ, ਬੜਾ ਕੁੱਝ ਲਿਖਣਾ ਹੈ। ਇਹ ਜ਼ਹਿਮਤ ਨੂੰ ਰਹਿਮਤ ਬਣਾਉਣ ਦੀ ਗੱਲ ਹੈ। ਆਪਣੀ ਜੀਵਨ ਸਾਥਣ ਪ੍ਰਕਾਸ਼ ਦੇ ਸਾਥ ਸਦਕਾ ਹੀ ਮੈਂ ਇਹ ਸਭ ਕੁੱਝ ਕਰ ਸਕਿਆ ਹਾਂ। ਉਸ ਨੇ ਮੈਨੂੰ 1970 ਵਿਚ ਕਿਹਾ ਸੀ, "ਤੂੰ ਡਟ ਕੇ ਲਿਖ। ਮੈਂ ਕੰਮ ਕਰਾਂਗੀ, ਕਮਾਂਵਾਂਗੀ ਅਤੇ ਘਰ ਤੋਰਾਂਗੀ।

ਮੈਨੂੰ ਮੁੜ ਰਘੁਬੀਰ ਉਤੇ ਰਸ਼ਕ ਆਇਆ ਕਿ ਵਿਗੜੇ ਹੋਏ ਦਮੇਂ Emphysema ਵਰਗੀ ਨਾਮੁਰਾਦ ਬੀਮਾਰੀ ਉਤੇ ਇਹ ਮਿੱਤਰ ਕਿਵੇਂ ਜਿੱਤ ਹਾਸਲ ਕਰਦਾ ਅਤੇ ਲਗਾਤਾਰ ਰੋਜ਼ ਲਿਖਦਾ ਹੈ। ਕਾਸ਼ ! ਮੈਂ ਰੋਜ਼ ਲਿਖ ਸਕਾਂ। ਪਰ ਇਹ ਸੋਚਣ ਅਤੇ ਕਰਨ ਦਾ ਫਰਕ ਹੈ। ਉਹ ਲੇਖਣੀ ਵਲ ਵੀ ਆਪਣੀ ਮਾਰਕਸੀ ਵਿਚਾਰਧਾਰਾ ਵਾਂਗ ਹੀ ਬਹੁਤ ਪ੍ਰਤੀਬੱਧ ਹੈ। ਦ੍ਰਿੜ ਇਰਾਦੇ ਵਾਲੀ ਪ੍ਰੇਰਨਾ ਭਰੀ ਸ਼ਖਸੀਅਤ ਦਾ ਮਾਲਿਕ। ਸਾਡੀ ਇਹ ਮਿਲਣੀ ਜਨਵਰੀ 1983 ਵਿਚ ਖੰਨੇ ਹੋਈ ਸੀ। ਲਾਲਾ ਜਗਤ ਨਰਾਇਣ ਦੇ ਕਤਲ ਨੂੰ 16 ਮਹੀਨੇ ਹੋ ਗਏ ਸਨ। ਉਸ ਪਿਛੋਂ ਪੰਜਾਬ ਦੇ ਹਾਲਾਤ ਦਿਨ-ਬ-ਦਿਨ ਵਧੇਰੇ ਖਰਾਬ ਹੋ ਰਹੇ ਸਨ। ਅਸੀਂ ਇਸ ਗੱਲ ਤੇ ਸਹਿਮਤ ਸਾਂ ਕਿ ਪੰਜਾਬ ਕਾਂਗਰਸ ਦੀ ਧੜੇਬੰਦੀ ਇਸ ਗੜਬੜ ਦੇ ਆਰੰਭ ਦਾ ਕਾਰਨ ਸੀ। ਫਿਰਕੂ ਖਿਚੋਤਾਣ ਪੈਦਾ ਕਰਕੇ ਵੋਟਾਂ ਹਥਿਆਉਣ ਦਾ ਇਹ ਢੰਗ ਦੀਵਾਲੀਆ ਚੋਣ ਨੀਤੀ ਦਾ ਨਤੀਜਾ ਹੈ ਜੋ ਪੰਜਾਬ ਨੂੰ ਡੂੰਘੇ ਨਿਘਾਰ ਵਲ ਲਿਜਾ ਰਹੀ ਹੈ।

ਰਘੁਬੀਰ ਕਹਿਣ ਲੱਗਾ, "ਫਿਰਕੂ ਅਖਬਾਰਾਂ ਦੇ ਐਡੀਟਰਾਂ ਦਾ ਲੋਕਾਂ ਦੀ ਸੋਚ ਉਤੇ ਏਨਾ ਅਸਰ ਕਿਉਂ ਪੈਂਦਾ ਹੈ। ਕਿਉਂ ਲੋਕ ਇਨ੍ਹਾਂ ਮਗਰ ਲੱਗ ਕੇ ਅਣਹੋਣੀਆਂ ਕਰਨ ਉਤੇ ਉੱਤਰ ਆਉਂਦੇ ਨੇ। ਗੁਰਬਖਸ਼ ਸਿੰਘ ਦੀਆਂ 40 ਸਾਲ ਦੀਆਂ ਲਿਖਤਾਂ ਅਤੇ ਖੱਬੇ ਲੀਡਰਾਂ ਦਾ ਉਮਰਾਂ ਦੀ ਕੀਤੀ ਘਾਲਣਾ ਉਤੇ ਇਕੋ ਦਮ ਪਾਣੀ ਕਿਵੇਂ ਫੇਰ ਦੇਂਦੇ ਨੇ ਇਹ ਲੋਕ ਜੋ ਲਿਖਦੇ ਵੀ ਕੋਈ ਏਡਾ ਵਧੀਆ ਨਹੀਂ। ਗੱਲ ਵੀ ਬੇਦਲੀਲੀ ਅਤੇ ਗਲਤ ਕਰਦੇ ਨੇ। ਲੋਕ ਪੁੱਠੇ ਪਾਸੇ ਨੂੰ ਕਿਉਂ ਏਨੀ ਛੇਤੀ ਤੁਰ ਪੈਂਦੇ ਨੇ ? ਸਾਡਾ ਸਾਹਿਤਕਾਰਾਂ ਦਾ ਅਜੇਹਾ ਅਸਰ ਰਸੂਖ ਕਦ ਬਣੇਗਾ ?" ਰਘੁਬੀਰ ਨੇ ਬੜਾ ਵੱਡਾ ਸਵਾਲ ਪਾ ਦਿੱਤਾ ਸੀ।

ਮੈਂ ਸੋਚੀਂ ਪੈ ਗਿਆ ਅਤੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ "ਪਹਿਲੀ ਗੱਲ ਤਾਂ ਇਹ ਕਿ ਉਹ ਧਰਮਾਂ ਦਾ ਵਾਸਤਾ ਪਾ ਕੇ ਬੜੀ ਜਜ਼ਬਾਤੀ ਭੜਕਾਊ ਬੋਲੀ ਵਿਚ ਲਿਖਦੇ ਨੇ। ਸਿਰ ਦੀ ਥਾਂ ਦਿਲ ਨੂੰ ਅਪੀਲ ਕਰਦੇ ਨੇ। ਫਿਰ ਉਨ੍ਹਾਂ ਕੋਲ ਰੋਜ਼ਾਨਾ ਅਖਬਾਰ ਨੇ। ਜੋ ਹਰ ਰੋਜ਼ ਲਗਾਤਾਰ ਲੋਕਾਂ ਦੇ ਜੋ ਟੀਕਾ ਲਾਣਾ ਚਾਹੁਣ ਲਾ ਸਕਦੇ ਨੇ। ਉਨ੍ਹਾਂ ਦੀ ਕੱਲੇ ਕੱਲੇ ਅਖਬਾਰ ਦੀ ਗਿਣਤੀ 60 ਤੋਂ 80000 ਹੈ। ਇਸ ਹਿਸਾਬ ਨਾਲ ਲੱਖਾਂ ਟੱਬਰਾਂ ਦੇ ਵਿਚਾਰਾਂ ਨੂੰ ਰੋਜ਼ ਪ੍ਰਭਾਵਤ ਕਰ ਸਕਦੇ ਨੇ। ਉਨ੍ਹਾਂ ਦੇ ਮੁਕਾਬਲੇ ਵਿਚ ਮਹੀਨੇ ਪਿਛੋਂ ਛਪਣ ਵਾਲਾ ਗੁਰਬਖਸ਼ ਸਿੰਘ ਵੀ ਮਾਤ ਪੈ ਜਾਂਦਾ ਹੈ। ਫਿਰ ਮਾਸਕ ਪਰਚੇ ਦੀ ਗਿਣਤੀ ਕਿੰਨੀ ਸੀ ਅੱਠ ਦਸ ਪੰਦਰਾਂ ਹਜ਼ਾਰ। ਬਾਕੀ ਰਹੀ ਗੱਲ ਕਿਤਾਬਾਂ ਦੀ। ਕਿੰਨੀ ਛਪਦੀ ਹੈ ਪੰਜਾਬੀ ਦੀ ਕਿਤਾਬ, 500 ਜਾਂ ਵੱਧ ਤੋਂ ਵੱਧ 1100 ਅਤੇ ਫਿਰ ਉਹ ਵੀ ਦਸ ਵੀਹ ਸਾਲ ਵਿਚ ਲੋਕਾਂ ਤੱਕ ਪਹੁੰਚਦੀ ਹੈ। ਉਸਦੇ ਪੜ੍ਹੀ ਜਾਣ ਬਾਰੇ ਵੀ ਮੈਨੂੰ ਬੜਾ ਸ਼ੰਕਾ ਹੈ। ਸਮਝੇ ਜਾਣ ਜਾਂ ਪ੍ਰਭਾਵਤ ਕਰਨ ਬਾਰੇ ਸ਼ੰਕਾ ਉਸ ਤੋਂ ਵੀ ਵੱਡਾ ਹੈ। ਸੌ ਡੇਢ ਸੌ ਕਾਪੀ ਲੇਖਕ ਆਪਣੇ ਮਿੱਤਰਾਂ ਨੂੰ ਵੰਡਦਾ ਹੈ ਬਾਕੀ ਰਿਸ਼ਵਤੀ ਪ੍ਰਬੰਧ ਨਾਲ ਲਾਇਬਰੇਰੀਆਂ ਵਿਚ ਪੁੱਜਦੀ ਹੈ ਜਾਂ ਪਬਲਿਸ਼ਰ ਦੇ ਗੁਦਾਮਾਂ ਵਿਚ ਹੀ ਸੜ ਜਾਂਦੀ ਹੈ। ਤੂੰ ਆਪ ਸੋਚ ਜਿੰਨੀਆਂ ਕਿਤਾਬਾਂ ਆਪਣੇ ਘਰੀਂ ਪਈਆਂ ਨੇ ਕੀ ਉਹ ਆਪਾਂ ਸਾਰੀਆਂ ਪੜ੍ਹੀਆਂ ਨੇ ਮੈਂ ਤਾਂ ਨਹੀਂ ਪੜ੍ਹੀਆਂ ? ਮੈਂ ਸ੍ਰੀਮਤੀ ਅਵਤਾਰ ਖਾਲਸਾ ਨੂੰ ਇਕ ਵਾਰ ਕਿਹਾ, 'ਤੁਸੀਂ ਤੇਜਾ ਸਿੰਘ, ਅੰਮ੍ਰਿਤਾ, ਇਸਮਤ,ਸਾਹਿਰ, ਬੇਦੀ, ਬਲਰਾਜ ਅਤੇ ਹੋਰ ਅਨੇਕਾਂ ਵੱਡੇ ਲੇਖਕਾਂ ਨੂੰ ਏਨਾ ਨੇੜਿਓ ਜਾਣਦੇ ਹੋ ਉਨ੍ਹਾਂ ਬਾਰੇ ਕੁੱਝ ਲਿਖੋ ਤਾਂ ਅਵਤਾਰ ਬੋਲੀ, "ਲਿਖੇ-ਸ਼ਬਦ ਦਾ ਹੜ੍ਹ ਆਇਆ ਹੋਇਆ ਹੈ। ਦੁਨੀਆਂ ਵਿਚ ਚੰਗਾ ਪੜ੍ਹਨ ਜੋਗਾ ਹੀ ਏਨਾ ਲਿਖਿਆ ਜਾ ਰਿਹਾ ਹੈ ਕਿ ਉਹ ਹੀ ਪੜ੍ਹਿਆ ਨਹੀਂ ਜਾ ਸਕਦਾ। ਹੋਰ ਲਿਖਣ ਦੀ ਕੀ ਲੋੜ ਹੈ ? ਅਵਤਾਰ ਇਹ ਦਲੀਲ ਦੇ ਕੇ ਮੈਨੂੰ ਤਾਂ ਚੁੱਪ ਕਰਾ ਗਈ ਹਾਲਾਂ ਕਿ ਮੈਂ ਉਸਦੀ ਗੱਲ ਨਾਲ ਕਾਇਲ ਨਹੀਂ ਹੋਇਆ ਸਾਂ। ਮਹਿਮਾਨ ਪ੍ਰਤੀ ਆਦਰ ਵਜੋਂ ਹੀ ਚੁੱਪ ਹੋ ਗਿਆ ਸਾਂ।

ਪਰ ਰਘੁਬੀਰ ਬੋਲਿਆ, "ਪਰ ਅਸੀਂ ਫਿਰ ਵੀ ਲਿਖਦੇ ਹਾਂ। ਸਾਨੂੰ ਹੋਰ ਡਟ ਕੇ ਅਤੇ ਹੋਰ ਵਧੇਰੇ ਲਿਖਣਾ ਚਾਹੀਦਾ ਹੈ, ਹੋਰ ਚੰਗਾ ਲਿਖਣਾ ਚਾਹੀਦਾ ਹੈ ਤੇ ਅਸੀਂ ਲਿਖਦੇ ਰਹਾਂਗੇ। ਮੈਂ ਉਸ ਨਾਲ ਸਹਿਮਤ ਸਾਂ। ਰਘੁਬੀਰ ਦਾ ਸਾਹ ਖਿਚਵਾਂ ਹੋ ਗਿਆ, ਉਸਨੂੰ ਦਮ ਚੜ੍ਹ ਗਿਆ। ਮੈਂ ਘੜੀ ਦੇਖੀ। ਦੇਰ ਬਹੁਤ ਹੋ ਗਈ ਸੀ। ਰਘੁਬੀਰ ਥਕ ਗਿਆ ਸੀ। ਉਹ ਨਿਢਾਲ ਹੋ ਕੇ ਲੰਮਾ ਪੈ ਗਿਆ।

ਮੈਨੂੰ ਆਪਣੇ ਗਲ ਵਿਚ ਸਾਹ ਰੁਕਦਾ ਜਾਪਿਆ। ਮੈਂ ਸੋਚਿਆ ਮੈਨੂੰ ਆਪਣੇ ਠੀਕ ਸਾਹ ਦੀ ਹੋਰ ਵਧੇਰੇ ਕਦਰ ਕਰਨੀ ਚਾਹੀਦੀ ਹੈ। ਮੈਨੂੰ ਆਪਣੀ ਸੇਹਤ ਦਾ ਹੋਰ ਧਿਆਨ ਰੱਖਣਾ ਚਾਹੀਦਾ ਹੈ। ਮੈਂ ਆਪਣੇ ਅੰਦਰ ਹੀ ਸ਼ੁਕਰ ਕੀਤਾ ਅਤੇ ਸਾਹ ਰੋਕ ਕੇ ਉਸਦਾ ਦੁੱਖ ਮਹਿਸੂਸ ਕਰਨ ਦਾ ਉਪਰਾਲਾ ਕੀਤਾ। ਪੰਜ ਸਤ ਸਕਿੰਟਾਂ ਵਿਚ ਹੀ ਮੇਰਾ ਮਨ ਕਾਹਲਾ ਪੈ ਗਿਆ। ਮੈਂ ਅੰਦਰੋਂ ਸ਼ਰਮਿੰਦਾ ਹੋ ਕੇ ਸੋਚਿਆ ਕਿ ਮੈਨੂੰ ਏਨੀਆਂ ਗੱਲਾਂ ਨਹੀਂ ਸਨ ਕਰਨੀਆਂ ਚਾਹੀਦੀਆਂ ਕਿਉਂਕਿ ਰਘੁਬੀਰ ਗੱਲਾਂ ਕਰਕੇ ਵੀ ਬਹੁਤ ਥੱਕ ਜਾਂਦਾ ਹੈ। ਪਰ ਗੱਲਾਂ ਕਰਨੋਂ ਨਹੀਂ ਹਟਦਾ। ਥੋੜਾ ਚਿਰ ਪਿਛੋਂ ਉਹ ਫਿਰ ਉਠਿਆ ਅਤੇ ਅਸੀਂ ਅੱਧੀ ਰਾਤ ਤੱਕ ਗੱਲਾਂ ਕਰਦੇ ਰਹੇ

ਚਲੋ ਯਹਾਂ ਸੇ ਚਲੇਂ, ਔਰ ਉਮਰ ਭਰ ਕੇ ਲੀਏ

ਗੁਰਚਰਨ ਰਾਮਪੁਰੀ

ਮਈ 88 ਦੇ ਪਹਿਲੇ ਹਫਤੇ ਮੈਨੂੰ ਵਲੈਤੋਂ ਰਘੁਬੀਰ ਢੰਡ ਦੀ ਚਿੱਠੀ ਆਈ। ਉਹ ਸਾਡੇ ਕੋਲ ਵੈਨਕੂਵਰ ਆ ਰਿਹਾ ਸੀ। ਲਿਖਿਆ ਸੀ : "ਮੈਂ ਤੁਹਾਨੂੰ ਮਿਲਣ ਲਈ ਬਹੁਤ ਉਤਸੁਕ ਹਾਂ। ਇਥੇ ਵੀ ਹੁਣ ਬਹਾਰ ਆ ਗਈ ਹੈ। ਕਰੂੰਬਲਾਂ, ਹਰੇ ਪੱਤਿਆਂ ਵਿਚ ਵਟ ਰਹੀਆਂ ਹਨ। ਪਿੰਡ ਦੀ ਨਹਿਰ ਬਹੁਤ ਯਾਦ ਆਉਂਦੀ ਹੈ :

ਯਹਾਂ ਦਰਖਤੋਂ ਕੇ ਸਾਏ ਮੇਂ ਧੂਪ ਲਗਤੀ ਹੈ
ਚਲੋ ਯਹਾਂ ਸੇ ਚਲੇਂ ਔਰ ਉਮਰ ਭਰ ਕੇ ਲੀਏ।
(ਦੁਸ਼ਯੰਤ ਕੁਮਾਰ)

ਮੈਂ ਸੋਚਣ ਲੱਗਾ ਭਾਰਤ ਵਿਚ ਰਹਿਣ ਵਾਲਾ ਕਵੀ ਕਹਿੰਦਾ ਹੈ : ਚਲੋ ਯਹਾਂ ਸੇ ਚਲੇਂ ਔਰ ਉਮਰ ਭਰ ਕੇ ਲੀਏ ਅਤੇ ਅਸੀਂ ਜੋ ਉਮਰ ਭਰ ਲਈ ਬਾਹਰ ਆਏ ਹੋਏ ਹਾਂ ਵਾਪਸ ਜਾਣ ਨੂੰ ਤਰਸਦੇ ਰਹਿੰਦੇ ਹਾਂ ਅਸਲ ਵਿਚ ਜੋ ਕੁਝ ਕੋਲ ਨਹੀਂ ਉਹ ਸਦਾ ਖਿਚ ਪਾਉਂਦਾ ਹੈ, ਮੈਂ ਕਦੇ ਲਿਖਿਆ ਸੀ :

ਰੱਬ ਜਾਪੇ ਰੂਪ ਜੋ ਮਿਲਿਆ ਨਹੀਂ
ਕੁੱਝ ਨਹੀਂ ਹੈ ਜੋ ਕਿ ਬੁੱਲ੍ਹਾਂ ਕੋਲ ਹੈ।

ਰਘੁਬੀਰ ਹਰ ਸਾਲ ਪੋਹ ਮਾਘ ਦੀ ਨਿੱਘੀ ਧੁੱਪ ਸੇਕਣ ਭਾਰਤ ਜਾਂਦਾ ਹੈ। ਨਹਿਰ ਸਾਨੂੰ ਦੋਹਾਂ ਨੂੰ ਬਹੁਤ ਯਾਦ ਆਉਂਦੀ ਹੈ। ਇਹ ਅਣਗਿਣਤ ਪਰਵਾਸੀਆਂ ਦੀ ਸਾਂਝੀ ਕਹਾਣੀ ਹੈ।

ਰਘੁਬੀਰ ਢੰਡ

ਨਾਂ ਤੇ ਜਨਮ ਤਾਰੀਕ — ਰਘੁਬੀਰ ਢੰਡ, 1. 11. 1934

ਜਨਮ ਸਥਾਨ — ਜੰਡਾਲੀ ਕਲਾਂ, ਬਰਾਸਤਾ ਮੰਡੀ ਅਹਿਮਦਗੜ੍ਹ, ਜ਼ਿਲਾ ਸੰਗਰੂਰ

ਵਿਦਿਆ ਵੇਰਵਾ — ਐਮ. ਏ. ਬੀ. ਟੀ. (ਪੰਜਾਬ, ਗ੍ਰੈਜੂਏਸ਼ਨ ਇਨ ਟੀਚਿੰਗ (ਇੰਗਲੈਂਡ), ਪੀਐਚ. ਡੀ. (ਕੋਰੀਆ)

ਪੇਸ਼ਾ — ਪਹਿਲਾਂ ਆਧਿਆਪਕ, ਹੁਣ ਬੀਮਾਰ ਰਹਿਣਾ ਤੇ ਲਿਖਣਾ-ਪੜ੍ਹਨਾ।

ਵਿਚਾਰਧਾਰਾ — ਮਾਰਕਸਵਾਦੀ

ਸਾਹਿਤ ਜੀਵਨ ਦਾ ਆਰੰਭ — ਪਹਿਲੀ ਕਹਾਣੀ (ਨਲਕਾ ਗਿੜਦਾ ਹੈ) 1957 ਵਿਚ ਪ੍ਰੀਤਲੜੀ ਵਿਚ ਛਪੀ।

ਸਾਹਿਤਕ ਕਿਰਤਾਂ — ਕਹਾਣੀ ਸੰਗ੍ਰਹਿ —

1. ਬੋਲੀ ਧਰਤੀ 1973 —
2. ਉਸ ਪਾਰ 1975
3. ਕਾਇਆ ਕਲਪ 1980
4. ਕੁਰਸੀ 1987
5. ਅਹਿਮਦ ਨਦੀਮ ਕਾਸਮੀ ਦੀਆਂ ਚੋਣਵੀਆਂ ਕਹਾਣੀਆਂ (ਅਨੁਵਾਦ) 1
6. ਕਮਲੇਸ਼ਵਰ ਦੀਆਂ ਚੋਣਵੀਆਂ ਕਹਾਣੀਆਂ (ਅਨੁਵਾਦ) 1

ਆਲੋਚਨਾ —

1. ਲੋਅ ਦਾ ਲਹੂ 1977
2. ਹੈਮਿੰਗਵੇ ਦਾ ਸ਼ਾਹਕਾਰ : ਬੁੱਢਾ ਤੇ ਸਮੁੰਦਰ 1983

ਪਰਿਵਾਰ — ਪਤਨੀ : ਪ੍ਰਕਾਸ਼
(ਖੁਦਾ ਕਰੇ ਮੁਝੇ ਦੁਨੀਆਂ ਤੁਝੀ ਸੇ ਪਹਿਚਾਨੇ
ਤੇਰੀ ਨਜ਼ਰ ਸੇ ਗਿਰੂੰ ਯਾ ਤੇਰੀ ਨਜ਼ਰ ਮੇਂ ਰਹੂੰ)
— ਪੁੱਤਰ : ਰਾਜੀਵ - ਫਾਰਮੇਸਿਸਟ
— ਨੂੰਹ : ਮੀਨਾ — ਫਾਰਮੇਸਿਸਟ
— ਧੀ : ਅੰਜੁਮ — ਐਮ. ਬੀ. ਬੀ. ਐਸ. (ਵਿਦਿਆਰਥੀ)

ਪੜ੍ਹਨ ਲਿਖਣ ਤੋਂ ਬਿਨਾਂ ਹੋਰ ਸ਼ੌਕ — ਗੱਲਾਂ ਕਰਨੀਆਂ ਤੇ ਗੱਲਾਂ ਸੁਣਨੀਆਂ — ਲੋਕਾਂ ਬਾਰੇ ਨਿੱਕਾ ਤੋਂ ਨਿੱਕਾ ਵਿਸਥਾਰ ਜਾਨਣ ਦੀ ਤੀਬਰਤਾ — ਚੌਲ, ਸਬਜ਼ੀਆਂ ਤੇ ਪੁਦੀਨੇ ਦੀ ਚਟਣੀ ਬਣਾਉਣੀ ਤੇ ਭਾਂਡੇ ਧੋਣੇ — ਦੂਹਰੀ ਸਰ ਤੇ ਸੀਪ ਖੇਡਣੀ।

ਸਾਹਿਤਕ ਸਨਮਾਨ — 1. ਪੰਜਾਬ ਭਾਸ਼ਾ ਵਿਭਾਗ ਵਲੋਂ 'ਉਸ ਪਾਰ' ਨੂੰ 1975/76 ਦੀ ਉਤਮ ਸਾਹਿਤਕ ਕਿਰਤ ਚੁਣਨਾ।
2. ਸੋਹਣ ਸਿੰਘ ਜੋਸ਼ ਟ੍ਰਸਟ ਵਲੋਂ 1985 ਦਾ 'ਐਵਾਰਡ ਆਫ ਡਿਸਟਿਕਸ਼ਨ'

ਰਘੁਬੀਰ ਢੰਡ ਸਪਲੀਮੈਂਟ

ਰਘੁਬੀਰ ਢੰਡ ਬਾਰੇ ਕੁਝ ਵਿਚਾਰ

ਗੁਰਨਾਮ ਸਿੰਘ ਸੰਘੇੜਾ

ਰਘੁਬੀਰ ਢੰਡ ਜੰਡਾਲੀ ਪਿੰਡ ਦੇ ਕਿਸਾਨੀ ਘਰ ਵਿਚ ਪਹਿਲੀ ਨਵੰਬਰ 1934 ਨੂੰ ਬੇਬੇ 'ਜੀਵੀ' (ਪੇਕਾ ਨਾਮ) ਜਾਂ 'ਗੁਜਰੀ' (ਸੌਹਰਾ ਨਾਮ) ਅਤੇ ਪਿਤਾ ਗੰਗਾ ਰਾਮ ਦੇ ਘਰ ਪੈਦਾ ਹੋਇਆ। ਇਸ ਦੇ ਦੋ ਭਾਈ ਤੇ ਦੋ ਭੈਣਾਂ ਹਨ। ਇਹ ਅੱਠ ਸਾਲ ਦਾ ਸੀ ਜਦੋਂ ਇਸ ਦੀ ਮਾਤਾ ਜੀ ਦਾ ਦਿਹਾਂਤ ਹੋ ਗਿਆ ਤੇ ਸਿੱਟੇ ਵਜੋਂ ਮਾਂ ਦੀ ਘਾਟ ਨੇ ਕਈ ਅਸਰ ਪਾਏ ਅਤੇ ਉਸ ਨਾਲ ਕਈ ਪੱਖੀ ਪਈਆਂ ਘਾਟਾਂ ਤੋਂ ਸਿਖਦੇ ਹੋਏ ਉਹਨਾਂ ਘਾਟਾਂ ਨੂੰ ਜੀਵਨ ਜਾਚ ਅਤੇ ਲਿਖਤਾਂ ਲਈ ਹਾਂ ਪੱਖ ਢੰਗ ਨਾਲ ਵਰਤਿਆ। ਸੋ ਛੋਟੀ ਉਮਰ ਤੋਂ ਹੀ ਘਾਟ ਤੇ ਤਕਲੀਫ ਤੇ ਕਾਬੂ ਪਾ ਕੇ ਉਤਾਂਹ ਉਠਣ ਤੇ ਅੱਗੇ ਵਧਣ ਸ਼ਕਤੀ ਪ੍ਰਾਪਤ ਕੀਤੀ। ਇਸ ਸਮੇਂ ਤੋਂ ਹੀ ਖ਼ੁੱਦਦਾਰੀ, ਮਿਹਨਤ, ਲਗਣ, ਸਮਝਣ ਤੇ ਪੜ੍ਹਨ ਦੀ ਲਗਣ ਤੇਜ਼ ਹੋਣੀ ਆਰੰਭ ਹੋਈ ਅੱਜ ਅਸੀਂ ਉਸ ਰਘੁਬੀਰ ਨੂੰ ਹੀ ਵੱਡੇ ਆਕਾਰ ਵਿਚ ਦੇਖਦੇ ਹਾਂ ਜੋ ਪੰਜਾਬੀ ਸਾਹਿਤ, ਬੁੱਧੀ ਜੀਵੀਆਂ ਅਤੇ ਅਗਾਂਹ ਵਧੂ ਲਹਿਰ ਵਿਚ ਭੀ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਰਘੁਬੀਰ ਕਿਸੇ ਪ੍ਰਸੰਸਾ ਦਾ ਮੁਹਤਾਜ ਨਹੀਂ ਕਿਉਂ ਉਸ ਦੀਆਂ ਲਿਖਤਾਂ ਆਪਣੇ ਆਪ ਹੀ ਮੂੰਹ ਬੋਲਦੀ ਤਸਵੀਰ ਹਨ। ਸਾਹਿਤਕਾਰ ਜਾਂ ਬੁੱਧੀਜੀਵੀ ਨੇ ਤਾਂ ਆਪਣੀ ਕਿਰਤ ਦੇ ਆਸਰੇ ਸਥਾਪਤ ਹੋਣਾ ਹੁੰਦਾ ਹੈ ਨਾ ਕਿ ਝੂਠੀ ਪ੍ਰਸੰਸਾ ਨਾਲ। ਸੋ ਰਘੁਬੀਰ ਆਪਣੀਆਂ ਰਚਨਾਤਮਕ ਲਿਖਤਾਂ ਤੇ ਜੀਵਨ ਵਿਚ ਲੋਕਾਂ ਨਾਲ ਮੋਢੇ ਨਾਲ ਮੋਢਾ ਡਾਹੁਣ ਦੇ ਬਲਬੋਤੇ ਤੇ ਸਥਾਪਤ ਹੋਇਆ ਹੈ।

ਹੁਣ ਰਘੁਬੀਰ ਢੰਡ ਆਪਣੀ ਜੀਵਨ ਸਾਥਣ ਪ੍ਰਕਾਸ਼ (ਜਿਸ ਤੋਂ ਬਿਨਾਂ ਰਘੁਬੀਰ ਦੇ ਜੀਵਨ ਅਤੇ ਲਿਖਤਾਂ ਬਾਰੇ ਸੋਚਣਾ ਬੜਾ ਮੁਸ਼ਕਲ ਹੈ) ਨਾਲ 20 ਮਈ 1988 ਨੂੰ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਦੇ ਸੱਦੇ ਤੇ ਮਨਜੀਤ ਮੈਮੋਰੀਅਲ ਐਵਾਰਡ ਲੈਣ ਲਈ ਵੈਨਕੂਵਰ ਆ ਰਹੇ ਹਨ। ਇਹ ਕੁਝ ਸਤਰਾਂ ਇਸ ਕਰਕੇ ਲਿਖ ਰਿਹਾ ਹਾਂ ਕਿ ਰਘੁਬੀਰ ਤੇ ਪ੍ਰਕਾਸ਼ ਨੂੰ ਮੈਂ ਬਹੁਤ ਹੀ ਨੇੜੇ ਤੋਂ ਜਾਣਦਾ ਹਾਂ, ਸਾਡੀ ਪ੍ਰਵਾਰਿਕ ਸਾਂਝ ਤੇ ਦੋਸਤੀ ਹੈ ਅਤੇ ਇਸ ਤੋਂ ਭੀ ਵੱਧ ਜਦੋਂ 1968 ਵਿਚ ਰਘੁਬੀਰ, ਸਾਊਥਾਲ (ਇੰਗਲੈਂਡ) ਤੋਂ ਬਰੈਡਫੋਰਡ ਅਗਾਂਹ ਟੀਚਰ ਟ੍ਰੇਨਿੰਗ ਕਰਨ ਲਈ ਆਇਆ ਤੇ ਪਾਰਟੀ ਨਾਤੇ ਪੰਜਾਬ ਦੇ ਆਪਣੇ ਸਮੇਂ ਦੇ ਉਚ ਕੋਟੀ ਦੇ ਕਲਕਾਰ ਨਰਿੰਦਰ ਦੋਸਾਂਝ (ਜੋ ਛੇਵੇਂ ਦਹਾਕੇ ਤੋਂ ਇੰਗਲੈਂਡ ਰਹਿ ਰਹੇ ਹਨ) ਰਾਹੀਂ ਸਾਂਝ ਪਈ, ਅਸੀਂ ਸਿਰਫ ਇਕੱਠੇ ਹੀ ਨਹੀਂ ਰਹੇ ਬਲਕਿ ਸੌਣ ਤੇ ਪੜ੍ਹਾਉਣ ਦੇ ਸਮੇਂ ਤੋਂ ਬਿਨਾਂ ਇਕ ਦੂਜੇ ਦੇ ਘਰ ਹੀ ਸਮਾਂ ਗੁਜ਼ਾਰਦੇ ਸੀ। ਨਾਲ ਹੀ ਉਹਨਾਂ ਦੀ ਸੇਹਤ ਦੀ ਖਰਾਬੀ ਦੇ ਹੁੰਦੇ ਹੋਏ ਭੀ, ਰਘੁਬੀਰ ਪ੍ਰਕਾਸ਼ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਜਾਂ ਪਾਰਟੀ ਵਲੋਂ ਚਲਾਈ ਹਰ ਮੁਹਿੰਮ ਵਿਚ ਸਰਗਰਮ ਹਿਸਾ ਪਾਉਂਦੇ ਰਹੇ ਜੇ ਰਘੁਬੀਰ ਦੀ ਸਿਹਤ ਠੀਕ ਹੈ ਤਾਂ ਉਹ ਕੋਈ ਜਲੂਸ, ਮੁਜ਼ਾਹਰਾ ਜਾਂ ਰੋਸ ਨਹੀਂ ਜਿਸ ਵਿਚ ਰਘੁਬੀਰ ਤੇ ਪ੍ਰਕਾਸ਼ ਨੇ ਸ਼ਾਮਲ ਹੋ ਕੇ ਹਿਸਾ ਨਾ ਪਾਇਆ ਹੋਵੇ।

ਮੇਰੇ ਲਿਖਣ ਦਾ ਭਾਵ ਇਹ ਹੈ ਕਿ ਰਘੁਬੀਰ ਲੋਕਾਂ ਦਾ - ਮਜ਼ਦੂਰਾਂ ਦਾ — ਲਿਖਾਰੀ ਹੈ। ਉਸ ਦੀਆਂ ਲਿਖਤਾਂ ਉਸ ਦੇ ਆਪਣੇ ਅਮਲੀ ਤਜਰਬੇ, ਆਪਣੇ ਆਲੇ ਦੁਆਲੇ ਠੋਸ ਵਾਪਰਦੀਆਂ ਘਟਨਾਵਾਂ ਅਤੇ ਆਪਣੇ ਜੀਵਨ ਤੇ ਆਧਾਰਤ ਹਨ। ਉਹ ਲੋਕਾਂ ਵਿਚ ਵਿਚਰਦਾ ਹੈ ਅਤੇ ਹਰ ਗਲ ਨੂੰ ਬੜੀ ਨੀਝ, ਤੀਖਣ ਬੁੱਧੀ ਨਾਲ ਦੇਖਦਾ ਅਤੇ ਮਾਰਕਸੀ ਲੈਨਿਨੀ ਵਿਗਿਆਨਕ ਫਲਸਫੇ ਦੇ ਅਨੁਸਾਰੀ ਅਤੇ ਉਸ ਤੇ ਪੂਰੀ ਤਰ੍ਹਾਂ ਉਤਰਦਾ ਹੋਇਆ ਲਿਖਦਾ ਹੈ। ਉਸ ਦੀ ਕਲਾ ਦੀ ਨਿਪੁੰਨਤਾ, ਲਿਖਣ ਢੰਗ, ਗਲ ਕਹਿਣ ਤੇ ਸਮਝਾਉਣ ਦਾ ਸਾਦਾ ਪਰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕਾ ਅਤੇ ਅਤਿ ਪਾਲਿਸ਼ ਕੀਤੀ ਹੋਈ ਧੁਰ ਹਿਰਦੇ ਦੇ ਅੰਦਰ ਤੱਕ ਭਾਵੁਕ ਤੌਰ ਤੇ ਅਸਰਦਾਇਕ ਅਤੇ ਨਾਲ ਹੀ ਬੌਧਿਕ ਤੌਰ ਤੇ ਸਰਲ ਢੰਗ ਨਾਲ ਵੱਡੀ ਗੱਲ ਨੂੰ ਸਮਝਾਉਣ ਵਾਲੀ ਸ਼ਬਦਾਵਲੀ ਤੇ ਜ਼ਬਾਨ ਬਾਰੇ ਤਾਂ ਲਿਖਣ ਦੀ ਲੋੜ ਹੀ ਨਹੀਂ ਕਿਉਂਕਿ ਉਹ ਤਾਂ ਆਪਣੇ ਆਪ ਹੀ ਜ਼ਾਹਰ ਹਨ ਅਤੇ ਦੂਜੇ ਉਹ ਇਸ ਹਥਲੇ ਲੇਖ ਦਾ ਵਿਸ਼ਾ ਨਹੀਂ। ਉਸ ਵਿਸ਼ੇ ਬਾਰੇ ਭੀ ਕਿਸੇ ਸਮੇਂ ਲਿਖਾਂਗਾ ਕਿਉਂਕਿ ਬਹੁਤ ਸਾਰੀਆਂ ਕਹਾਣੀਆਂ, ਕਹਾਣੀਆਂ ਦੇ ਸੰਗ੍ਰਹਿ ਦੀਆਂ ਘਟਨਾਵਾਂ ਤੇ ਪਾਤਰਾਂ ਬਾਰੇ ਮੈਨੂੰ ਪਤਾ ਹੈ ਤੇ ਉਹਨਾਂ ਬਾਰੇ ਕਿਵੇਂ ਲਿਖਿਆ ਗਿਆ। ਰਘੁਬੀਰ ਇਸ ਸਮੇਂ ਪੰਜਾਬੀ ਜਗਤ ਦੇ ਉਚ ਕੋਟੀ ਦੇ ਲਿਖਾਰੀਆਂ ਵਿਚੋਂ ਹੈ ਅਤੇ ਕਲਾਤਮਿਕ ਤੌਰ ਤੇ ਬਹੁਤ ਹੀ ਉਚ ਪਾਏ ਦਾ ਲੇਖਕ ਹੈ। ਉਸਦੀ ਬੋਲੀ ਬਹੁਤ ਹੀ ਮਿੱਠੀ ਅਤੇ ਸਾਦੀ ਹੈ। ਉਸ ਵਿਚ ਬਹੁਤ ਬਾਰੀਕੀ, ਡੂੰਘਾਈ, ਉਚਤਾ ਅਤੇ ਬਹੁਤ ਚੌੜਾਈ ਅਤੇ ਫੈਲਾਅ ਵਾਲੀਆਂ ਵਿਸ਼ੇਸ਼ਤਾਈਆਂ ਹਨ।

ਇਸ ਸਭ ਦਾ ਕਾਰਨ ਇਹ ਹੈ ਕਿ ਰਘੁਬੀਰ ਪਿੰਡ ਦੇ ਇਕ ਖੇਤੀ ਕਰਨ ਵਾਲੇ ਵੱਡੇ ਪਰਿਵਾਰ ਵਿਚ ਜੰਡਾਲੀ (ਸੰਗਰੂਰ) ਪਿੰਡ ਦਾ ਜੰਮਪਾਲ ਤੇ ਆਪਣੀ ਕਿਸਮਤ ਆਪ ਘੜਨ ਵਾਲਾ ਲੋਕਾਂ ਦਾ ਲੇਖਕ ਹੈ (ਹਾਂ ਉਸ ਦੀ ਪਰਵਰਿਸ਼ ਵਿਚ ਉਸ ਦੇ ਵੱਡੇ ਭਾਈ ਜਾਗੀਰੀ ਮੱਲ ਢੰਡ ਜੋ ਪੰਜਾਬ ਦੇ ਵਿਦਿਅਕ ਮਹਿਕਮੇ ਦੇ ਡਾਇਰੈਕਟਰ ਦੇ ਤੌਰ ਤੇ ਰੀਟਾਇਰ ਹੋਏ ਅਤੇ ਉਹ ਭੀ Self made ਵਿਅਕਤੀ ਹਨ ਜਿਹਨਾਂ ਬਾਰੇ ਤੁਸੀਂ "ਹੰਢਣਸਾਰ" ਕਹਾਣੀ (ਕਲਮ) ਵਿਚ ਪੜ੍ਹ ਸਕਦੇ ਹੋ। ਅੱਵਲ ਤਾਂ ਮਾਤਾ ਪਿਤਾ ਅਤੇ ਸਾਰੇ ਪਰਿਵਾਰ ਵਾਰੇ ਹੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਰਘੁਬੀਰ ਜਿਥੇ ਉਚਕੋਟੀ ਦਾ ਬੁੱਧੀਜੀਵੀ ਹੈ — ਉਹਨਾਂ ਨੂੰ ਉਤਰੀ ਕੋਰੀਆ ਦੀ ਯੂਨੀਵਰਸਿਟੀ ਨੇ 'ਜੱਚੇ' ਦੇ ਸਿਧਾਂਤ ਤੇ ਥੀਸਿਜ਼ ਲਿਖਣ ਤੇ ਡਾਕਟਰੇਟ ਦੀ ਡਿਗਰੀ ਦਿੱਤੀ, ਉਥੇ ਭਾਵੁਕ ਭੀ ਕਾਫੀ ਹੈ ਅਤੇ ਆਪਣੇ ਮਾਤਾ ਜੀ ਵਾਰੇ ਗੱਲਾਂ ਕਰਨ ਸਮੇਂ ਭਾਵੁਕ ਭੀ ਹੋ ਜਾਂਦਾ ਹੈ ਜੋ ਕੁਦਰਤੀ ਗੱਲ ਹੈ। ਪਰ ਆਮ ਹੀ ਹੋਰ ਵਿਸ਼ਿਆਂ ਨੂੰ ਦਲੀਲ ਦੀ ਕਸਵੱਟੀ ਤੇ ਭੀ ਤੋਲਦਾ ਹੈ। ਰਘੁਬੀਰ ਇਸ ਕਰਕੇ ਭੀ ਇਸ ਅਵਸਥਾ ਤੇ ਪੁੱਜਾ ਹੈ ਕਿ ਉਹ ਬਹੁਤ ਹੀ ਮਿਹਨਤੀ ਹੈ। ਸਮੇਂ ਦਾ ਬਹੁਤ ਹੀ ਪਾਬੰਦ ਹੈ। ਇੰਨੀ ਖਰਾਬ ਸਿਹਤ ਦੇ ਹੁੰਦੇ ਹੋਏ ਭੀ (ਜਿਥੇ ਤੁਰਨਾ ਤੇ ਪੌੜੀਆਂ ਚੜ੍ਹਨਾ ਭੀ ਮੁਹਾਲ ਹੋਵੇ) ਬਾਰਾਂ ਤੋਂ ਸੋਲਾਂ ਘੰਟੇ ਰੋਜ਼ ਪੜ੍ਹਨਾ ਅਤੇ ਲਿਖਣਾ ਉਸ ਦਾ ਨਿਤਨੇਮ ਹੈ। ਆਮ ਲਿਖਾਰੀਆਂ ਨੂੰ ਗਲਤ ਫਹਿਮੀ ਹੋ ਜਾਂਦੀ ਹੈ ਕਿ ਉਹਨਾਂ ਨੂੰ ਬਹੁਤ ਆਉਂਦਾ ਹੈ, ਹਾਲਾਂ ਕਿ ਉਹ ਆਪਣੇ ਲਿਖਣ ਤੋਂ ਬਿਨਾਂ ਜੀਵਨ (ਭਾਵ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਪੱਖਾਂ) ਬਾਰੇ ਬਹੁਤ ਹੀ ਘੱਟ ਪੜ੍ਹਦੇ ਹਨ ਪਰ ਰਘੁਬੀਰ ਇਹਨਾਂ ਵਿਸ਼ਿਆਂ ਬਾਰੇ ਭੀ ਬਹੁਤ ਜ਼ਿਆਦਾ ਪੜ੍ਹਦਾ ਹੈ ਅਤੇ ਫਿਰ ਉਹਨਾਂ ਬਾਰੇ ਦੂਜੇ ਨਾਲ ਖਿਆਲ ਭੀ ਸਾਂਝੇ ਕਰਦਾ ਹੈ। ਇਹ ਭੀ ਕਾਰਨ ਹੈ ਕਿ ਉਹ ਲਗਾਤਾਰ ਲੋਕਾਂ ਨਾਲ ਜੁੜਿਆ ਰਹਿੰਦਾ ਹੈ ਅਤੇ ਲੋਕਾਂ ਦੇ ਸਵਾਲਾਂ ਤੇ ਸੰਘਰਸ਼ਾਂ ਦੇ ਨਾਲ ਤੁਰਦਾ ਹੈ। ਉਸਨੂੰ ਆਮ ਲੋਕਾਂ ਤੋਂ ਮੁਸ਼ਕ ਨਹੀਂ ਆਉਂਦਾ ਅਤੇ ਲੋਕ ਦੁਸ਼ਮਣਾਂ ਨਾਲ ਅਤਿ ਦੀ ਨਫਰਤ ਕਰਦਾ ਹੈ ਅਤੇ ਲੋਟੂ ਜਮਾਤ, ਲੋਕ ਲਹਿਰਾਂ ਦੇ ਦੋਖੀਆਂ, ਲੋਕਾਂ ਵਿਚ ਧਰਮ, ਜ਼ਾਤ, ਇਲਾਕਾ ਅਤੇ ਰੰਗ ਆਦਿ ਦੇ ਮਸਲੇ ਤੇ ਵੰਡੀਆਂ ਪਾਉਣ ਵਾਲਿਆਂ ਦਾ ਕੱਟੜ ਵਿਰੋਧੀ ਹੈ ਅਤੇ ਉਹਨਾਂ ਨਾਲ ਕਿਸੇ ਭਹ ਲੈ ਦੇ (ਭਾਵ ਸਮਝੌਤੇ ਆਦਿ ਦੇ) ਬਹੁਤ ਵਿਰੁਧ ਹੈ। ਇਹਨਾਂ ਦੀ ਅਮਲੀ ਤੌਰ ਤੇ ਬਰਾਬਰ ਦੀ ਸਾਥਣ ਪ੍ਰਕਾਸ਼ ਭੀ ਇਉਂ ਹੀ ਹੈ। ਪ੍ਰਕਾਸ਼ ਭੀ ਬਹੁਤ ਹੀ ਦ੍ਰਿੜ ਇਰਾਦੇ ਵਾਲੀ, ਅਨੁਸ਼ਾਸਨ ਵਾਲੀ, ਕੰਮ ਲਈ ਪੰਜ ਤੱਤਾਂ ਦਾ ਬਣਿਆ ਹੋਇਆ ਪਤਲਾ ਸੁੰਦਰ ਸਰੀਰ ਜੋ ਫੌਲਾਦ ਤੋਂ ਭੀ ਵੱਧ ਮਜ਼ਬੂਤ ਤੇ ਅਣਥੱਕ ਹੈ ਅਤੇ ਰਘੁਬੀਰ ਦੀ ਕਹਾਣੀ ਦੇ ਪਲਾਟ, ਡਰਾਫਟ ਅਤੇ ਫਾਈਨਲ ਕਾਪੀ ਦੀ ਆਲੋਚਕ ਭੀ ਹੈ

ਰਘੁਬੀਰ ਕਿਸੇ ਪਹਾੜੀ ਦੀ ਚੋਟੀ ਜਾਂ ਖੁੱਦਰ ਜਾਂ ਕਿਸੇ ਆਰਾਮਗਾਹ ਵਿਚ ਬੈਠ ਕੇ ਨਹੀਂ ਲਿਖਦਾ ਅਤੇ ਨਾ ਹੀ ਕੋਈ ਬੁਝਾਰਤਾਂ ਪਾਉਂਦਾ ਹੈ। ਰਘੁਬੀਰ ਦੀ ਕਲਾ ਸਿਰਫ ਕਲਾ ਲਈ ਨਹੀਂ ਬਲਕਿ ਲੋਕਾਂ ਲਈ ਹੈ ਅਤੇ ਲੋਕ ਜਮਹੂਰੀਅਤ ਤੇ ਮਜ਼ਦੂਰ ਵਰਗ ਦੀ ਸਰਦਾਰੀ ਲਈ ਬਚਨਬੱਧ ਹੈ। ਪਰ ਉਹ ਨਾਅਰੇਬਾਜ਼ੀ ਨਹੀਂ ਕਰਦਾ ਦਲੀਲ ਤੇ ਕਲਾ ਅਤੇ ਠੋਸ ਫਲਸਫੇ ਨਾਲ ਦਿਲੋਂ ਦਿਮਾਗ ਦੀਆਂ ਡੂੰਘਾਈਆਂ ਤੇ ਅਸਰ ਅੰਦਾਜ਼ ਹੁੰਦਾ ਹੈ। ਆਮ ਜੀਵਨ ਵਿਚ ਉਸ ਦਾ ਗੱਲ ਕਰਨ ਦਾ ਢੰਗ ਭੀ ਬਹੁਤ ਸਾਦਾ ਪਰ ਇੰਨਾ ਸੁੰਦਰ ਤੇ ਪ੍ਰਭਾਵਸ਼ਾਲੀ ਕਿ ਬੰਦਾ ਕੀਲਿਆ ਜਾਂਦਾ ਹੈ। ਉਸ ਨਾਲ ਪਹਿਲੀ ਮਿਲਣੀ ਤੇ ਹੀ ਉਸ ਨਾਲ ਜੁੜ ਜਾਂਦਾ ਹੈ ਅਤੇ ਮੁੜ ਮੁੜ ਉਸ ਨੂੰ ਮਿਲਣਾ ਚਾਹੁੰਦਾ ਹੈ।

ਸਾਧਾਰਣ ਪੇਂਡੂ ਕਿਸਾਨੀ ਮਾਹੌਲ ਵਿਚੋਂ ਉਠ ਕੇ ਅੱਜ ਅੰਤਰ-ਰਾਸ਼ਟਰੀ ਪੈਮਾਨੇ ਤੇ ਪੰਜਾਬੀ ਭਾਈਚਾਰੇ ਵਿਚ ਪੜ੍ਹੇ ਤੇ ਸਤਿਕਾਰੇ ਜਾਣ ਵਾਲੇ ਲਿਖਾਰੀ ਦੀ ਸਫਲਤਾ ਦਾ ਇਹ ਭੀ ਕਾਰਨ ਹੈ ਕਿ ਉਹ ਹਰ ਕਹਾਣੀ ਅਤੇ ਕਿਰਤ ਲਈ ਪੂਰੀ ਖੋਜ ਕਰਦਾ ਹੈ। ਪਾਤਰ ਦੇ ਮਨੋਵਿਗਿਆਨ, ਸਮਾਜੀ ਸਮਝ ਅਤੇ ਪੋਸ਼ਾਕ ਆਦਿ ਵਾਰੇ ਪੁੱਛ ਪੜਤਾਲ ਅਤੇ ਖੋਜ ਪਿਛੋਂ (ਕਿ ਇਹ ਠੀਕ ਹੈ ਅਤੇ ਇਉਂ ਹੀ ਹੁੰਦਾ ਹੈ) ਲਿਖਦਾ ਹੈ। ਲੋਕਾਂ ਵਿਚ ਵਿਚਰਦਾ ਹੋਇਆ, ਉਹਨਾਂ ਨੂੰ ਸੁਣਦਾ ਅਤੇ ਘੋਖਦਾ ਹੈ। ਜਿਵੇਂ ਮੈਂ ਪਹਿਲਾਂ ਆਖਿਆ ਹੈ, ਮੁਖ ਪਲਾਟ ਉਸ ਦੇ ਆਲੇ ਦੁਆਲੇ ਅਤੇ ਤਜਰਬੇ ਵਿਚ ਵਾਪਰਦੇ ਹਨ। ਜਿਵੇਂ "ਮੂੰਹ ਉਤੇ ਹੱਥ" ਸਾਊਥਾਲ (ਇੰਗਲੈਂਡ) ਵਿਚ ਘਰਾਂ ਦੀ ਸਮੱਸਿਆ ਅਤੇ ਕਿਰਾਏਦਾਰਾਂ ਤੇ ਖਾਸ ਕਰ ਬੱਚਿਆਂ ਵਾਲਿਆਂ ਤੰਗੀ ਵਾਰੇ ਹੈ ਅਤੇ ਇਹ ਘਟਨਾ ਉਸ ਨਾਲ ਵਾਪਰੀ ਜਦੋਂ ਇਸ ਦੀ ਛੋਟੀ ਬੱਚੀ ਅੰਜਮ (ਜੋ ਅੱਜ ਕਲ ਡਾਕਟਰੀ ਕਰਕੇ ਇਨਟਰਨਸ਼ਿਪ ਕਰ ਰਹੀ ਹੈ) ਰੋਂਦੀ ਤਾਂ ਘਰ ਦਾ ਮਾਲਕ ਕੋੜਦਾ ਅਤੇ ਇਹ ਤੇ ਪ੍ਰਕਾਸ਼, ਅੰਜਮ ਦੇ ਮੂੰਹ ਤੇ ਹੱਥ ਰੱਖ ਕੇ ਚੁੱਪ ਕਰਾਉਂਦੇ ਤੇ ਆਵਾਜ਼ ਬੰਦ ਕਰ ਦਿੰਦੇ। ਪਰ ਆਖਰ ਇਹਨਾਂ ਨੂੰ ਆਪਣੀ ਨਨੀ ਜਿਹੀ ਬੱਚੀ ਨੂੰ ਵਾਪਸ ਭਾਰਤ ਭੇਜਣਾ ਪਿਆ ਅਤੇ ਮੁੜ 1971 ਵਿਚ ਜਦੋਂ ਇਹਨਾਂ ਆਪਣਾ ਘਰ ਬਰੈਡਫੋਰਡ ਲੈ ਲਿਆ ਤਾਂ ਨਾਲ ਮਜੋਠੇ ਤੋਂ ਵਾਪਸ ਇੰਗਲੈਂਡ ਮੰਗਵਾਈ। ਰਘੁਬੀਰ ਉਸ ਸਮੇਂ ਲੈਂਡਲਾਰਡਾਂ ਬਾਰੇ ਗੱਲਾਂ ਕਰਨ ਸਮੇਂ ਭਾਵੁਕ ਹੋ (ਜਿਹਨਾਂ ਨੂੰ ਗਮਨੇ ਆਖਦਾ ਹੈ ਕਿਉਂਕਿ ਪੱਬਾਂ ਦੇ ਇੰਚਾਰਜ ਨੂੰ ਗਵਰਨਰ ਆਖਦੇ ਹਨ ਅਤੇ ਆਪਣੇ ਬੰਦਿਆਂ ਨੇ ਉਸ ਦਾ ਪੰਜਾਬੀ ਕਰਣ ਕਰਕੇ 'ਗਮਨਾ' ਬਣਾ ਲਿਆ ਤੇ ਘਰ ਦੇ ਮਾਲਕ ਨੂੰ ਭੀ ਤਨਜ਼ ਨਾਲ ਗਮਨਾ ਆਖਦੇ) ਜਾਂਦਾ ਅਤੇ ਰੋਹ ਵਿਚ ਭੀ ਆਉਂਦਾ।

ਰਘੁਬੀਰ ਦੀ ਸਫਲਤਾ ਪਿਛੇ ਪ੍ਰਕਾਸ਼ ਦਾ ਬਹੁਤ ਵੱਡਾ ਹੱਥ ਹੈ। ਮੈਂ ਇਹ ਨਹੀਂ ਆਖ ਰਿਹਾ ਕਿ ਹਰ ਉਚ ਕੋਟੀ ਦੇ ਵਿਅਕਤੀ ਪਿਛੇ ਔਰਤ ਦਾ ਹੱਥ ਹੁੰਦਾ ਹੈ। ਮੈਂ ਆਖਦਾ ਹਾਂ ਕਿ ਔਰਤ ਬਰਾਬਰ ਹੈ (ਭਾਵੇਂ ਸਾਰੇ ਲੋਕ ਆਖਦੇ ਜ਼ਰੂਰ ਹਨ ਪਰ ਅਸਲ ਵਿਚ 99 ਫੀਸਦੀ ਔਰਤ ਦੀ ਬਰਾਬਰੀ ਬਰਦਾਸ਼ਤ ਹੀ ਨਹੀਂ ਕਰਦੇ) ਅਤੇ ਬਰਾਬਰ ਤੋਂ ਵੱਧ ਕੰਮ ਕਰਦੀ ਤੇ ਘਰ ਦੀ ਆਰਥਿਕਤਾ ਲਈ ਬਹੁਤ ਜ਼ਿਆਦਾ (ਜਿਵੇਂ ਬਾਹਰ ਕੰਮ ਕਰਨਾ, ਘਰ ਦਾ ਕੰਮ ਕਰਨਾ ਅਤੇ ਫਿਰ ਆਦਮੀ ਦੀ ਸੇਵਾ ਆਦਿ) ਹਿਸਾ ਪਾਉਂਦੀ ਹੈ ਅਤੇ ਔਰਤ ਬਰਾਬਰ ਖੜ੍ਹਦੀ ਹੈ। ਪ੍ਰਕਾਸ਼ ਨੇ ਬਰਾਬਰ ਖੜਨ ਤੋਂ ਭੀ ਵੱਧ ਹਿਸਾ ਪਾਇਆ ਹੈ ਅਤੇ ਪ੍ਰਕਾਸ਼ ਤੋਂ ਬਿਨਾਂ ਰਘੁਬੀਰ ਦੀ ਸਰੀਰਕ ਅਵਸਥਾ ਤੇ ਸਾਹਿਤ ਕਿਰਤ ਕਿਹੋ ਜਿਹੀ ਹੁੰਦੀ, ਕਿਆਸਣੀ ਮੁਸ਼ਕਲ ਹੈ। ਅਸੀਂ ਪ੍ਰਕਾਸ਼ ਨੂੰ ਬੱਸਾਂ ਉਪਰ ਤੇ ਪੈਦਲ ਬਰਫ਼ ਵਿਚ ਦੀ ਤੁਰੀ ਜਾਂਦੀ ਵੇਖ ਸਕਦੇ ਹਾਂ ਅਤੇ ਮੁੜ ਘਰ ਵਿਚ "ਢੰਡ ਸਾਹਿਬ" "ਢੰਡ ਸਾਹਿਬ" ਕਰਦੀ ਤੇ ਇਸ ਦੀ ਪੂਰੀ ਤੀਮਾਰਦਾਰੀ ਤੇ ਸੇਵਾ ਕਰਦੀ ਨੂੰ ਵੇਖਦੇ ਹਾਂ। ਪ੍ਰਕਾਸ਼ ਤੇ ਰਘੁਬੀਰ ਅਨਿਖੜਵੇਂ ਨਾਮ ਹਨ ਅਤੇ ਪ੍ਰੇਮ ਵਿਵਾਹ ਰਾਹੀਂ ਤੀਹ ਸਾਲ ਪਹਿਲਾਂ ਵੀਹ ਮਈ 1958 ਨੂੰ ਬਣੀ ਜੋੜੀ ਇਕ ਮਿਸਾਲ ਵਾਲੀ ਜੋੜੀ ਹੈ। ਪ੍ਰਕਾਸ਼ ਬਹੁਤ ਨਰਮ ਦਿਲ, ਸਰਲ ਸੁਭਾਅ ਅਤੇ ਮੁਸੱਮਮ ਇਰਾਦੇ ਦੀ ਔਰਤ ਹੈ। ਪ੍ਰਕਾਸ਼ ਮੇਰੀ ਪਤਨੀ ਹਰਮਿੰਦਰ ਨਾਲ ਬੜੀ ਭੈਣ ਵਾਂਗ ਸਲੂਕ ਅਤੇ ਦਿਲੀ ਪ੍ਰੇਮ ਕਰਦੀ ਹੈ। ਜਿਸ ਕਰਕੇ ਪ੍ਰਕਾਸ਼ ਦੇ ਗੁਣ, ਪਰਿਵਾਰਿਕ ਸੰਬੰਧਾਂ ਨਾਲ ਹੋਰ ਭੀ ਉਜਾਗਰ ਹੁੰਦੇ ਹਨ। ਪ੍ਰਕਾਸ਼ ਰਘੁਬੀਰ ਨੂੰ ਚੜ੍ਹਦੀ ਕਲਾ ਵਿਚ ਰਖਣ ਅਤੇ ਮੌਲਿਕ ਤੇ ਸਿਰਜਣਾਤਮਕ ਰਚਨਾ ਕਰਨ ਵਿਚ ਸਹਾਈ ਹੁੰਦੀ ਹੈ। ਫਿਰ ਵੀ ਪ੍ਰਕਾਸ਼ ਦੀ ਆਪਣੀ ਆਜ਼ਾਦ ਸ਼ਖਸੀਅਤ ਹੈ।

ਰਘੁਬੀਰ ਇਸ ਕਰਕੇ ਭੀ ਮੌਲਿਕ ਤੇ ਰਚਨਾਤਮਕ ਹੈ ਕਿ ਉਹ ਬਹੁਤ ਪੜ੍ਹਦਾ ਭੀ ਹੈ ਅਤੇ ਹਰ ਘਟਨਾ ਅਤੇ ਹਕੀਕਤ ਨੂੰ ਤਾਰਕਿਕ ਤੇ ਵਿਰੋਧੀ ਵਿਕਾਸ਼ੀ ਢੰਗ ਨਾਲ ਸਮੁੱਚਤ (totality) ਵਿਚ ਵੇਖਦਾ ਹੈ ਅਤੇ ਫਿਰ ਘਟਨਾ, ਗਲ, ਛਿਣ ਆਦਿ ਨੂੰ ਰੂਪਮਾਣ ਕਰਦਾ ਹੈ। ਰਚਨਾਤਮਕ ਹੋਣ ਲਈ ਜਿਥੇ ਪੜ੍ਹਨਾ ਜ਼ਰੂਰੀ ਹੈ ਉਥੇ ਉਹ ਲੋਕਾਂ ਨੂੰ ਸਮਝਣਾ, ਤੇ ਸਮੇਂ ਦੇ ਅਨੁਸਾਰੀ ਹੈ। ਜਿਥੇ ਉਹ ਲਿਖਣ ਲਈ ਬਹੁਤ ਹੀ

→



ਬੈਠੇ ਹੋਏ — ਪ੍ਰਕਾਸ਼ ਢੰਡ, ਹਰਮਿੰਦਰ ਕੌਰ ਸੰਘੇੜਾ, ਕਮਲਜੀਤ ਮਾਨ, ਗੁਰਮੀਤ ਤੂਰ, ਚਰਨਜੀਤ
ਖੜ੍ਹੇ — ਬਲਦੇਵ ਮਾਨ, ਦਰਸ਼ਨ ਗਿੱਲ, ਰਘੁਬੀਰ ਢੰਡ, ਗੁਰਨਾਮ ਸਿੰਘ ਸੰਘੇੜਾ

ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ

ਵਲੋਂ

18ਵੀਂ ਐਨੀਵਰਸਰੀ ਸੇਲ



ਮੈਨੂੰ 28 ਮਈ ਦਿਨ ਸਨਿਚਰਵਾਰ ਤੋਂ ਪੰਜਾਬੀ ਮਾਰਕਿਟ ਵਿਚ ਆਪਣੇ ਵਪਾਰ ਦੀ 18ਵੀਂ ਐਨੀਵਰਸਰੀ ਦਾ ਐਲਾਨ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ। ਪਿਛਲੇ ਅਠਾਰਾਂ ਸਾਲਾਂ ਵਿਚ ਸਾਨੂੰ ਸਭ ਸਹਿਯੋਗੀਆਂ ਵਲੋਂ ਬਹੁਤ ਨਿੱਘਾ ਸਾਥ ਮਿਲਿਆ ਹੈ ਅਤੇ ਪੰਜਾਬੀ ਮਾਰਕਿਟ ਨੇ ਵੀ ਬੇਹੱਦ ਉਨੱਤੀ ਕੀਤੀ ਹੈ। ਤੁਹਾਡੀ ਸਹਿਯੋਗਤਾ ਲਈ ਅਸੀਂ ਰਿਣੀ ਹਾਂ ਅਤੇ ਇਸ ਅਠਾਰ੍ਹਵੀਂ ਐਨੀਵਰਸਰੀ ਦੇ ਸਮੇਂ ਸਾਡੇ ਸਟੋਰ ਤੇ ਲੱਗੀ ਸੇਲ ਦਾ ਲਾਭ ਉਠਾਉਣ ਲਈ ਸੱਦਾ ਦਿੰਦੇ ਹਾਂ।

ਜੇ ਅਸੀਂ ਕਿਸੇ ਸੇਵਾਂ ਤੋਂ ਅਸਮਰਥ ਵੀ ਹੋਵਾਂਗੇ ਤਾਂ ਤੁਸੀਂ ਪੰਜਾਬੀ ਮਾਰਕਿਟ ਦੇ ਹੋਰ ਸਟੋਰਾਂ ਤੋਂ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹੋ। ਸਾਡੀ ਐਨੀਵਰਸਰੀ ਪੰਜਾਬੀ ਮਾਰਕਿਟ ਦਾ ਜਨਮ ਦਿਨ ਗਿਣਿਆ ਜਾਂਦਾ ਹੈ ਕਿਉਂਕਿ ਸਾਡਾ ਸਟੋਰ ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਸਟੋਰ ਹੈ, ਜਿਸ ਦੀ ਸ਼ੁਰੂਆਤ 31 ਮਈ 1970 ਨੂੰ ਹੋਈ ਸੀ।

- ਸੁੱਚਾ ਸਿੰਘ ਕਲੇਰ

ਕੀਮਤਾਂ ਵਿਚ ਕਟੌਤੀ

ਪਲੇਨ ਸਿਲਕ PLAIN SILK
REG. $12.00 .... **NOW $7.99 YD.**

ਸਿਲਕ ਦੀ ਕਢਾਈ ਵਾਲੇ ਸੂਟ
(SILK EMBROIDED SUIT)
REG. $295 .... **NOW $175**

ਪੈਲਸ ਯਕਾਰਡ
REG. $7.00 ਤੱਕ .... **NOW $3.50 YD.**

ਪਲੇਨ 6½ ਗਜ਼ ਸਿਲਕ ਸਾੜ੍ਹੀਆਂ
(PLAIN SAREES) — 6½ YD. **NOW 2 FOR $59.99**

ਪਲੇਨ (118" Wide) ਜਾਲੀ
(IVORY & CHAMP)
REG. $9.00 .... **NOW $4.50 YD.**

ਬੁਕਲੇ ਸ਼ੀਅਰ
(118" WIDE)
REG. $25.00 .... **NOW $9.99 YD.**

ਪੌਲਿਸਟਰ ਪ੍ਰਿੰਟ ਸੂਟ
POLYESTER PRINT SUIT)
4 YDS. .... **$6.99 to $45**

ਸਿਲਕ ਦੀਆਂ ਸਾੜ੍ਹੀਆਂ
SILK SAREES
20-50% OFF

ਉਪਰੋਕਤ ਤਾਂ ਕੁਝ ਉਦਾਹਰਨਾਂ ਹੀ ਹਨ, ਬਾਕੀ ਆ ਕੇ ਦੇਖੋ।

ਸੇਲ ਕੀਮਤਾਂ ਸਮਾਨ ਦੇ ਖਤਮ ਹੋਣ ਤੱਕ ਹੀ ਹਨ



"COME & SAVE"

BIG MAC ਮੁਫਤ*



ਸਾਡੀ ਇਸ ਸਾਲਾਨਾ ਸੇਲ ਵਿਚ ਆ ਕੇ ਹਰ ਵੀਹ ਡਾਲਰ ਦੀ ਖਰੀਦ ਕਰਨ ਵਾਲੇ ਨੂੰ MacDonald ਕੰਪਨੀ ਨੇ BIG MAC ਦਾ ਕੂਪਨ ਮੁਫਤ ਦਿੱਤਾ ਜਾਵੇਗਾ। ਜਿਸ ਦਾ ਸੁਆਦ 445 ਮੇਨ ਸਟਰੀਟ ਅਤੇ 5907 ਫਰੇਜ਼ਰ ਸਟਰੀਟ ਵਾਲੇ ਮੈਕਡਾਨਲਡ ਤੇ ਤੁਸੀਂ ਮਾਣ ਸਕਦੇ ਹੋ। ਕੂਪਨ 28 ਮਈ ਤੋਂ 12 ਜੂਨ ਤੱਕ ਹੀ ਮਿਲ ਸਕਣਗੇ।

COME & SAVE


UP TO **55%** ON

ABBEY WINDOW COVERINGS

PRODUCTS



VERTICAL BLINDS:
Total light control - energy efficient - and totally beautiful vertical blinds. They're as elegant as formal draperies and come in hundreds of colors, patterns and textures. They can even be customized with your own fabric or wallcovering! And right now, during this special sale, they're an even better value than ever!



BLIND LOVE
Contemporary or traditional — fashion colors, metallics, prints or rich wood grains — you'll fall in love with all the decorating possibilities of one-inch mini or half-inch micro window blinds. And their energy saving practicality and attractive sale price will keep your love growing in the years to come.

SHAN SAREES & DRAPERY LTD.

6543 MAIN ST., VANCOUVER, B.C. **Ph. 321-1955 OR 321-0847**

ANNOUNCEMENT

WE ARE OPEN AGAIN
SAME LOCATION

NEW!
THE SHORT TERM HALF NOW, HALF LATER POLICY.
Autoplan



ਪ੍ਰਿਤਪਾਲ ਸਿੰਘ ਨਰਵਾਲ

ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿ:



ਜਸਬਰ ਕੌਰ ਨਰਵਾਲ
B.A. (U.B.C.) A.I.B. I & II

MURRICK INSURANCE SERVICES LTD.

ਪ੍ਰਿਤਪਾਲ ਸਿੰਘ ਨਰਵਾਲ

ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ ਐਲ. ਬੀ., (ਹਰਿਆਣਾ)
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣ ਉਣੇ ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ
- ਲੀਜ਼ ਦੇ ਕਾਗਜ਼ ਬਣਾਉਣੇ
- ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ
- ਬੱਚੇ ਅਡਾਪਟ (ਗੋਦ ਲੈਣਾ) ਕਰਨਾ

ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿਮਿਟਿਡ

MURRICK INSURANCE SERVICES LTD.

- ਘਰਾਂ ਦੀ ਇਨਸ਼ੋਰੈਂਸ
- ਬਿਜਨਸ ਦੀ ਇਨਸ਼ੋਰੈਂਸ
- ਕਮਰਸ਼ੀਅਲ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਲਾਈਫ ਇਨਸ਼ੋਰੈਂਸ
- ਐਕਸੀਡੈਂਟ ਤੇ ਸਿਕਨਸ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ

FAST SERVICE

OPEN
9 A.M. TO 5 P.M. (MON. TO FRI.)
SAT. 10 A.M. TO 3 P.M.

ਖੁਸ਼ਖਬਰੀ



Autoplan
1988 INSURANCE AND LICENCE

1. ਸਾਨੂੰ ਘਰਾਂ ਦੀ ਇਨਸ਼ੋਰੈਂਸ, ਕਮਰਸ਼ੀਅਲ ਇਨਸ਼ੋਰੈਂਸ ਤੇ ਲਾਈਫ ਇਨਸ਼ੋਰੈਂਸ ਲਿਖਣ ਲਈ ਦਸ ਕੰਪਨੀਆਂ ਦੀ ਹਿਮਾਇਤ ਹਾਸਲ ਹੈ
2. ਆਪਣੇ ਘਰ ਦੀ ਇਨਸੋਰੈਂਸ ਜਾਂ ਕਿਸੇ ਕਿਸਮ ਦੀ ਇਨਸ਼ੋਰੈਂਸ ਕਰਵਾਉਣ ਲਈ ਸਾਨੂੰ ਪਹਿਲਾਂ ਫੋਨ ਕਰੋ ਤੇ ਰੇਟ ਚੈਕ ਕਰੋ।
3. ਜੋ ਇਨਸ਼ੋਰੈਂਸ ਅਸੀਂ ਪਹਿਲਾਂ ਆਪਦੇ ਘਰ ਦੀ ਜਾਂ ਕਾਰ ਦੀ ਲਿਖ ਚੁੱਕੇ ਹਾਂ, ਉਹ ਛੇਤੀ ਤੋਂ ਛੇਤੀ ਸਾਡੇ ਹੇਠ ਲਿਖੇ ਫੋਨ ਤੇ ਸੰਪਰਕ ਕਰੋ।
4. ਆਪ ਸਾਡੇ ਦਫਤਰ ਵਿਚ ਟਾਈਮ ਕੱਢ ਕੇ ਦਰਸ਼ਨ ਦਿਓ।

ਆਪਦੇ ਦਰਸ਼ਨ . ਅਭਿਲਾਸ਼ੀ:

OFF. 325-4744
6415 MAIN ST. (at 48th., Ave.)
VANCOUVER, B.C.

OFF. 325-4744
6415 MAIN ST. (at 48th., AVE
VANCOUVER, B.C.

ਸਾਧਨਾ ਕਰਦਾ ਹੈ, ਉਥੇ ਪੜ੍ਹਨ ਦੀ ਭਗਤੀ ਭੀ ਕਰਦਾ ਹੈ। ਸਾਹਿਤਕ ਰਚਨਾਵਾਂ ਤਾਂ ਬਹੁਤ ਪੜ੍ਹੀਆਂ ਹਨ। ਪਰ ਇਸ ਦੇ ਨਾਲ ਨਾਲ ਭਾਰਤੀ ਦਰਸ਼ਨ, ਰਾਜਨੀਤੀ, ਆਰਥਿਕਤਾ, ਸਮਾਜੀ ਵਿਗਿਆਨ ਦੇ ਨਾਲ ਨਾਲ ਮਾਰਕਸੀ ਲੈਨਿਨੀ ਫਲਸਫੇ ਨੂੰ ਭੀ ਬਹੁਤ ਨੀਝ, ਮਿਹਨਤ ਅਤੇ ਡੂੰਘਾਈ ਨਾਲ ਪੜ੍ਹਿਆ ਹੈ। ਪਹਿਲੀ ਮਿਲਣੀ ਤੇ ਹੀ ਪਤਾ ਲੱਗ ਜਾਂਦਾ ਹੈ ਕਿ ਰਘੁਬੀਰ ਕਿੰਨਾ ਜ਼ਿਆਦਾ ਪੜ੍ਹਿਆ ਹੋਇਆ ਹੈ ਅਤੇ ਇਸ ਵਿਚ ਕਿੰਨੀ ਮੌਲਿਕਤਾ (originality) ਹੈ। ਸਾਡੀ ਆਪਸ ਵਿਚ ਲਗਾਤਾਰ ਰੇਸ ਰੀਲੇਸ਼ਨਜ਼ ਤੋਂ ਲੈ ਕੇ ਚਿੱਲੀ ਵਿਚ ਉਲਟ ਇਨਕਲਾਬ, ਸੋਧਵਾਦ, ਅਤਿ ਖੱਬਾਪਣ ਅਤੇ ਅਜ ਦੇ ਮੌਕਾਪ੍ਰਸਤ ਜਥੇਦਾਰ ਜਸਵੰਤ ਸਿੰਘ ਕੰਵਲ, ਤਕ ਚਰਚਾ ਹੁੰਦੀ ਹੈ। ਹੁਣ ਭੀ ਚਿੱਠੀ ਰਾਹੀਂ ਫਿਰਕੂ ਜਨੂੰਨੀ ਤੇ ਭਾਰਤ ਦੇ ਦੁਸ਼ਮਣ ਤੇ ਅਮਰੀਕਨ ਸੀ ਆਈ ਏ ਏਜੰਟਾਂ ਤੋਂ ਲੈ ਕੇ ਪਾਬਲੋ ਨਾਰੂਦਾ ਅਤੇ ਅਜ ਦੇ ਲਿਖਾਰੀਆਂ ਬਾਰੇ ਗੱਲ ਚਲਦੀ ਹੈ।

ਰਘੁਬੀਰ ਆਏ ਹੋਏ ਇਮੀਗਰੈਂਟਾਂ ਦੀ ਦੁਬਿਧਾ, ਪੀੜ੍ਹੀ ਪਾੜਾ, ਟੁੱਟ ਰਹੀਆਂ ਕਦਰਾਂ ਕੀਮਤਾਂ ਅਤੇ ਖੁਸ ਰਹੀ ਮਾਂ ਬੋਲੀ (ਜਿਸ ਨਾਲ ਸਭਿਆਚਾਰ ਬੱਝਿਆ ਹੋਇਆ ਹੈ) ਬਾਰੇ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕਰਦਾ ਤੇ ਗੱਲਾਂ ਕਰਦਾ ਹੈ। ਘੰਟਿਆਂ ਬੱਧੀ ਆਮ ਗੱਲਾਂ ਕਰੀ ਜਾ ਸਕਦਾ ਹੈ ਅਤੇ ਕਮਾਲ ਦੀ ਗੱਲ ਕਿ ਅਕੇਵਾਂ ਜਾਂ ਉਕਤਾਹਟ ਬਿਲਕੁਲ ਹੀ ਪੈਦਾ ਨਹੀਂ ਹੋਣ ਦਿੰਦਾ। ਪਰ ਜੇ ਕਰ ਗਲ, ਬੰਦਾ ਜਾਂ ਉਸ ਦੀਆਂ ਹਰਕਤਾਂ ਪਸੰਦ ਨਹੀਂ ਤਾਂ ਫਿਜ ਝੱਟ ਚਿਹਰੇ ਤੋਂ ਪ੍ਰਗਟ ਹੋ ਜਾਂਦਾ ਕਿ 'ਭਾਈ ਜਾਹ ਇਥੋਂ ਆਪਣੀ ਡੰਡੀ ਪੈ' ਇਸ ਵਿਚ ਵਲ ਛਲ ਨਹੀਂ। ਗੱਲ ਮੂੰਹ ਤੇ ਬੜੇ ਸਪਸ਼ਟ ਢੰਗ ਨਾਲ ਆਖ ਦਿੰਦਾ ਹੈ। ਪਰ ਜਿਸ ਨਾਲ ਪ੍ਰੇਮ ਕਰਦਾ ਹੈ, ਉਹ ਰੱਜ ਕੇ। ਪਰ ਛੇਤੀ ਸਿਰ ਨਹੀਂ ਆਉਂਦਾ ਅਤੇ ਲੋਕਾਂ ਦਾ ਸਤਿਕਾਰ ਕਰਦਾ ਹੈ ਅਤੇ ਬਹੁਤ ਨਿਮਰ ਹੈ। ਅਸਲ ਵਿਚ ਗਿਆਨ ਨਾਲ ਬੰਦਾ ਨਿਮਰ ਹੋਣਾ ਹੀ ਚਾਹੀਦਾ ਹੈ ਅਤੇ ਪੂਰਾ ਫਲ ਨਿਮਰ ਕਰ ਹੀ ਦਿੰਦਾ ਹੈ। ਉਸ ਦੇ ਲਤੀਫੇ, ਸ਼ੁਗਲ ਜਾਂ ਹਸਾਉਣੀਆਂ ਗੱਲਾਂ ਦੇ ਪਿੱਛੇ ਭੀ ਫਲਸਫਾ ਤੇ ਗੱਲ ਜਾਂ ਸਬਕ ਹੁੰਦਾ ਹੈ। ਹਰ ਗੱਲ ਜਾਂ ਠੋਸ ਨੁਕਤੇ ਨਾਲ ਸ਼ੇਅਰ ਭੀ ਸੁਣਾ ਦਿੰਦਾ ਹੈ। ਕਮਾਲ ਦੀ ਯਾਦਆਸ਼ਤ ਹੈ। ਰਘੁਬੀਰ ਇਕ ਭੰਡਾਰ ਹੈ। ਜਿਥੇ ਬੁੱਧੀਜੀਵੀਆਂ ਵਿਚ ਬੁੱਧੀ ਜੀਵੀ ਪੱਧਰ ਦੀ ਗੱਲ ਕਰਦਾ ਹੈ, ਦੂਜੇ ਪਾਸੇ ਆਮ ਲੋਕਾਂ ਵਿਚ ਉਹਨਾਂ ਦੇ ਪੱਧਰ ਤੇ ਉਹਨਾਂ ਦਾ ਭੀ ਮਨ ਮੋਂਹਦਾ ਹੈ। ਕਿਸੇ ਦਾ ਦਿਲ ਦੁਖੀ ਨਹੀਂ ਕਰਨਾ ਚਾਹੁੰਦਾ ਅਤੇ ਲੋਕਾਂ ਦੀ ਗੱਲ ਸੁਣ ਕੇ ਬੜਾ ਖੁਸ਼ ਹੁੰਦਾ ਹੈ।


ਰਘੁਬੀਰ ਇਕ ਬਹੁਤ ਵਧੀਆ ਪਤੀ, ਪਿਤਾ, ਦੋਸਤ ਅਤੇ ਇਨਸਾਨ ਹੈ। ਪਤਨੀ ਪ੍ਰਕਾਸ਼, ਜੋ ਪੜ੍ਹਾਉਣ ਦੇ ਕੈਰੀਅਰ ਸਮੇਂ ਇਹਨਾਂ ਦੀ ਵਿਦਿਆਰਥਣ ਸੀ, ਨੂੰ ਸਿਰਫ ਪਿਆਰ ਹੀ ਨਹੀਂ ਕੀਤਾ ਬਲਕਿ ਸਾਹਿਤ ਨੂੰ ਜਾਨਣ ਅਤੇ ਸਵੈ-ਮਾਣ ਵਧਾਉਣ ਵਿਚ ਸਹਾਇਤਾ ਕੀਤੀ। ਲੜਕਾ ਰਾਜੀਵ (ਜੋ ਫਾਰਮੇਸਿਸਟ ਹੈ) ਅਤੇ ਲੜਕੀ ਅੰਜਮ (ਡਾਕਟਰ) ਨੂੰ ਪੰਜਾਬੀ ਮਾਂ ਬੋਲੀ ਨੂੰ ਕਾਇਮ ਰੱਖਣ ਅਤੇ ਭਾਰਤੀ ਚੰਗੀਆਂ ਸਮਾਜਿਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਰਖਣ ਲਈ ਪ੍ਰੇਰਣਾ ਦਿੱਤੀ ਹੈ ਜੋ ਲੋਕਾਂ ਲਈ ਇਕ ਸੇਧ ਹੈ। ਰਘੁਬੀਰ ਨਿੱਜੀ ਜ਼ਿੰਦਗੀ ਵਿਚ ਬਹੁਤ ਪਿਆਰਾ ਬੰਦਾ ਹੈ ਅਤੇ ਘਰ ਗਏ ਜਾਂ ਮਿਲਣੀ ਸਮੇਂ ਹਰ ਬੰਦੇ ਦਾ ਪੂਰਾ ਸਤਿਕਾਰ ਕਰਦਾ ਹੈ। ਜੋ ਕਹਿੰਦਾ ਹੈ, ਉਹ ਕੁਝ ਹੀ ਕਰਦਾ ਹੈ। ਸਾਦਗੀ ਵਿਚ ਵਿਸ਼ਵਾਸ ਰਖਦਾ ਹੈ ਅਤੇ ਜਲੌਅ ਤੇ ਵਿਖਾਵੇ ਨੂੰ ਪਸੰਦ ਨਹੀਂ ਕਰਦਾ। ਅਤਿ ਤਕਲੀਫ ਵਿਚ ਹੁੰਦਾ ਹੋਇਆ ਭੀ ਆਖਦਾ ਹੈ ਕਿ 'ਮੈਂ ਠੀਕ ਹਾਂ ਅਤੇ ਕੋਈ ਫਿਕਰ ਨਾ ਕਰੋ।' ਅਜ ਭਾਵੇਂ ਉਸ ਲਈ ਤੁਰਨਾ ਫਿਰਨਾ ਮੁਸ਼ਕਲ ਹੈ ਅਤੇ ਲੰਮਾ ਸਮਾਂ ਨਾ ਬੈਠ ਸਕਦਾ ਤੇ ਨਾ ਹੀ ਗਲ ਕਰਦਾ ਸਕਦਾ ਹੈ ਪਰ ਫਿਰ ਭੀ ਸਾਥੀਆਂ ਵਿਚ ਬੈਠ ਕੇ ਲਗਾਤਾਰ ਗੱਲਾਂ ਕਰ ਜਾਂਦਾ ਅਤੇ ਤਕਲੀਫ ਤੇ ਥਕਾਵਟ ਨੂੰ ਛੁਪਾਈ ਰਖਦਾ ਹੈ ਜਿਸ ਦਾ ਪਿਛੋਂ ਜਾ ਕੇ ਸਰੀਰ ਤੇ ਕਾਫੀ ਜ਼ਿਆਦਾ ਅਸਰ ਪੈਂਦਾ ਤੇ ਤਕਲੀਫ ਹੁੰਦੀ ਹੈ। ਅਸੂਲਾਂ ਦਾ ਬਹੁਤ ਹੀ ਪੱਕਾ ਅਤੇ ਬਦੀ ਤੇ ਬੁਰਾਈ ਦੇ ਵਿਰੁੱਧ ਡਟੇ ਰਹਿਣ ਵਾਲਾ ਬੰਦਾ ਹੈ। ਇਉਂ ਜਾਪਦਾ ਹੈ ਕਿ ਕੋਈ ਲਾਲਚ ਜਾਂ ਬਦੀ ਉਸ ਨੂੰ ਖਰੀਦ ਜਾਂ ਡੇਗ ਨਹੀਂ ਸਕਦੀ ਅਤੇ ਇਸ ਵਿਚ ਪ੍ਰਕਾਸ਼ ਭੀ ਉਸ ਦਾ ਥੰਮ ਵਰਗਾ ਸਹਾਈ ਅੰਗ ਹੈ।

ਰਘੁਬੀਰ ਤਰੰਨਮ ਨਾਲ ਬਹੁਤ ਹੀ ਵਧੀਆ ਗਾਉਂਦਾ ਤੇ ਕਵਿਤਾ ਆਦਿ ਪੜ੍ਹਦਾ ਸੀ। (ਕਹਾਣੀਕਾਰ ਦੇ ਨਾਲ ਨਾਲ ਕਵੀ ਅਤੇ ਨਾਵਲਕਾਰ ਭੀ ਹਨ — ਛੇਤੀ ਹੀ ਨਵਾਂ ਨਾਵਲ ਛਪ ਰਿਹਾ ਹੈ) ਪਰ ਸਾਹ ਦੀ ਬਹੁਤ ਤਕਲੀਫ ਕਾਰਨ, ਤਰੰਨਮ ਨਾਲ ਗਾਉਣ ਵਾਲੀ ਗੱਲ ਖਤਮ ਹੋ ਗਈ। ਜੁਆਨੀ ਵਿਚ ਸੈਕੰਡਰੀ ਸਕੂਲ ਵਿਚ ਪੜ੍ਹਾਉਣ ਸਮੇਂ, ਫਰਲੇ (ਤੁਰਲੇ) ਵਾਲੀ ਪੱਗ ਬੰਨਣੀ ਅਤੇ ਘੁਲਣਾ ਭੀ ਇਸ ਦਾ ਸ਼ੌਕ ਸੀ ਅਤੇ ਅਜ ਕਲ ਭੀ ਟੀ ਵੀ ਤੇ ਘੋਲ ਵੇਖਣੇ ਇਸ ਦਾ ਸ਼ੌਕ ਹੈ। ਰਘੁਬੀਰ ਬਹੁਪੱਖੀ ਵਿਅਕਤੀ ਅਤੇ ਬਹੁਤ ਪਿਆਰਾ ਇਨਸਾਨ ਹੈ — ਬੁੱਧੀ ਜੀਵੀ ਤੇ ਉਚ ਕੋਟੀ ਦੇ ਲਿਖਾਰੀਆਂ 'ਚੋਂ ਇਕ ਤਾਂ ਹੈ ਹੀ। ਅਸਲ ਵਿਚ ਅਪਣਤ ਵਾਲਾ ਆਪਣਾ ਬੰਦਾ ਵਧੀਆ ਤੇ ਪਿਆਰਾ ਲਗਦਾ ਹੀ ਹੁੰਦਾ ਹੈ ਪਰ ਇਹ ਸਚਮੁੱਚ ਹੀ ਮੋਹ ਤੇ ਪਿਆਰ ਵਾਲਾ ਬੰਦਾ ਹੈ।

ਰੇਖਾ ਚਿਤਰ

...... ਸਹਿਰ ਹੋਣੇ ਤਕ

ਮੋਹਨ ਭੰਡਾਰੀ



ਕਤਲ, ਗਜ਼ਬ, ਕਹਿਰ।

ਇਹ ਕਿਸੇ ਮਜ਼ਲੂਮ ਦੀ ਹਾਲਦੁਹਾਈ ਨਹੀਂ। ਉਹਦਾ ਅੰਦਾਜ਼ੇ ਬਿਆਨ ਹੈ। ਕਿਸੇ ਦੀ ਸ਼ਲਾਘਾ ਉਹ ਇਉਂ ਹੀ ਕਰਦਾ ਹੈ। ਆਖੇਗਾ, 'ਫਲਾਣੇ ਦਾ ਕੀ ਅੰਤ ਐ, ਕਤਲ ਕਰੀਂ ਤੁਰਿਆ ਜਾ ਰਿਹਾ ਏ। ਦਿਮਾਗ ਗਜ਼ਬ ਢਾਹੁੰਦਾ ਏ, ਨਿਰਾ ਕਹਿਰ?' ਕਹਿ ਕੇ ਕੁਝ ਚਿਰ ਚੁੱਪ ਰਹੇਗਾ ਜਿਵੇਂ ਰਚਨਾ ਦਾ ਸੁਆਦ ਮਾਣ ਰਿਹਾ ਹੋਵੇ। ਫੇਰ ਕਸਕ ਉਭਰੇਗੀ, ਉਹਦੇ ਅੰਦਰੋਂ, 'ਮੋਹਨ! ਕਦੇ ਆਪਾਂ ਵੀ ਇਉਂ ਲਿਖ ਸਕਾਂਗੇ?'

ਉਹ ਕਿਸੇ ਦੀ ਵਧੀਆ ਰਚਨਾ ਪੜ੍ਹ ਲਵੇ ਸਹੀ। ਬੱਸ, ਕੁਹਰਾਮ ਮਚਾ ਕੇ ਰੱਖ ਦਿੰਦਾ ਹੈ। ਸਿਫ਼ਤਾਂ ਦੇ ਪੁਲ ਬੰਨ੍ਹਦਾ ਹੈ। ਉਸਤਤ ਵਿਚ ਧਰਤੀ ਆਸਮਾਨ ਇਕ ਕਰਕੇ ਵੀ ਉਹਨੂੰ ਚੈਨ ਨਹੀਂ ਆਉਂਦਾ। ਸਾਹ ਚੜ੍ਹਿਆ ਹੈ, ਪਿਆ ਚੜ੍ਹਿਆ ਰਹੇ। ਬੋਲਣੋਂ ਨਹੀਂ ਹਟਣਾ। ਗੱਲਾਂ! ਗੱਲਾਂ!! ਗੱਲਾਂ!!! ਏਨੀਆਂ ਕਿ ਦੁਨੀਆਂਦਾਰਾਂ ਨੂੰ ਕੋਫ਼ਤ ਹੋਣ ਲਗ ਪਵੇ। ਸ਼ਾਇਦ ਉਹਨੂੰ ਪਤਾ ਹੈ ਕਿ ਇਹ ਤਾਂ ਉਹਨਾਂ ਨੂੰ ਹੋਈ ਹੀ ਰਹਿੰਦੀ ਹੈ

ਕੋਲ ਨਹੀਂ ਹੁੰਦਾ ਤਾਂ ਲਿਖਦਾ ਹੈ। ਲਿਖਦਾ ਹੈ, "ਮਾਰਚ ਦੀ ਸਾਰਿਕਾ 'ਚ ਕਮਲੇਸ਼ਵਰ ਦੀ ਕਹਾਣੀ, 'ਇਤਨੇ ਅੱਛੇ ਦਿਨ' ਨੇ ਮੈਨੂੰ ਤੜਫਾ ਦਿੱਤਾ ਹੈ — ਕਿੰਨੇ ਦਿਨਾਂ ਤੋਂ ਬੇਆਰਾਮ ਹਾਂ। ਪੰਜਾਬੀ 'ਚ ਅਨੁਵਾਦ ਕਰਕੇ ਵੀ ਬੇਆਰਾਮੀ ਨਹੀਂ ਘਟੀ। ਮੋਹਨ! ਹਾਇ!! ਕਮਲੀ ਕਹਿੰਦੀ ਹੈ — 'ਹਰ ਵਾਰ ਲਾਲੇ ਦਾ ਸੋਨੇ ਦਾ ਦੰਦ ਮੇਰੀ ਗਲ੍ਹ 'ਚ ਖੁਭ ਜਾਂਦੈ।' ਸੋਨੇ ਦੇ ਦੰਦਾਂ ਨੇ ਕਿੰਨੇ ਗ਼ਰੀਬਾਂ ਦੀਆਂ ਗਲ੍ਹਾਂ ਪਾੜੀਆਂ ਨੇ। ਅੱਜ ਦੀ ਕਹਾਣੀ ਪੜ੍ਹੀਂ ਤੇ ਹੋਰਨਾਂ ਨੂੰ ਪੜ੍ਹਾਈਂ।"

ਕਾਸਮੀ ਦੀ 'ਗੰਡਾਸਾ' ਜਾਂ 'ਲਾਰੰਸ ਆਫ਼ ਥਲੇਬੀਆ' ਹੋਵੇ, ਬੇਦੀ ਦੀ 'ਚਸ਼ਮੇ ਬਦਦੂਰ' ਗੁਰਦਿਆਲ ਦੀ 'ਕਰੀਰ ਦੀ ਢਿੰਗਰੀ' ਪ੍ਰੇਮ ਪ੍ਰਕਾਸ਼ ਦੀ 'ਗੋਈ' ਹੋਵੇ ਜਾਂ ਵਰਿਆਮ ਸੰਧੂ ਦੀ 'ਡੁੰਮ੍ਹ' — ਕਿਸੇ ਦੀ ਵੀ ਚੰਗੀ ਰਚਨਾ ਉਹ ਇਕੋ ਜਿੰਨੀ ਸ਼ਿੱਦਤ ਨਾਲ ਪੜ੍ਹਦਾ, ਮਹਿਸੂਸਦਾ ਤੇ ਮਾਣਦਾ ਹੈ। ਤੇ ਫੇਰ ਪ੍ਰਤੀਕਰਮ ਉਹੀ। ਤੇਲ 'ਚੋਂ ਕੌਡੀ ਚੁੱਕਣ ਆਲਾ!

* * *

ਉਹਦੇ ਬਾਰੇ ਸੋਚਦਿਆਂ ਮੇਰੇ ਤਸੱਵਰ 'ਚ ਪਿਛਲੇ ਵੀਹ ਵਰ੍ਹਿਆਂ ਦਾ ਸਮਾਂ ਫੈਲ ਗਿਆ ਹੈ। ਚੇਤੇ ਦੇ ਕੈਨਵਸ ਉਤੇ ਅਣਗਿਣਤ ਮਿਲਣੀਆਂ, ਘਟਨਾਵਾਂ ਅਤੇ ਖਤਾਂ ਦਾ ਸੰਸਾਰ ਚਿਤਰਿਆ ਪਿਆ ਹੈ। ਸਭ ਦਾ ਆਪੋ ਆਪਣਾ ਰੰਗ ਹੈ। ਪਰ ਉਭਰਦਾ ਇਕੋ ਹੈ। ਨਿਰਮਲ। ਅਪਣੱਤ ਭਰੀ ਦੋਸਤੀ ਦੀ ਮਹਿਕ ਦਾ ਰੰਗ। ਚਲਦੀ ਫੁਲਝੜੀ ਦੇ ਝਿਲਮਿਲ ਕਰਦੇ ਚੰਗਿਆੜਿਆਂ ਦੀ ਗਿਣਤੀ ਕੌਣ ਕਰਦਾ ਹੈ? ਪਰ ਉਸ ਸਮੇਂ ਸਾਡੇ ਅਚੇਤ ਮਨ 'ਚ ਕਿੰਨੀ ਖ਼ੁਸ਼ੀ ਭਰੀ ਤਸੱਲੀ ਹੁੰਦੀ ਹੈ ਜਦੋਂ ਪਤਾ ਹੋਵੇ ਕਿ ਇਹ ਵਿਸ਼ਵਾਸਯੋਗ ਹੱਥਾਂ ਵਿਚ ਹੈ। ਸਾਡੀ ਦੋਸਤੀ ਦਾ ਹੁਣ ਉਹ ਪੜਾਅ ਆ ਗਿਆ ਹੈ ਜਿਥੋਂ ਵਾਪਸੀ ਅਸੰਭਵ ਹੁੰਦੀ ਹੈ। ਇਸ ਰਿਸ਼ਤੇ ਨੂੰ ਉਹਨੇ ਅਹਿਸਾਸ ਦਾ ਉਹ ਰੂਪ ਆਖਿਆ ਹੈ ਜਿਸ ਦੇ ਮੋਚ ਦੀ ਕੋਈ ਜ਼ਬਾਨ, ਕੋਈ ਕਲਮ ਨਹੀਂ ਹੁੰਦੀ...ਸ਼ਾਇਦ ਸੋਚ ਵੀ ਨਹੀਂ। ਉਸ ਵਿਚ ਅੰਤਾਂ ਦਾ ਅਤੇ ਬੇਗਰਜ਼ ਮੋਹ ਕਰਨ ਦੀ ਸਮਰੱਥਾ ਹੈ। ਪਿਆਰ ਅਤੇ ਨਫ਼ਰਤ ਉਹ ਸੱਚੇ ਦਿਲੋਂ ਕਰਦਾ ਹੈ। ਉਪਰੇ ਦਿਲੋਂ ਕੀਤਿਆਂ ਉਹ ਆਪ ਜਲਣ ਲਗ ਪੈਂਦਾ ਹੈ। ਹਾਂ, ਇਹੋ ਜਿਹਾ ਹੈ ਉਹ। ਦ੍ਰਿੜ੍ਹ, ਅਸੂਲ ਦਾ ਪੱਕਾ, ਨਫ਼ਾਸਤ ਪਸੰਦ। ਸਦਾ ਦਲੀਲ ਨਾਲ ਗੱਲ ਕਰਨ ਵਾਲਾ। ਦਲੀਲ ਜੀਹਦੇ ਪਿਛੇ ਜਾਗਦੀ ਜ਼ਮੀਰ ਹੁੰਦੀ ਹੈ।

* * *

ਸਾਲ 1957 ਸੀ ਸ਼ਾਇਦ। ਹੁਣ ਯਾਦ ਨਹੀਂ। ਏਨਾ ਜ਼ਰੂਰ ਯਾਦ ਹੈ ਕਿ ਉਦੋਂ ਅਤਿ ਗਰਮੀ ਦੇ ਕਣਤਾਏ, ਬੇਆਰਾਮ ਦਿਨ ਅੱਗ ਵਰਗੀ ਤੱਤੀ ਲੂੰ 'ਚ ਮੱਚ ਰਹੇ ਸਨ। ਵਾਵਰੋਲੇ ਦੀ ਬੋਦੀ ਅਸਮਾਨ ਨੂੰ ਜਾ ਛੂਹੰਦੀ ਅਤੇ ਪ੍ਰੀਤਲੜੀ ਦੀ ਤੂਤੀ ਬੋਲਦੀ ਸੀ। ਬੁੱਧੀਜੀਵੀ ਇਸ ਪਰਚੇ ਨੂੰ 'ਸਤਿ ਨਾਰਾਇਣ' ਦੀ ਕਥਾ ਵਾਂਗ ਪੜ੍ਹਦੇ ਸਨ ਅਤੇ ਇਸ ਵਿਚ ਛਪਣ ਵਾਲਾ ਉਚ ਕੋਟੀ ਦਾ ਲੇਖਕ ਮੰਨਿਆ ਜਾਂਦਾ ਸੀ। ਇਕ ਇਹੋ ਜਿਹੇ ਤਪੇ ਹੋਏ ਦਿਨ, ਸਿਖਰ ਦੁਪਹਿਰੇ, ਆਪਣੇ ਪਿੰਡ ਬਨਭੌਰੇ, ਘਰ ਦੀਆਂ ਦਹਿਲੀਆਂ 'ਚ ਬਹਿ ਕੇ ਮੈਂ ਇਸੇ ਪ੍ਰੀਤਲੜੀ 'ਚੋਂ ਇਕ ਕਹਾਣੀ 'ਨਲਕਾ ਗਿੜਦਾ ਹੈ' ਪੜ੍ਹੀ। ਪੜ੍ਹ ਕੇ ਮੈਂ ਬੇਆਰਾਮ ਹੋ ਗਿਆ ਸਾਂ। ਉਸ ਵਿਚਲੇ ਸੱਚ ਨੂੰ ਮੈਨੂੰ ਝੰਜੋੜ ਕੇ ਰੱਖ ਦਿੱਤਾ ਸੀ। ਜਿਵੇਂ ਕਿਸੇ ਨੇ ਮੇਰੀ ਦੁਖਦੀ ਰਗ ਉਤੇ ਉਂਗਲ ਰੱਖ ਦਿੱਤੀ ਹੋਵੇ। ਇਸ ਕਹਾਣੀ ਦੇ ਲੇਖਕ ਦਾ ਨਾਂ ਸੀ ਰਘੁਬੀਰ ਢੰਡ, ਅੱਜ ਜੀਹਦਾ ਸ਼ੁਮਾਰ ਪੰਜਾਬੀ ਦੇ ਸਿਰਮੌਰ ਲੇਖਕਾਂ 'ਚ ਹੁੰਦਾ ਹੈ।

ਏਸ ਰੂਹ ਨੂੰ ਆਰਾਮ ਨਹੀਂ ਹੈ। ਇਸ ਦੇ ਧੁਰ ਅੰਦਰ ਇਕ ਖਿਲਾਅ ਹੈ ਜਿਸ ਨੂੰ ਉਹ ਲਿਖਤਾਂ ਰਾਹੀਂ ਪੂਰਨ ਦਾ ਉਪਰਾਲਾ ਕਰਦਾ ਹੈ। ਜਾਂ ਫੇਰ ਲੋਕਾਂ ਨੂੰ ਮਿਲ ਕੇ। ਕਈ ਵਾਰ ਲਿਖ ਵੀ ਦੇਵੇਗਾ, "ਮੇਰੇ ਚੰਡੀਗੜ੍ਹ ਆਉਣ ਬਾਰੇ ਕਿਸੇ ਬਾਹਰਲੇ ਨਾਲ ਗੱਲ ਨਾ ਕਰੀਂ। ਐਤਕੀਂ ਮੈਂ ਰੂਹਪੋਸ਼ ਰਹਿ ਕੇ ਕੰਮ ਕਰਨਾ ਚਾਹੁੰਦਾ ਹਾਂ।" ਪਰ ਹੁੰਦਾ ਏਸ ਤੋਂ ਉਲਟ ਹੈ। ਆਉਂਦਾ ਹੀ ਕਿਸੇ ਦੋਸਤ ਨੂੰ ਖਤ ਲਿਖੇਗਾ, 'ਮੈਂ ਮੋਹਨ ਕੋਲ ਹਾਂ, ਅੱਜ ਕੱਲ੍ਹ। ਖਤ ਮਿਲਦਿਆਂ ਹੀ ਆ ਜਾ। ਮਿਲਣ ਨੂੰ ਬੜਾ ਜੀਅ ਕਰਦਾ ਏ।' ਜਾਂ ਫੇਰ ਖ਼ਾਨਾਬਦੋਸ਼ਾਂ ਵਾਂਗ ਆਪ ਤੁਰ ਪਵੇਗਾ। ਭਾਵੇਂ ਉਹਨੂੰ ਜੈਤੋ ਜਾਣਾ ਪਵੇ ਜਾਂ ਭਾਈ ਰੂਪੇ। ਉਸ ਸਮੇਂ ਉਹ ਆਪਣੇ ਦਮੇਂ ਦੀ ਵੀ ਪ੍ਰਵਾਹ ਨਹੀਂ ਕਰਦਾ। ਲੇਖਕਾਂ, ਕਲਾਕਾਰਾਂ ਨੂੰ ਮਿਲ ਕੇ ਉਹਨੂੰ ਚਾਅ ਚੜ੍ਹ ਜਾਂਦਾ ਹੈ। ਉਹ ਵਜਦ 'ਚ ਆ ਕੇ ਪੈਲਾਂ ਪਾਉਣ ਲਗ ਪੈਂਦਾ ਹੈ। ਇਕੱਲਾ ਉਹ ਰਹਿ ਹੀ ਨਹੀਂ ਸਕਦਾ।

"ਗਮ ਆਵਾਰਾ ਹੈ, ਅਕੇਲੇ ਮੇਂ ਭਟਕ ਜਾਤਾ ਹੈ।
ਜਿਸ ਜਗ੍ਹਾ ਰਹੀਏ, ਵਹਾਂ ਮਿਲਤੇ ਮਿਲਾਤੇ ਰਹੀਏ।"

* * *

ਉਹਦੀਆਂ ਕਈ ਕਹਾਣੀਆਂ ਪ੍ਰੇਮਕਾ ਨੂੰ ਲਿਖੇ ਖ਼ਤਾਂ ਵਰਗੀਆਂ ਹਨ ਜਿਨ੍ਹਾਂ 'ਚ ਰੂਹ ਦਾ ਦਰਦ ਰੁਮਾਨ ਕੀਤਾ ਹੁੰਦਾ ਹੈ। ਤੇ ਕਈ ਕਹਾਣੀਆਂ ਘਰੋਂ ਵਿਛੜੇ, ਓਦਰੇ ਹੋਏ ਨਿਆਣੇ ਦੀ ਨੀਂਦ 'ਚ ਭਟਕਦੇ ਸੁਫ਼ਨਿਆਂ ਵਰਗੀਆਂ ਹਨ ਜਿਨ੍ਹਾਂ 'ਚ ਉਹ ਆਪਣੇ ਦੇਸ ਦੇ ਮੌਸਮ, ਤਾਜ਼ੀਆਂ ਸਵੇਰਾਂ, ਨਿੱਘੀਆਂ-ਤਿੱਖੀਆਂ ਧੁੱਪਾਂ, ਹਰੀਆਂ ਕਚੂਚ ਕਣਕਾਂ, ਸਰ੍ਹੋਂ ਦੇ ਪੀਲੇ ਫੁੱਲ, ਲਹਿਲਹਾਉਂਦੇ ਖੇਤ, ਨਹਿਰਾਂ 'ਚ ਵਗਦੇ ਪਾਣੀ ਤੇ ਪਾਣੀ 'ਚ ਡੁਬਦਾ ਸੂਰਜ ਦੇਖਦਾ ਹੈ। ਇਹਨਾਂ ਕਹਾਣੀਆਂ ਨੂੰ ਪੜ੍ਹ ਕੇ ਮੈਨੂੰ ਚੈਖਵ ਦਾ 'ਵਾਂਕਾ' ਯਾਦ ਆ ਜਾਂਦਾ ਹੈ।

* * *

ਜ਼ਿੰਦਗੀ ਵਿਚ ਕੂਹਜ, ਬੇਇਨਸਾਫ਼ੀਆਂ, ਲੁੱਟਖਸੁੱਟ, ਕਿਸੇ ਦੀ ਮਜਬੂਰੀ ਤੋਂ ਲਾਭ ਪ੍ਰਾਪਤ ਕਰਨ ਦੀ ਪ੍ਰਵਿਰਤੀ ਨੂੰ ਉਹ ਬੇਹੱਦ ਨਫ਼ਰਤ ਕਰਦਾ ਹੈ। ਇਕ ਇਮਾਨਦਾਰ ਕਲਾਕਾਰ ਵਾਂਗ ਉਹ ਇਹਨਾਂ ਲਾਹਨਤਾਂ ਦਾ ਪੂਰੀ ਦਲੇਰੀ ਨਾਲ ਪਰਦਾ ਵੀ ਚਾਕ ਕਰਦਾ ਹੈ ਇਸੇ ਕਰਕੇ ਉਹਦੀਆਂ ਲਿਖਤਾਂ ਵਿਚ ਕੂਹਜ ਨੂੰ, ਭਾਵੇਂ ਉਹ ਕਿਸੇ ਵੀ ਰੂਪ ਵਿਚ ਹੋਵੇ, ਘੁੱਟ ਸੁੱਟਣ ਦਾ ਇਕਰਾਰ ਹੈ। ਉਹ ਕਲਿਆਣਕਾਰੀ ਲਿਖਤਾਂ ਦਾ ਕਾਇਲ ਪ੍ਰਤੀਬੱਧ ਲੇਖਕ ਹੈ। ਉਹਦਾ ਵਿਚਾਰ ਪ੍ਰਗਟ ਕਰਨ ਦਾ ਢੰਗ ਸਪੱਸ਼ਟ ਅਤੇ ਸਰਲ ਹੁੰਦਾ ਹੈ। ਉਹ ਇਸ ਜਾਂ ਉਸ ਪਾਰ ਹੁੰਦਾ ਹੈ। ਗਭਲਾ ਮੇਲ ਉਹਨੂੰ ਪਸੰਦ ਹੀ ਨਹੀਂ।

* * *

ਉਹਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਹੈ।

* * *

ਅੱਖਾਂ ਉਹਦੀਆਂ ਕਟੋਰਿਆਂ ਵਰਗੀਆਂ ਹਨ। ਗੋਲ ਗੋਲ। ਗਹਿਰ ਗੰਭੀਰ। ਕਲਪਨਾਸ਼ੀਲ ਅਤੇ ਉਤਸੁਕ। ਪਹਿਲੀ ਤੱਕਣੀ ਤੋਂ ਰੋਹ ਦਾ ਪ੍ਰਭਾਵ ਪੈਂਦਾ ਹੈ। ਕੁਝ ਚਿਰ ਪਿਛੋਂ ਉਹਨਾਂ ਦੀ ਸ਼ੀਸ਼ੇ ਵਾਂਗ ਚਮਕਦੀ, ਪਾਰਦਰਸ਼ੀ ਤੇ ਸੂਖਮ ਤਰਲਤਾ 'ਚੋਂ ਨਿਰਛਲਤਾ ਡਲ੍ਹਕਣ ਲਗਦੀ ਹੈ। ਦਰਦਮੰਦ ਅੱਖਾਂ ਵਿਚ ਵਿਸ਼ਵਾਸ ਦੀ ਝਲਕ। ਰੂਹ 'ਚ ਏਨੀ ਧੂਹ ਪਾਉਣ ਵਾਲੀ ਖਿਚ ਕਿ ਬੰਦਾ ਕੀਲਿਆ ਜਾਂਦੇ। ਇਹ ਖਿੱਚ ਛਿਣ ਭੰਗਰ ਦੀ ਨਹੀਂ, ਟਿਕਵੀਂ ਹੈ। ਜਿਵੇਂ ਝੀਲ ਦੇ ਪਾਣੀ 'ਚ ਚੰਦ ਦਾ ਅਕਸ ਹੁੰਦਾ ਹੈ ਜਾਂ ਫੇਰ ਮੂਨ ਦੀ ਅੱਖ।

* * *

ਕੋਈ ਵਿਚਾਰ ਪ੍ਰਗਟ ਕਰਦਿਆਂ ਜਾਂ ਕੋਈ ਮਨਪਸੰਦ ਸ਼ਿਅਰ ਬੋਲਦਿਆਂ ਉਹਦਾ ਨਿੱਕਾ ਜਿਹਾ ਕੂਲਾ ਹੱਥ ਪ੍ਰਾਰਥਨਾ ਕਰਨ ਵਾਂਗ ਉਠਦਾ ਹੈ। ਇਉਂ ਕਰਦਿਆਂ ਜਦੋਂ ਉਹਦੇ ਹੱਥ 'ਚ ਹਲਕੀ ਜਿਹੀ ਜੁੰਬਸ਼ ਹੁੰਦੀ ਹੈ ਤਾਂ ਮੈਨੂੰ ਵਨਗਾਗ, ਦਾ ਇਹ ਕਥਨ ਯਾਦ ਆ ਜਾਂਦਾ ਹੈ:

'ਮੈਂ ਉਹ ਪ੍ਰਬੀਨਤਾ ਹਾਸਿਲ ਕਰਨਾ ਚਾਹੁੰਦਾ ਹਾਂ ਜਿਸ ਸਦਕਾ ਮੈਂ ਹੱਥ ਦੀ ਤਸਵੀਰ ਨਹੀਂ ਸਗੋਂ ਉਹਦੀ ਜੁੰਬਸ਼ ਚਿਤਰ ਸਕਾਂ ...।'

* * *

ਰੱਬ ਬਾਰੇ ਸਾਡੀ ਕਦੇ ਗੱਲ ਨਹੀਂ ਹੋਈ। ਸੋ ਮੈਨੂੰ ਨਹੀਂ ਪਤਾ ਕਿ ਉਹ ਉਹਨੂੰ ਮੰਨਦਾ ਹੈ ਜਾਂ ਨਹੀਂ। ਪਰ ਬੰਦੇ ਉਤੇ ਉਹ ਰੱਬ ਵਰਗਾ ਭਰੋਸਾ ਕਰ ਲੈਂਦਾ ਹੈ। ਆਦਰਸ਼ ਦੀ ਹੱਦ ਤੱਕ। ਉਹ ਜਿੰਨਾ ਦਾਸਤੋਵਸਕੀ ਨੂੰ ਈਸਾ ਵਿਚ ਸੀ। ਜੀਹਨੇ ਏਥੋਂ ਤੱਕ ਕਹਿ ਦਿੱਤਾ ਸੀ ਕਿ ਜੇ ਈਸਾ ਅਤੇ ਸੱਚ ਵਿਚੋਂ ਕਿਸੇ ਇਕ ਦੀ ਚੋਣ ਕਰਨੀ ਪੈ ਜਾਵੇ ਤਾਂ ਉਹ ਈਸਾ ਨੂੰ ਹੀ ਚੁਣੇਗਾ। ਉਹਦੇ ਲਈ ਉਹੀ ਪਰਮ ਸੁੰਦਰਤਾ ਦੀ ਤਸਵੀਰ ਸੀ। ਰਘੁਬੀਰ ਦਾ ਸੱਚ ਮਨੁੱਖ ਹੈ।

ਉਹਦੀ ਬੋਲੀ ਘਰਾਟਾਂ ਦੇ ਆਟੇ ਵਰਗੀ ਹੈ। ਕਣਦਾਰ। ਆਪਣੇ ਲੋਕਾਂ ਵਰਗੀ।

* * *

ਉਹਦੇ ਤਿੰਨ ਸੰਗ੍ਰਿਹਾਂ 'ਚੋਂ ਕੁਝ ਕਹਾਣੀਆਂ ਮੈਨੂੰ ਬਹੁਤ ਪਸੰਦ ਹਨ ਜਿਵੇਂ 'ਨਵੀਂ ਕਿਸਮ ਦਾ ਨਾਗ' 'ਮੂੰਹ ਉਤੇ ਹੱਥ' 'ਸੱਪ ਦੀ ਅੱਖ' 'ਕਿਰਨ' ਅਤੇ 'ਖਾਨਾਬਦੋਸ਼।'

* * *

ਰਘੁਬੀਰ ਢੰਡ ਸਪਲੀਮੈਂਟ

* * *

ਤੁਸੀਂ ਉਹਨੂੰ ਪਹਿਲੀ ਵਾਰ ਮਿਲੋਗੇ । ਬੜੇ ਆਦਰ ਨਾਲ ਹੱਥ ਮਿਲਾਏਗਾ । ਤੁਹਾਡੀਆਂ ਗੱਲਾਂ ਧਿਆਨ ਨਾਲ ਸੁਣੇਗਾ, ਤੁਹਾਡੇ ਕੰਮਕਾਰ, ਪਰਵਾਰ ਅਤੇ ਵਤੀਵਿਧੀਆਂ ਬਾਰੇ ਬੜੇ ਠਰ੍ਹੰਮੇ ਨਾਲ ਵੇਰਵੇ ਸਹਿਤ ਪੁੱਛੇਗਾ । ਗੱਲਾਂ ਕਰਦੇ ਕਰਦੇ ਤੁਸੀਂ ਆਪਣਾ ਸਿਰ ਦੁਖਣ ਦਹ ਸ਼ਿਕਾਇਤ ਸੁਤੇਸਿੱਧ ਕਰ ਜਾਓਗੇ । ਜੇਕਰ ਤੁਸੀਂ ਦਸ ਬਾਰਾਂ ਸਾਲਾਂ ਪਿਛੋਂ ਉਹਨੂੰ ਮਿਲੋ ਤਾਂ ਉਹ ਤੁਹਾਨੂੰ ਪੁੱਛਣੋਂ ਕਦੇ ਨਹੀਂ ਖੁੰਝੇਗਾ, 'ਵਿਨੀਤਾ ਅਤੇ ਸੁਨੀਤਾ ਦਾ ਕੀ ਹਾਲ ਐ ? ਹੁਣ ਤਾਂ ਕਾਲਜ ਪੜ੍ਹਨ ਜਾਂਦੀਆਂ ਹੋਣਗੀਆਂ । ਉਦੋਂ ਤੁਹਾਡਾ ਸਿਰ ਦੁਖਦਾ ਸੀ । ਹੁਣ ਕਿਵੇਂ ਐਂ ? ਰੈਗੂਲਰ ਚੈੱਕ ਅੱਪ ਕਰਾਉ । ਕੁਐਕਸ ਕੋਲ ਨਾ ਫਸ ਜਾਇਉ ਕਿਤੇ । ਬੱਸ, ਮਾਰ ਕੇ ਰੱਖ ਦਿੰਦੇ ਨੇ ਬੰਦੇ ਨੂੰ । ਸਾਲੇ ! ਜਾਨ ਦਾ ਖਾਓ । ਜ਼ਿੰਦਗੀ ਦਾ ਕੋਈ ਮੁੱਲ ਐ...ਏਥੇ ।' ਫੇਰ ਆਪੇ ਉਤਰ ਦੇਵੇਗਾ ।

'ਕੋਈ ਮੁੱਲ ਨੀ ।'

* * *

ਇਕ ਰਾਤ ਉਹਨੂੰ ਦਮੇਂ ਦਾ ਏਨਾ ਜ਼ਬਰਦਸਤ ਹਮਲਾ ਹੋਇਆ ਕਿ ਉਹ ਮੰਜੇ ਦੀਆਂ ਬਾਹੀਆਂ ਫੜ ਕੇ ਹੌਂਕਣ ਲਗ ਪਿਆ । ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ । ਉਹਦੀ ਜਾਨ ਨਿਕਲ ਰਹੀ ਸੀ । ਪਰ ਨਹੀਂ ਸੀ ਨਿਕਲ ਰਹੀ । ਸਵੇਰ ਹੁੰਦਿਆਂ ਹੀ ਉਹਨੂੰ ਮੈਂ ਹਸਪਤਾਲ ਲੈ ਗਿਆ । ਸਾਥੋਂ ਪਹਿਲੇ ਨੰਬਰ ਉਤੇ ਇਕ ਔਰਤ ਡਾਕਟਰ ਦਾ ਖਹਿੜਾ ਨਹੀਂ ਸੀ ਛੱਡ ਰਹੀ । ਕਦੇ ਆਪਣੇ ਮੋਢੇ ਦੁਖਣ ਅਤੇ ਕਦੇ ਪਿੱਠ ਵਿਚ ਦਰਦ ਹੋਣ ਦੀ ਸ਼ਿਕਾਇਤ ਉਹ ਕਰੀ ਜਾਵੇ । ਕਦੇ ਆਖੇ 'ਮੈਨੂੰ ਘੇਰ ਉਠਦੀ ਹੈ ।' ਮੈਂ ਕਾਹਲਾ ਪੈ ਗਿਆ । ਪਰ ਉਹ ਸਬਰ ਨਾਲ ਬੈਠਾ ਆਪਣੀ ਵਾਰੀ ਦੀ ਉਡੀਕ ਕਰਦਾ ਰਿਹਾ । ਜਦੋਂ ਡਾਕਟਰ ਨੂੰ ਮਿਲ ਕੇ ਅਸੀਂ ਬਾਹਰ ਆਏ ਤਾਂ ਮੈਥੋਂ ਰਹਿ ਨਾ ਹੋਇਆ । "ਦੇਖਿਆ ! ਕਿਵੇਂ ਫਫੜੇ ਲਾ ਰਹੀ ਸੀ । ਮੈਨੂੰ ਲਗਦੇ ਇਸ ਤੀਮੀ ਦਾ ਕੁਸ਼ ਨੀ ਦੁਖਦਾ । ਬੱਸ ਐਵੇਂ ...।"

"ਤੈਨੂੰ ਕਿਵੇਂ ਪਤੈ ਕਿ ਉਹਦਾ ਕੁਝ ਨੀ ਦੁਖਦਾ ?" ਥੋੜਾ ਉਪਰਾਮ ਹੁੰਦਿਆਂ ਉਹ ਬੋਲਿਆ । ਫੇਰ ਗੰਭੀਰ ਹੋ ਕੇ ਕਹਿਣ ਲੱਗਿਆ,

"ਦੁੱਖ ਦਾ ਕੋਈ ਅੰਤ ਨੀ । ਇਹਦੇ ਬਾਰੇ ਅਸੀਂ ਕੁਝ ਨਹੀਂ ਜਾਣਦੇ । ਜਦੋਂ ਬੰਦਾ ਦੁਖ ਦੀ ਗੱਲ ਕਰਦੈ ਤਾਂ ਉਹ ਸੱਚ ਬੋਲ ਰਿਹਾ ਹੁੰਦੈ । ਸਾਨੂੰ ਉਹਦੇ 'ਤੇ ਵਿਸ਼ਵਾਸ਼ ਕਰਨਾ ਚਾਹੀਦੈ ।" ਉਸ ਸਮੇਂ ਮੈਂ ਉਹਦੇ ਦਿਲ 'ਚ ਉਠੀ ਕਸਕ ਮਹਿਸੂਸ ਕਰ ਰਿਹਾ ਸਾਂ ।

* * *

ਐਮਰਜੈਂਸੀ ਦੇ ਦਿਨ ਸਨ । ਇਸ ਦੌਰ ਵਿਚ ਬੁੱਧੀਜੀਵੀਆਂ ਦੇ ਰੋਲ ਬਾਰੇ ਗੱਲਾਂ ਹੋ ਰਹੀਆਂ ਸਨ । ਗੱਲਾਂ ਕਰਦਾ ਕਰਦਾ ਉਹ ਤਪਣ ਲਗ ਪਿਆ ਤੇ ਭਖਦਾ ਤੱਤਾਂ ਹੋ ਗਿਆ । 'ਆਜੜੀ ਦੇ ਕੁੱਤਿਆਂ ਵਰਗੇ ਅੰਨ੍ਹੇ...ਭਗਤ ...ਬਗਲੇ ਭਗਤ...ਨਿਰੀਆਂ ਕੱਛੂਪਾਥੀਆਂ । ਮੁਸੀਬਤ ਆਈ ਨੀ ਤੇ ਇਹਨਾਂ ਨੇ ਆਪਣੀਆਂ ਸਿਰੀਆਂ ਢਿੱਡਾਂ 'ਚ ਵਾੜ ਲਈਆਂ ।' ਫੇਰ ਖੱਬੇ ਹੱਥ ਦੀ ਪਹਿਲੀ ਉਂਗਲ ਖੜ੍ਹੀ ਕਰਕੇ ਬੋਲਿਆ :

"ਹਿੰਦੁਸਤਾਨ ਦੀ ਬੁੱਧੀਜੀਵੀ ਵਰਗ ਇਕ ਪਖੰਡ ਹੈ — ਬਹੁਤ ਵਡਾ ਪਖੰਡ ਤੇ ਨਿਰਾ ਖਖੰਡ !"

"ਪਰ ਹਿੰਦੁਸਤਾਨ ਦਾ ਹੀ ਕਿਉਂ ?" ਮੈਂ ਸਵਾਲ ਕੀਤਾ ।

"ਹਾਂ, ਠੀਕ ਐ । ਹਿੰਦੁਸਤਾਨ ਦਾ ਹੀ ਕਿਉਂ ?" ਉਹਨੇ ਦੁਹਰਾਇਆ । ਕੁਝ ਚਿਰ ਚੁੱਪ ਛਾਈ ਰਹੀ ।

"ਸੰਤ ਸਿੰਘ ਸੇਖੋਂ ਵੀ ਤਾਂ ਹੈ ਏਥੇ ।" ਮੈਂ ਬੋਲਿਆ ।

ਉਹਦਾ ਨਾਂ ਸੁਣ ਕੇ ਉਹ ਭਾਵੁਕ ਹੋ ਗਿਆ । ਤਣਿਆਂ ਹੋਇਆ ਉਹਦਾ ਚਿਹਰਾ ਨਰਮ ਹੋ ਗਿਆ । ਅੱਖਾਂ ਵਿਚ ਚਮਕ ਆ ਗਈ ।

"ਸੇਖੋਂ ਤਾਂ ਸਾਡਾ ਸ਼ੇਰ ਐ...ਬੱਬਰ ਸ਼ੇਰ।" ਕਿੰਨਾ ਹੀ ਚਿਰ ਉਹਦੇ ਬੁੱਲ੍ਹ ਫਰਕਦੇ ਰਹੇ । ਉਹ ਸ਼ਖਸੀਅਤ ਪ੍ਰਸਤ ਨਹੀਂ । ਪਰ ਸੰਤ ਸਿੰਘ ਸੇਖੋਂ ਦੇ ਗੋਡੀ ਹੱਥ ਲਾਉਂਦਾ ਉਹਨੂੰ ਮੈਂ ਕਈ ਵਾਰ ਦੇਖਿਆ ਹੈ ।

* * *

ਮੈਂ ਹਿੰਦੀ ਦੀ ਇਕ ਕਵਿਤਾ ਉਹਨੂੰ ਸੁਣਾਈ । ਕੁਮਾਰ ਵਿਕਲ ਦੀ ਇਹ ਕਵਿਤਾ ਕੁਝ ਇਉਂ ਸੀ :

ਇਕ ਬੁੱਧੀਜੀਵੀ ਬੈਠਾ ਪੀ ਰਿਹਾ ਹੁੰਦਾ ਹੈ । ਪਹਿਲਾ ਪੈਗ ਪੀਣ ਪਿਛੋਂ ਉਹ ਪਿਸ ਰਹੇ ਗਰੀਬਾਂ, ਮਜ਼ਦੂਰਾਂ ਅਤੇ ਲਤਾੜੇ ਹੋਏ ਲੋਕਾਂ ਬਾਰੇ ਸੋਚਦਾ ਹੈ । ਦੂਜਾ ਪੈਗ ਪੀਣ ਪਿਛੋਂ ਕ੍ਰਾਂਤੀ ਬਾਰੇ । ਪਰ ਤੀਜੇ ਪੈਗ ਤੋਂ ਬਾਅਦ ਡਰ ਜਾਂਦਾ ਹੈ ।

ਗ਼ਜ਼ਬ ਕਰਦਾ ਏ...ਕਹਿਰ ! ਤੂੰ ਇਸ ਬੰਦੇ ਨੂੰ ਜਾਣਦੈਂ ? ਮਿਲਿਐਂ ਕਦੇ ਉਹਨੂੰ ?" ਉਹਨੇ ਬੜੇ ਜੋਸ਼ ਵਿਚ ਪੁੱਛਿਆ ।

ਮੈਂ ਹਾਂ ਵਿਚ ਉਤਰ ਦੇ ਦਿੱਤਾ ।

"ਕਿਹੋ ਜਿਹਾ ਹੈ ਉਹ ? ਕਿਥੇ ਰਹਿੰਦੈ ? ਕੀ ਕਰਦੈ ...?" ਉਹਨੇ ਸਵਾਲਾਂ ਦੀ ਵਾਛੜ ਕਰ ਦਿੱਤੀ ।

"ਉਹਦੇ ਚਿਹਰੇ ਉਤੇ ਮਾਤਾ ਦੇ ਦਾਗ਼ ਨੇ, ਮੇਰਾ ਮਤਲਬ ਮੈਂ ਡਾਕਟਰ ਜਾਨਸਨ ...।"



"ਤੇਰੇ ਵਰਗੇ ਕਹਾਣੀਕਾਰ ਤੋਂ ਇਹ ਉਮੀਦ ਨਹੀਂ ਸੀ ! ਬਿਲਕੁਲ ਨਹੀਂ ! ਯਾਰਾ ਤੂੰ ਏਨਾ ਚੰਗਾ...ਫੇਰ ਤੂੰ ਹੀ ...।"

ਬੋਲਦੇ-ਬੋਲਦੇ ਦਾ ਉਹਦਾ ਗੱਚ ਭਰ ਗਿਆ । ਚਿਹਰੇ ਉਤੇ ਤਣਾਓ ਆ ਗਿਆ । ਅੱਖਾਂ ਵਿਚ ਉਦਾਸੀ ਤੈਰ ਗਈ । ਉਸ ਸਾਰੇ ਦਿਨ ਉਹ ਉਖੜਿਆ ਉਖੜਿਆ ਰਿਹਾ ।

* * *

ਉਹਨੇ ਸ਼ਿਵ ਕੁਮਾਰ ਦਾ ਲਿਖਿਆ ਮੇਰਾ ਰੇਖਾ ਚਿਤਰ 'ਫੁਲਬਹਿਰੀ ਵਾਲੇ ਹੱਥ' ਹੇਮ ਜਯੋਤੀ ਵਿਚੋਂ ਪੜ੍ਹਿਆ । ਬਲਵੰਤ ਗਾਰਗੀ ਦੀ ਰੀਸ ਕਰਦਿਆਂ ਸ਼ਿਵ ਨੇ ਵੀ ਕਈ ਲੇਖਕਾਂ ਦੇ ਸਕੈੱਚ ਲਿਖੇ ਸਨ । ਜਿਨ੍ਹਾਂ ਵਿਚ ਉਹਨੇ ਆਪਣੇ ਆਪ ਨੂੰ ਉਚਾ ਤੇ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ । ਇਸ ਰੇਖਾ ਚਿਤਰ ਵਿਚ ਮੈਨੂੰ ਗ਼ਰੀਬ ਕਹਿ ਕੇ ਛੁਟਿਆਇਆ ਗਿਆ ਸੀ ਤੇ ਮੇਰੀ ਫੁਲਬਹਿਰੀ ਦਾ ਮਜ਼ਾਕ ਉਡਾਇਆ ਸੀ । ਕੁਝ ਗ਼ੈਰ-ਜ਼ਿਮੇਵਾਰ ਗਲਤ ਬਿਆਨੀਆਂ ਵੀ ਕੀਤੀਆਂ ਸਨ ।

ਸਕੈੱਚ ਪੜ੍ਹ ਕੇ ਉਹਨੇ ਕਿੰਨਾ ਹੀ ਚਿਰ ਅੱਖਾਂ ਮੀਚੀ ਰੱਖੀਆਂ । ਜਿਵੇਂ ਆਪਣੇ ਅੰਦਰ ਪੈਦਾ ਹੋਈ ਤਪਸ਼ ਠਾਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ ।

'ਕੋਰਾ ਝੂਠ । ਰਬਿਸ਼ । ਉਹਦੇ ਕੀਰਨਿਆਂ ਵਰਗਾ । ਤੂੰ ਕਿਤੇ ਇਹੋ ਜਿਹਾ ਏਂ ? ਨਹੀਂ, ਬਿਲਕੁਲ ਨਹੀਂ । ਜੇ ਉਹ ਮੇਰੇ ਬਾਰੇ ਇਉਂ ਲਿਖਦਾ ਤਾਂ ਮੈਂ ਸਾਰੀ ਉਮਰ ਉਹਨੂੰ ਮਾਫ਼ ਨਾ ਕਰਦਾ ।' ਉਹ ਉਤੇਜਤ ਹੋ ਗਿਆ ।

'ਬੰਦਾ ਮਾੜਾ ਨੀ ਸੀ । ਬੱਸ ਲਾਡਲੇਪਨ 'ਚ ਕਦੇ ਕਦੇ ਇਹੋ ਜਿਹੀਆਂ ਬੇਥਵੀਆਂ ਮਾਰ ਦਿੰਦਾ ਸੀ । ਫੇਰ ਉਹ ਬਿਮਾਰ ਹੋ ਗਿਆ । ਰੰਗ ਕਾਲਾ ਸ਼ਾਹ । ਸਿਰ ਮੁੰਨਿਆਂ ਹੋਇਆ । ਅਵਾ ਤਵਾ ਬੋਲਿਆ ਕਰੇ । ਮੈਨੂੰ ਉਹਦਾ ਅੰਤ ਨੇੜੇ ਆਇਆ ਦਿਸਣ ਲਗ ਪਿਆ । ਇਕ ਦਿਨ ਉਹ ਸਾਡੇ ਘਰ ਆਇਆ । ਨਿਰਮਲਾ ਦੇ ਪੈਰੀਂ ਹੱਥ ਲਾਈ ਜਾਵੇ । 'ਤੂੰ ਮੇਰੀ ਭੈਣ, ਆਪਣੇ ਵੀਰ ਤੇ ਗੁੱਸਾ ਨਾ ਕਰ । ਪਤਾ ਨਹੀਂ ਕਿੰਨੇ ਦਿਨ ਦੀ ਜ਼ਿੰਦਗਾਨੀ ਐ । ਬੱਸ ਹੁਣ ਮਰ ਜਾਣੈਂ । ਤੁਸੀਂ ਹੁਣ ਮੈਥੋਂ ਜੋ ਮਰਜ਼ੀ ਆਵੇ ਲਿਖਾ ਲਵੋ । ਤੇ ਮੈਂ ਉਸ ਦਿਨ ਮੋਹ 'ਚ ਆਏ ਨੂੰ ਦੇਖ ਕੇ ਉਹਨੂੰ ਮਾਫ਼ ਕਰ ਦਿੱਤਾ । ਜਿਉਂਦੇ ਜੀਅ...ਤਾਕਿ ਉਹਦੀ ਆਤਮਾ...।" ਮੇਰਾ ਬੋਲ ਭਾਰੀ ਹੋ ਗਿਆ । ਅੱਖਾਂ ਡੁਬ ਡੁਬਾ ਗਈਆਂ । ਸਥਿਤੀ ਨੂੰ ਸਮਝਦਿਆਂ ਉਹ ਉਠ ਕੇ ਆਪਣੇ ਕਮਰੇ ਵਿਚ ਚਲਿਆ ਗਿਆ । ਅੰਦਰੋਂ ਦਰਵਾਜ਼ਾ ਬੰਦ ਕਰ ਲਿਆ । ਮੈਂ ਬੈਠਕ ਵਿਚ ਬੈਠਾ ਸਿਗਰਟਾਂ ਫੂਕਦਾ ਰਿਹਾ ।

ਇਕ ਘੰਟਾ ਇਉਂ ਹੀ ਬੀਤ ਗਿਆ । ਫੇਰ ਦਰਵਾਜ਼ਾ ਖੁਲ੍ਹਿਆ । ਉਹਨੇ ਮੈਨੂੰ ਹਾਕ ਮਾਰੀ । "ਉਏ ਮੋਹਨ ! ਹੁਣ ਆ ਵੀ ਜਾ । ਹੈਥੇ ਬੈਠਾ ਸਿਗਰਟਾਂ ਪੀਵੀ ਜਾਨੈਂ । ਘੱਟ ਕਰ ਇਹਨਾਂ ਨੂੰ ।"

ਮੈਂ ਉਠਕੇ ਅੰਦਰ, ਉਹਦੇ ਕੋਲ ਚਲਿਆ ਗਿਆ । ਉਹ ਆਪਣੀ ਉਸ ਦਿਨ ਦੀ ਡਾਇਰੀ ਵਿਚ ਮੇਰੇ ਬਾਰੇ ਡੇਢ ਪੰਨਾ ਲਿਖੀ ਬੈਠਾ ਸੀ । ਉਹਨੇ ਮੈਨੂੰ ਪੜ੍ਹਕੇ ਸੁਣਾਇਆ । ਅਖੀਰ 'ਚ ਸ਼ਾਇਦ ਫੈਜ਼ ਦਾ ਇਹ ਸ਼ਿਅਰ ਵੀ ਦਰਜ ਸੀ :

'ਗ਼ਮੇਂ ਜਹਾਂ ਹੋ, ਰੁਖੇ ਯਾਰ ਹੋ ਕਿ ਦਸਤੇ ਅਦੂ,
ਸਲੂਕ ਜਿਸ ਸੇ ਕਿਆ ਹਮਨੇ ਆਸ਼ਿਕਾਨਾ ਕੀਆ ।'

... ...

'ਮੈਨੂੰ ਤੇਰੀ ਫੁਲਬਹਿਰੀ ਨਜ਼ਰ ਹੀ ਨਹੀਂ ਆਉਂਦੀ । ਤੂੰ ਏਨਾ ਚੰਗਾ ਕਿਉਂ ਏਂ ?' ਉਹ ਬੜੇ ਮੋਹ ਨਾਲ ਮੇਰੇ ਵੱਲ ਦੇਖਦਾ ਹੋਇਆ ਕਹਿ ਰਿਹਾ ਸੀ । ਮੈਨੂੰ ਸੰਗ ਆ ਗਈ । ਸਮਝ ਨਹੀਂ ਸੀ ਆ ਰਹੀ ਕਿ ਉਹਨੂੰ ਮੈਂ ਇਸ ਗੱਲ ਦਾ ਕੀ ਉਤਰ ਦਿਆਂ । ਸ਼ਾਇਦ ਇਹੋ ਜਿਹੀ ਗੱਲ ਦਾ ਕੋਈ ਉਤਰ ਹੁੰਦਾ ਹੀ ਨਹੀਂ । ਬੱਸ ਬੰਦੇ ਦੇ ਧੁਰ ਅੰਦਰ ਇਕ ਅਹਿਸਾਸ ਹੁੰਦਾ ਹੈ ਕਿ ਕਿਸੇ ਨੂੰ ਚੰਗਾ ਲਗਣਾ, ਕਿੰਨਾ ਚੰਗਾ ਲਗਦਾ ਹੈ ।

* * *

ਮੈਂ ਉਹਨੂੰ ਲੁਧਿਆਣੇ ਮਿਲਣ ਗਿਆ । ਉਹ ਬਿਮਾਰ ਸੀ ਤੇ ਮੰਜੇ ਉਤੇ ਲੰਮਾ ਪਿਆ ਸੀ । ਉਹ ਬੜੇ ਵਧੀਆ ਰੌਂ ਵਿਚ ਸੀ । ਉਹਦੇ ਇਸਰਾਰ ਕਰਨ 'ਤੇ ਮੈਂ 'ਕਾਠ ਦੀ ਲੱਤ' ਕਹਾਣੀ ਉਹਨੂੰ ਸੁਣਾਈ । ਉਹ ਸੁਣਕੇ ਕਿੰਨਾ ਹੀ ਚਿਰ ਨਾ ਬੋਲਿਆ । ਮੈਂ ਝਿਜਕ ਰਿਹਾ ਸੀ ਕਿ ਪਤਾ ਨਹੀਂ ਉਹ ਕੀ ਕਹੇਗਾ । ਇਸ ਤੋਂ ਪਹਿਲਾਂ ਕਈ ਬੰਦਿਆਂ ਨੇ ਲਿਖਕੇ ਅਤੇ ਜ਼ਬਾਨੀ ਵੀ ਇਹਨੂੰ ਸਮਝ ਵਿਚ ਨਾ ਆਉਣ ਵਾਲੀ ਕਹਾਣੀ ਕਿਹਾ ਸੀ । ਫੇਰ ਉਹਨੇ ਹੌਲੀ ਹੌਲੀ ਆਪਣੀਆਂ ਮੋਟੀਆਂ ਅੱਖਾਂ ਖੋਹਲੀਆਂ, ਮੇਰਾ ਹੱਥ ਫੜਿਆ ਤੇ ਚੁੰਮ ਲਿਆ । 'ਸ਼ਾਇਦ ਗਹਿਰ ਏਦਾਂ ਹੀ ਦਬ ਜਾਵੇ ।' ਕਹਾਣੀ ਵਿਚਲਾ ਇਹ ਫ਼ਿਕਰਾ ਉਹਨੇ ਕਿੰਨੀ ਹੀ ਵਾਰ ਦੁਹਰਾਇਆ । ਫੇਰ ਉਤਸ਼ਾਹਮਈ ਲਹਿਜੇ 'ਚ ਬੋਲਿਆ, "ਤੂੰ ਕਮਾਲ ਕਰਦਾ ਏਂ, ਗ਼ਜ਼ਬ ਯਾਰਾ ! ਸਾਡੇ ਲੋਟੂ ਨਿਜ਼ਾਮ ਨੂੰ ਕਾਠ ਦੀ ਲੱਤ ਕਹਿਣਾ ਗ਼ਜ਼ਬ ਨਹੀਂ ਤਾਂ ਹੋਰ ਕੀ ਏ । ਤੂੰ ਸਾਡਾ ਮਹਿਬੂਬ ਲੇਖਕ — ਮਸ਼ਹੂਰ । ਮੈਨੂੰ ਇਸ ਗੱਲ ਦਾ ਸੁਚੇਤ ਅਹਿਸਾਸ ਹੈ ਕਿ ਮੈਂ ਹਾਲੀ ਤੇਰੇ ਵਰਗਾ ਨਹੀਂ ਲਿਖ ਸਕਦਾ । ਤੂੰ ਕਹਾਣੀ ਦੀ ਮੰਨੀ ਪ੍ਰਮੰਨੀ ਕਲਾ ਦੇ ਤਰਾਜ਼ੂ 'ਤੇ ਪੂਰਾ ਉਤਰਦਾ ਏਂ । ਮੈਨੂੰ ਜਾਪਦੈ ਮੈਂ ਕਹਾਣੀ 'ਚ ਏਨਾ ਕੁਝ ਕਹਿ ਜਾਨਾਂ ਕਿ ਉਹ ਆਫ਼ਰ ਜਾਂਦੀ ਐ । ਕੌਣ ਸੀ ਉਹ ? ਅਲੈਕਸੀ ਟਾਲਸਟਾਇ ? ਜੀਹਨੇ ਕਿਹਾ ਸੀ — "ਜੇ ਏਨਾ ਕੁਝ ਕਹਿਣਾ ਏ ਤਾਂ ਲੇਖ ਲਿਖੋ ।" ਮੈਂ ਸਿਰ ਮਾਰਿਆ ਬਈ ਮੈਨੂੰ ਨਹੀਂ ਪਤਾ ।

ਉਹ ਫੇਰ ਬੋਲਣ ਲਗਾ । "ਬੱਸ ਤੇਰੇ 'ਚ ਇਕ ਨੁਕਸ ਐ । ਬੜਾ ਭਾਰੀ ਨੁਕਸ । ਤੂੰ ਲਿਖਦਾ ਨਹੀਂ — ਲਗਾਤਾਰ । ਓਏ ਤੂੰ ਦੁਨੀਆਂ ਭਰ ਦਾ ਆਲਸੀ । ਤੂੰ ਕੀ ਜਾਣੇਂ ਤੂੰ ਕੀ ਏਂ ? ਪਤਾ ਏ ਆਲਸ ਨਾਲ ਬੰਦੇ ਦੇ ਕਣ ਸੌਂ ਜਾਂਦੇ ਨੇ ? ਆਸਤ੍ਰੋਵਸਕੀ ਨੇ ਐਵੇਂ ਤਾਂ ਨਹੀਂ ਕਿਹਾ, 'ਆਲਸ ਬੰਦੇ ਦਾ ਨੰਬਰ ਇਕ ਦੁਸ਼ਮਣ ਐ ।' ਵਾਸਤੇ ਰੱਬ ਦੇ ਬੰਦਾ ਬਣ ਜਾ...ਬੰਦਾ ਮੈਂ ਅਵਾਕ ਉਹਦੇ ਮੂੰਹ ਵੱਲ ਦੇਖ ਰਿਹਾ ਸਾਂ ।

* * *

ਉਹ ਤਸ਼ਬੀਹਬਾਜ਼ ਲੇਖਕ ਹੈ । ਉਹਦੀਆਂ ਨੋਟ ਬੁਕਾਂ ਵਿਚ ਹਜ਼ਾਰਾਂ ਸ਼ਿਅਰ ਅਤੇ ਕਥਨ ਨੋਟ ਕੀਤੇ ਹੋਏ ਹਨ ਜਿਨ੍ਹਾਂ ਨੂੰ ਉਹ ਥਾਂ ਪਰ ਥਾਂ ਜਨੂੰਨ ਦੀ ਹੱਦ ਤੱਕ ਕੋਟ ਕਰਦਾ ਹੈ ।

* * *

ਵਧੀਆ ਬੰਦਾ, ਵਧੀਆ ਗੱਲ, ਵਧੀਆ ਚਾਹ । ਇਹਨਾਂ ਦਾ ਉਹ ਸ਼ੈਦਾਈ ਹੈ ।

* * *

ਅੰਗਰੇਜ਼ੀ ਦੇ ਮੁਹਾਵਰੇ ਮੁਤਾਬਕ ਸੁਹਣੀਆਂ ਤੀਮੀਆਂ ਲਈ ਉਹ ਆਪਣੇ ਦਿਲ 'ਚ ਨਰਮ ਕੋਨਾ ਰਖਦਾ ਹੈ । ਜਦੋਂ ਉਹਨੇ ਕਿਸੇ ਸੁਹਣੀ ਕੁੜੀ ਦਾ ਜ਼ਿਕਰ ਕਰਨਾ ਹੋਵੇ ਤਾਂ ਉਹਨੂੰ ਮੋਮਬੱਤੀ ਵਰਗੀ ਕੁੜੀ ਆਖੇਗਾ । ਉਹਦੀ ਨਾਇਕਾ ਸਦਾ ਉਹਦੇ ਖ਼ਾਬਾਂ ਦੀ ਕੁੜੀ ਹੁੰਦੀ ਹੈ — ਮੱਕੀ ਦੇ ਟੁੱਕ ਵਰਗੀ, ਕਪਾਹ ਦੀ ਛਿਟੀ ਵਰਗੀ ਛੈਲ, ਹਲ ਹੇਠੋਂ ਨਿਕਲੀ ਮਿੱਟੀ ਵਰਗੀ, ਪਵਿਤਰ ਤੇ ਬੇਲਾਗ, ਦਿਨ ਵਰਗੀ ਬੇਅਰਾਮ ! ਤੇ ਉਹ ਕੁੜੀ ਇਕੋ ਹੈ । ਕੇਵਲ ਇਕ ।

ਇਕ ਦਿਨ ਸਿਆਲ ਦਾ । ਨਿੱਘਾ ਅਤੇ ਅਲਸਾਇਆ । ਉਹ ਲੰਗੋਟ ਪਾਈ ਨੰਗ ਧੜੰਗ ਆਪਣੇ ਵਿਹੜੇ ਵਿਚ ਪਿਆ ਸੀ । ਅੱਖਾਂ ਕਿਸੇ ਅਕਹਿ ਆਨੰਦ 'ਚ ਬੰਦ । ਮਾਲਿਸ਼ ਕੀਤਾ ਉਹਦਾ ਭਰਵਾਂ ਸਰੀਰ ਧੁੱਪ 'ਚ ਤੇਲੀਆ ਭਾਹ ਮਾਰ ਰਿਹਾ ਸੀ । ਸਿੱਕੇ ਵਰਗਾ ਸੁਰਮਈ । ਠੋਸ । ਪੰਘਰਿਆ ਹੋਇਆ । ਜਿਵੇਂ ਕਿਰਨਾਂ ਦਾ ਝੁੰਬਲਮਾਟਾ ਮਾਰੀਂ ਕੋਈ ਸਾਧ ਪਿਆ ਹੋਵੇ । ਮੇਰਾ ਜੀਅ ਕੀਤਾ ਕਿ ਉਹਨੂੰ ਇਉਂ ਹੀ ਪਿਆ ਰਹਿਣ ਦਿਆਂ ਅਤੇ ਦੇਖੀ ਜਾਵਾਂ । ਉਹਨੂੰ ਬੇਆਰਾਮ ਨਾ ਕਰਾਂ । ਉਹਦੀ ਕਿਤੇ ਬਿਰਤੀ ਭੰਗ ਨਾ ਹੋ ਜਾਏ ! ਏਨੀ ਸ਼ਾਂਤ ਚੁੱਪ ਕਿ ਜੇ ਕਿਤੇ ਪੱਤਾ ਵੀ ਡਿਗਦਾ ਤਾਂ ਉਹਦੀ ਆਵਾਜ਼ ਸੁਣਾਈ ਦੇ ਜਾਂਦੀ । ਇਸ ਟੂਣੇਹਾਰ ਆਲਮ ਵਿਚ ਉਹਨੇ ਅੱਖਾਂ ਖੋਹਲੀਆਂ । ਕਿਸੇ ਸੁਨਹਿਰੇ ਖ਼ਾਬ ਦੇ ਸੰਦਲੀ ਬੂਹਿਆਂ ਵਾਂਗ । ਫੇਰ ਉਹ ਦੀਵਾਨਿਆਂ ਵਾਂਗ ਮੇਰੀ ਵੱਲ ਝਾਕਿਆ । ਝਾਕੀ ਗਿਆ । ਇਕ ਟੱਕ । ਉਹਦਾ ਸਰੀਰ ਮੁਸਕਰਾਇਆ । ਰੋਮ ਰੋਮ 'ਚ ਵਿਸਮਾਦ ਦੀ ਲਹਿਰ ! ਉਹ ਹੌਲੀ, ਬਹੁਤ ਹੌਲੀ ਜਿਹੀ ਬੋਲਿਆ : "ਮੋਹਨ ! ਮੇਰੇ ਅੰਦਰ ਇਕ ਕੁੜੀ ਲੰਮੀ ਪਈ ਹੈ । ਲੰਮੀ ਲੰਝੀ । ਮੋਮਬੱਤੀ ਵਰਗੀ !" ਉਸ ਸਮੇਂ ਮੈਂ ਸੋਚਿਆ ਕਿ ਏਸ ਮਧਰੇ ਜਿਹੇ ਬੰਦੇ ਅੰਦਰ ਉਹ ਸਮਾ ਕਿਵੇਂ ਗਈ ।

* * *

ਉਹ ਦਾਨ ਲੈਣ ਅਤੇ ਦੇਣ ਦੇ ਏਨਾ ਵਿਰੁੱਧ ਹੈ ਕਿ ਜੇ ਉਹਦਾ ਵੱਸ ਚੱਲੇ ਤਾਂ ਹਰ ਚੌਰਾਹੇ ਉਤੇ ਬੋਰਡ ਲਵਾ ਦੇਵੇ ਜੀਹਦੇ ਉਤੇ ਲਿਖਿਆ ਹੋਵੇ, "ਦਾਨ ਲੈਣਾ-ਦੇਣਾ ਜੁਰਮ ਹੈ ।" ਉਹ ਇਸ ਵਿਸ਼ੇ ਉਤੇ ਬੜਾ ਭਾਵੁਕ ਭਾਸ਼ਣ ਦੇ ਸਕਦਾ ਹੈ — 'ਇਹ ਗ਼ੁਰਬਤ ਦਾ ਮਜ਼ਾਕ ਹੈ, ਨਿਰਾਦਰ ਹੈ । ਆਫਰੀ ਹੋਈ ਜੇਬ ਵਾਲੇ ਮਨੁੱਖ ਦੇ ਮਨ ਵਿਚ ਤਾਜ-ਮਹਿਲ ਹੁੰਦੈ । ਵਿਦਾ ਹੁੰਦੀ ਵਿਆਹੁਲੀ ਕੁੜੀ ਉਪਰ ਦੀ ਸਿੱਕਿਆਂ ਦੀ ਸੋਟ ਕਰਨ ਵਾਲੇ ਜ਼ਿਹਨੀ ਸੁਆਦ ਲੈਂਦੇ ਨੇ ....।'

ਇਸ ਵਿਸ਼ੇ ਉਤੇ ਉਹਨੇ ਇਕ ਕਵਿਤਾ ਵੀ ਲਿਖੀ । ਜਿਸ ਨੂੰ ਉਹਨੇ ਬੜੀ ਬਾਰੀ ਤਰੰਨਮ 'ਚ ਸੁਣਾਇਆ, 'ਥਾਲ ਉਠਦੇ ਨੇ ਕਈ .....।'

→

ਰਘੁਬੀਰ ਢੰਡ ਸਪਲੀਮੈਂਟ

ਉਹਨੀਂ ਦਿਨੀਂ ਉਹਨੇ ਇਕ ਮਹਿੰਗਾ ਕੋਟ ਸੁਆਇਆ। ਪਾਕੇ ਉਹ ਖੁਸ਼ੀ ਵਿਚ ਨਹੀਂ ਸੀ ਮਿਆਉਂਦਾ। ਦੋਸਤਾਂ ਨੂੰ ਦਿਖਾਉਂਦਾ। ਸ਼ੀਸ਼ੇ ਵਿਚ ਵਾਰ ਵਾਰ ਆਪਣੇ ਆਪ ਨੂੰ ਨਿਹਾਰਦਾ। ਉਹਤੋਂ ਚਾਅ ਨਹੀਂ ਸੀ ਚੱਕਿਆ ਜਾਂਦਾ। ਫੇਰ ਕਈ ਦਿਨ ਉਹਨੇ ਉਹ ਕੋਟ ਨਾ ਪਾਇਆ।

"ਕੋਟ ਕਿਥੇ ਐ ? ਡਰਾਈਕਲੀਨ ਕਰਨਾ ਦੇਤਾ?" ਮੈਂ ਪੁੱਛਿਆ "ਸਾਡੇ ਇਕ ਪਾਲੀ ਐ। ਬਚਨਾ ਅਮਲੀ। ਉਹਨੂੰ ਸੁਣਾਂਗੇ ਕਦੇ। ਨਹਿਰ 'ਤੇ ਬਹਿਕੇ। ਉਹ ਕਲੀਆਂ ਲਾਉਂਦੈ। ਉਚੀ ਹੇਕ 'ਚ। ਬੱਸ ਕਤਲ ਕਰਦੈ ਇਕ ਵੇਰਾਂ ਤਾਂ ਨਚਾ ਦਿੰਦੈ !!" ਫੇਰ ਉਦਾਸ ਹੋਇਆ ਭੁੱਬੀ ਜਿਹੀ ਆਵਾਜ਼ 'ਚ ਬੋਲਿਆ, "ਯਾਰਾ, ਪਰਸੋਂ ਉਸਤੋਂ ਕਲੀ ਨਾ ਗਾਈ ਗਈ। ਠੰਡ 'ਚ ਠੁਰ ਠੁਰ ਕਰੇ।"

'ਪਰ ਕੋਟ ....?'

'ਬੱਸ ਉਸੇ ਨੂੰ ਦੇਤਾ।'

ਉਸ ਸਮੇਂ ਉਹਦੀਆਂ ਅੱਖਾਂ 'ਚ ਨਸ਼ਾ ਸੀ। ਪਰ ਮੈਨੂੰ ਹਾਸਾ ਆ ਗਿਆ। ਝੋਥੇ ਉਤੋਂ ਦੀ ਕੋਟ ਪਾਈਂ ਬਚਨਾ ਅਮਲੀ ਕਾਰਟੂਨ ਲਗਦਾ ਹੋਵੇਗਾ।

ਉਹ ਬਹੁਤ ਵੱਡਾ ਸੁਪਨਸਾਜ਼ ਹੈ। ਉਹਦੀਆਂ ਗੱਲਾਂ ਸੁਣੋਗੇ ਤਾਂ ਆਕਾਸ਼ਬਾਣੀ ਵਾਲੇ 'ਹਵਾ ਮਹਿਲ' ਨੂੰ ਭੁੱਲ ਜਾਉਗੇ। ਤੁਰਦਾ ਫਿਰਦਾ ਜੰਤਰ ਮੰਤਰ ਹੈ ਉਹ। ਤੁਸੀਂ ਉਹਦੀ ਇਕ ਗੱਲ ਦੇ ਦਰਵਾਜ਼ੇ ਵਿਚੋਂ ਨਿਕਲੋਗੇ ਤਾਂ ਦੂਜੀ ਦਾ ਉਹੋ ਜਿਹਾ ਦਰਵਾਜ਼ਾ ਤੁਹਾਡੇ ਸਾਹਮਣੇ ਹੋਵੇਗਾ। ਪਲ ਭਰ ਬੌਂਦਲੋਗੇ ਤੇ ਫੇਰ ਏਸ ਖੇਡ ਦਾ ਸੁਆਦ ਮਾਣਨ ਲਗ ਪਵੋਗੇ। ਗੱਲਾਂ ਹੀ ਉਹ ਏਨੀਆਂ ਸੁਣੀਆਂ ਕਰਦਾ ਹੈ। ਅਗਲਾ ਮੋਹਿਆ ਜਾਂਦਾ ਹੈ। ਉਹਦੇ ਸਾਥ ਵਿਚ ਜ਼ਿੰਦਗੀ ਹੋਰ ਹੁਸੀਨ, ਹੋਰ ਪਿਆਰੀ ਲੱਗਣ ਲਗ ਪੈਂਦੀ ਹੈ। ਸੁਣਨ ਵਾਲੇ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਪਰਬਲ ਹੋ ਉਠਦੀ ਹੈ। ਉਹਦੀਆਂ ਅੱਖਾਂ ਵਿਚ ਇਕ ਖਾਸ ਚਮਕ ਪੈਦਾ ਹੋ ਜਾਂਦੀ ਹੈ ਜਿਵੇਂ ਕੋਈ ਗੁਆਚੀ ਹੋਈ ਪਿਆਰੀ ਚੀਜ਼ ਲਭ ਪਈ ਹੋਵੇ। ਤੇ ਵਿਛੜਨ ਲਗਿਆਂ ਕੁਝ ਅਜਿਹਾ ਹੀ ਖੁੱਸ ਜਾਣ ਦੇ ਅਹਿਸਾਸ ਕਾਰਨ ਉਦਾਸੀ ਤਾਰੀ ਹੋ ਜਾਂਦੀ ਹੈ। ਉਹਦੇ ਇਸ ਗੁਣ ਅਤੇ ਪਾਇਦਾਰ ਦਲੀਲ ਦੇ ਤਾਂ ਉਹਦੇ ਵਿਰੋਧੀ ਵੀ ਕਾਇਲ ਹੋਣ ਤੋਂ ਨਹੀਂ ਬਚ ਸਕਦੇ। ਏਨੀਂ ਪਿਆਰੀ ਸ਼ਖਸੀਅਤ ਦੀ ਜੇ ਕੋਈ ਗੁਣ ਵਾਲੀ ਗੱਲ ਨਾ ਕੀਤੀ ਜਾਵੇ ਤਾਂ ਆਪਣਾ ਆਪ ਦੋਸ਼ੀ ਲਗਣ ਲਗ ਪੈਂਦਾ ਹੈ।

ਇੰਗਲੈਂਡ ਜਾਣ ਤੋਂ ਕੁਝ ਦਿਨਾਂ ਪਹਿਲਾਂ, ਅਹਿਮਦਗੜ੍ਹ ਦੇ ਰੇਲਵੇ ਸਟੇਸ਼ਨ ਉਤੇ, ਆਥਣ ਵੇਲੇ ਅਸੀਂ, ਪਤਾ ਨਹੀਂ ਕਿੰਨੀ ਦੇਰ ਤਾਈਂ ਗੱਲਾਂ ਕਰਦੇ ਰਹੇ। ਉਹ ਮੈਨੂੰ ਦਿਲਾਸਾ ਦੇ ਰਿਹਾ ਸੀ — ਭਵਿੱਖ ਦਾ ਕੋਈ ਰੰਗੀਨ ਸਪਨਾ ਜਿਵੇਂ ਸਿਰਜ ਰਿਹਾ ਹੋਵੇ। "ਤੂੰ ਫ਼ਿਕਰ ਨਾ ਕਰ। ਮੈਂ ਕੋਈ ਉਥੇ ਪੱਕੇ ਤੌਰ ਤੇ ਰਹਿਣੈ। ਕੁਝ ਕੁ ਸਾਲ ਉਥੇ ਕੰਮ ਕਰਕੇ ਲੱਖ ਰੁਪਈਆ ਕਮਾਕੇ ਲਿਆਊਂਗਾ। ਚਾਲੀ ਹਜ਼ਾਰ ਦਾ ਆਪਾਂ ਪ੍ਰੈਸ ਲਾਵਾਂਗੇ ਇਕ ਪਰਚਾ ਕੱਢਾਂਗੇ। ਲੋਕਾਂ ਲਈ, ਖਾਸ ਤੌਰ ਤੇ ਪਿੰਡਾਂ ਦੇ ਲੋਕਾਂ ਵਾਸਤੇ ਜਿਸ ਵਿਚ ਤੇਰਾ ਪਿੰਡ ਬਨਭੌਰਾ, ਮੇਰਾ ਜੰਡਾਲੀ ਕਲਾਂ, ਬੱਸ ਚਿਤਰੇ ਪਏ ਹੋਇਆ ਕਰਨਗੇ। ਆਪਾਂ ਤਾਂ ਖੁਸ਼ਬੋ ਵਾਂਗ ਛਾ ਜਾਵਾਂਗੇ ... ਮਿਲ ਕੇ ਲਿਖਾਂਗੇ ... ਲਗਾਤਾਰ ...।" ਮੇਰੀਆਂ ਅੱਖਾਂ ਭਰ ਆਈਆਂ ਸਨ। ਹਨੇਰਾ ਚੁਪਾਸੇ ਪੱਸਰ ਰਿਹਾ ਸੀ। ਸਭ ਕੁਝ ਧੁੰਦਲਾ ਧੁੰਦਲਾ ਦਿਖਾਈ ਦੇ ਰਿਹਾ ਸੀ। ਮੈਨੂੰ ਲਗ ਰਿਹਾ ਸੀ ਕਿ ਏਸ ਭਰੀ ਭਕੁੰਨੀ ਦੁਨੀਆਂ ਵਿਚ ਮੈਂ ਇਕੱਲਾ ਰਹਿ ਜਾਵਾਂਗਾ। ਵਿਛੋੜੇ ਦਾ ਇਹ ਖੱਪਾ ਕਦੇ ਵੀ ਪੂਰਿਆ ਨਹੀਂ ਜਾਣਾ।

ਏਸ ਤੋਂ ਪਿਛੋਂ ਉਹ ਆਇਆ। ਨਿਰਾ ਹੱਡੀਆਂ ਦੀ ਮੁੱਠੀ। ਪਿੰਜਰ ਉਹਦੀ ਪਹਿਲਵਾਨਾਂ ਵਰਗੀ ਦੇਹ ਦਾ ਧੂੰਆਂ ਨਿਕਲ ਗਿਆ ਸੀ। ਉਸ ਤੋਂ ਲਗਾਤਾਰ ਪੰਜ ਪਿੰਟ ਵੀ ਨਹੀਂ ਸੀ ਬੋਲਿਆ ਜਾਂਦਾ। ਸਾਹ ਸੂਤਿਆ ਪਿਆ ਸੀ। ਮੋਟੀਆਂ ਅੱਖਾਂ ਅੰਦਰ ਨੂੰ ਧਸ ਗਈਆਂ ਸਨ। ਕੱਚੀ ਕੰਧ ਦੀਆਂ ਹਨੇਰੀਆਂ ਖੁੱਡਾਂ ਵਾਂਗ। ਉਹਨਾਂ ਦੀ ਤਰਲ ਚਮਕ ਕਿਥੇ ਚਲੀ ਗਈ ਸੀ ? ਤੇ ਲੱਖ ਰੁਪਈਆ ? ਸ਼ਾਇਦ ਉਹ ਅੱਖਾਂ 'ਚ ਰਸੌਂਤ ਬਣ ਕੇ ਉਤਰ ਗਿਆ ਸੀ। ਥੋੜਾ ਚਿਰ ਬੋਲਣ ਪਿਛੋਂ ਹੀ ਉਹਨੂੰ ਦਿਸਣੋਂ ਹਟ ਗਿਆ...ਮੈਥੋਂ ਬਰਦਾਸ਼ਤ ਨਾ ਹੋ ਸਕਿਆ ਤੇ ਨਿਮੋਝੂਣਾ ਜਿਹਾ ਉਠ ਕੇ ਤੁਰ ਆਇਆ। ਸੁਪਨਾ ਕਿਤੇ ਪਿਛੇ ਗੁਆਚ ਗਿਆ ਸੀ। ਹਕੀਕਤ ਸਾਹਮਣੇ ਸੀ। ਤਲਖ ਹਕੀਕਤ ਜਿਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਇਹ ਤਾਂ ਝੱਲਣੀ ਹੀ ਪੈਂਦੀ ਹੈ।

ਅਹਿਮਦਗੜ੍ਹ ਦੀ ਰੇਲ ਪਟੜੀ, ਨਹਿਰ ਦਾ ਪੁਲ, ਰੇਤਲਾ ਪਹਾ। ਇਹ ਪਾਰ ਕਰਕੇ ਮੈਂ ਉਹਦੇ ਪਿੰਡ ਜੰਡਾਲੀ ਕਲਾਂ ਜਾਂਦਾ ਹੁੰਦਾ ਸਾਂ। ਆਪਣੇ ਘਰ, ਵਿਹੜੇ ਵਿਚ, ਉਹ ਸਦਾ ਦੋਸਤਾਂ-ਮਿਤਰਾਂ ਦੀ ਮਹਿਫ਼ਲ 'ਚ ਘਿਰਿਆ ਹੁੰਦਾ। ਪ੍ਰਕਾਸ਼ ਭਾਬੀ ਨੂੰ ਉਥੇ ਮੈਂ ਕਦੇ ਵੀ ਵਿਹਲੀ ਬੈਠੀ ਨਹੀਂ ਸੀ ਦੇਖਿਆ। ਉਹ ਬਾਰ ਬਾਰ ਚਾਹ ਬਣਾਉਂਦੀ ਰਘੁਬੀਰ ਦੇ ਸ਼ਬਦਾਂ 'ਚ 'ਡਾਂਗ ਵਰਗੀ ਚਾਹ'। ਚਾਹ ਦੀਆਂ ਚੁਸਕੀਆਂ, ਗੱਲਾਂ, ਸ਼ਿਅਰ, ਲਤੀਫ਼ੇ ਅਤੇ ਚੁਹਲਬਾਜ਼ੀਆਂ ਦੇ ਅਮੁੱਕ ਰੌਲੇ ਵਿਚ ਉਹ ਮੈਨੂੰ ਦਿਖਾਈ ਦਈ ਜਾਂਦੀ। ਕਦੇ ਆਪਣੇ ਪੁੱਤ ਜੀਬੂ (ਰਾਜੀਵ) ਦੇ ਕਪੜੇ ਧੋਂਦੀ, ਕਦੇ ਉਹਨੂੰ ਨਹਾਉਂਦੀ। ਕਦੇ ਧੂੰਏਂ ਭਰੀ ਰਸੋਈ ਵਿਚ ਚੁੱਪ ਚਾਪ ਦਾਲ 'ਚ ਕੜਛੀ ਫੇਰਦੀ, ਆਟਾ ਗੁੰਨ੍ਹਦੀ, ਭਾਂਡੇ ਮਾਂਜਦੀ, ਧੋਂਦੀ। ਰੋਟੀ ਪਕਾਉਂਦੀ ਅਤੇ ਪਰੋਸਦੀ। ਏਨੇ ਕੰਮ ਦੇ ਬਾਵਜੂਦ ਮੈਂ ਉਹਦੇ ਮੱਥੇ ਉਤੇ ਕਦੇ ਤਿਉੜੀ ਨਹੀਂ ਸੀ ਦੇਖੀ। ਜਦੋਂ ਜਾਂਦਾ ਸਾਂ ਮੈਂ ਉਦੋਂ ਅਕਸਰ



ਉਹਨਾਂ ਦੇ ਚੁਲ੍ਹੇ ਮੂਹਰੇ ਬਹਿ ਕੇ ਰੋਟੀ ਖਾਂਦਾ ਸਾਂ। ਘਰ ਦੇ ਜੀਆਂ ਵਾਂਗ। ਨਿਰਸੰਕੋਚ। ਉਹਦੇ ਹੱਥਾਂ ਦੀ ਪੱਕੀ ਮੇਥਿਆਂ ਆਲੀ ਰੋਟੀ ਮੈਨੂੰ ਕਦੇ ਨਹੀਂ ਭੁੱਲਣੀ। ਚੁਲ੍ਹੇ ਦੀ ਅੱਗ ਦੇ ਚਾਨਣ 'ਚ ਉਹਦਾ ਉਮਾਹ ਭਰਿਆ ਚਿਹਰਾ ਮੈਂ ਹੁਣ ਵੀ ਚਿਤਵ ਰਿਹਾ ਹਾਂ।

* * *

ਕਈ ਵਾਰੀ ਮੈਨੂੰ ਉਹਦੇ ਉਤੇ ਗੁੱਸਾ ਆਉਂਦਾ ਹੈ ਕਿ ਉਹਨੂੰ ਗੁੱਸਾ ਕਿਉਂ ਨਹੀਂ ਆਉਂਦਾ। ਬੰਦੇ 'ਚ ਗੁੱਸਾ ਹੋਏ ਕਿ ਕੰਧਾਂ ਕੰਬਣ ਲਗ ਜਾਣ। ਹਨੇਰੀ ਵਰਗਾ, ਵਾਛੜ ਵਰਗਾ, ਗੜੇਮਾਰ। ਮਸਾਂ ਚਾਰ ਪੰਜ ਵਾਰ ਉਹ ਮੇਰੇ ਨਾਲ ਗੁੱਸੇ ਹੋਇਆ ਹੈ ਪਿਛਲੇ ਵੀਹਾਂ ਸਾਲਾਂ ਵਿਚ। ਉਹ ਵੀ ਕਿਣਮਿਣ ਕਾਣੀ ਵਰਗਾ। ਭੋਰਾ ਸੁਆਦ ਨਹੀਂ ਆਇਆ। ਜੇ ਹਿਸਾਬ ਲਾਈਏ ਤਾਂ ਇਕ ਪੰਜ ਸਾਲਾ ਪਲਾਨ 'ਚ ਇਕ ਵਾਰੀ ਵੀ ਨਾ ਹੋਇਆ। ਉਹ ਗੁੱਸੇ ਹੋਇਆ ਜਦੋਂ :

1. ਮੈਂ ਉਹਨੂੰ ਆਪਣੀ ਲਗੀ ਹੋਈ ਜਮਾਤ 'ਚ ਬੈਠੇ ਨੇ ਚਿੱਠੀ ਲਿਖ ਦਿੱਤੀ ਸੀ।
2. ਉਹਦਾ ਦਿਤਾ ਖਤ ਤਿੰਨ ਘੰਟੇ ਲੇਟ ਪੋਸਟ ਕੀਤਾ। ਮੁੜ ਕੇ ਉਹਨੇ ਇਕ ਵਾਰੀ ਵੀ ਮੈਨੂੰ ਖਤ ਪਾਉਣ ਲਈ ਨਾ ਦਿੱਤਾ।
3. ਮੈਂ ਉਹਨੂੰ ਚੰਡੀਗੜ੍ਹ ਦੀ ਸਾਹਿਤ ਸਭਾ ਦੀ ਇਕ ਮੀਟਿੰਗ ਵਿਚ ਲੈ ਗਿਆ। ਉਥੇ ਅਫ਼ਸਰਸ਼ਾਹੀ ਮਾਹੌਲ ਦੇਖ ਕੇ ਉਹ ਦੁਖੀ ਹੋ ਗਿਆ। ਅਖੇ ਇਸ ਰਾਜਦਰਬਾਰ 'ਚ ਮੈਂ ਉਹਨੂੰ ਕਿਉਂ ਲੈ ਕੇ ਗਿਆ।
4. ਇਸ ਕਾਰਨ, ਅਕਾਰਨ ਗੁੱਸਾ। ਮੈਨੂੰ ਆਪ ਪਤਾ ਨਹੀਂ ਲਗਿਆ। ਫੇਰ ਦੱਸਾਂ ਕੀ ?

ਸਮੁੱਚੇ ਤੌਰ ਤੇ ਉਹ ਗੁੱਸੇਖੋਰਾ ਆਦਮੀ ਨਹੀਂ ਹੈ। ਨਿੱਕੀ ਮੋਟੀ ਗੱਲ ਉਤੇ ਕਦੇ ਕਿਸੇ ਨਾਲ ਉਚੀ ਬੋਲ ਕੇ ਨਹੀਂ ਲੜਦਾ। ਕਿਸੇ ਦੀ ਨਿੰਦਿਆ ਸੁਣ ਕੇ ਬੱਸ ਗਿਲਾ ਕਰੇਗਾ, 'ਯਾਰਾ ! ਕੇਡੇ ਚਾਅ ਨਾਲ ਅਸੀਂ ਇਹਨਾਂ ਬੰਦਿਆਂ ਨੂੰ ਮਿਲਦੇ ਹਾਂ। ਅਗੋਂ ਇਹ ਚੁਗਲੀਆਂ ਦਾ ਅਖੰਡ ਪਾਠ ਖੋਲ੍ਹ ਕੇ ਬਹਿ ਜਾਂਦੇ ਨੇ।' ਇਉਂ ਕਰਦਾ ਵੀ ਉਹ ਮੁਹੱਬਤ ਕਰਦਾ ਲਗਦਾ। ਪਰ ਅਸੂਲ ਦੇ ਮਾਮਲੇ ਵਿਚ ਉਹ ਆਪਣਾ ਫੌਲਾਦੀ ਜਿਗਰਾ ਦਿਖਾਉਂਦਾ ਹੈ। ਡਟ ਜਾਂਦਾ ਹੈ। ਏਧਰ ਪ੍ਰਾਈਵੇਟ ਸਕੂਲ 'ਚ ਨੌਕਰੀ ਕਰਦਿਆਂ ਉਹਨੇ ਕਦੇ ਵੀ ਧੌਣ ਨੀਵੀਂ ਨਹੀਂ ਸੀ ਕੀਤੀ। ਨਾ ਹੀ ਕੋਈ ਅਜਿਹਾ ਸਮਝੌਤਾ ਕਿ ਬੰਦੇ ਨੂੰ ਹੀਣਾ ਜਿਹਾ ਲਗੇ। ਓਧਰ ਇੰਗਲੈਂਡ 'ਚ ਨਸਲੀ ਵਿਤਕਰਾ ਕਰਦਿਆਂ ਇਕ ਵੇਰਾਂ ਉਹਦੇ ਗੋਰੇ ਪ੍ਰਿੰਸੀਪਲ ਨੇ 'ਤੁਸੀ ਲੋਕ' ਕਹਿ ਕੇ ਉਹਨੂੰ ਤਾਹਨਾਂ ਮਾਰਿਆ ਅਤੇ ਨੌਕਰੀ 'ਚੋਂ ਕੱਢਿਆ ਤਾਂ ਉਹਨੇ ਵੰਗਾਰ ਕੇ ਕਿਹਾ : '...Mind, I am a slow walker but I never walk back — I 'll fight to the finish' ਜਦੋਂ ਘਰ ਆ ਕੇ ਪ੍ਰਕਾਸ਼ ਕੋਲ ਗੱਲ ਕੀਤੀ ਤਾਂ ਉਹ ਆਮ ਔਰਤਾਂ ਵਾਂਗ ਰੋਈ ਪਿਟੀ ਨਹੀਂ। ਉਹਦੀ ਦਿਲਸ਼ਿਕਨੀ ਨਹੀਂ ਕੀਤੀ। ਸਗੋਂ ਵੀਰਾਂਗਣਾਂ ਵਾਂਗ ਬੋਲੀ, "ਤੁਸੀਂ ਉਸ ਹਰਾਮਜ਼ਾਦੇ ਦੇ ਚਪੇੜਾਂ ਕਿਉਂ ਨਾ ਮਾਰੀਆਂ ...ਮੈਂ ਕਮਾਵਾਂਗੀ।' ਆਪਣਾ ਇਹ ਬਚਨ ਉਹ ਹੁਣ ਵੀ ਪੂਰਾ ਕਰ ਰਹੀ ਹੈ। ਪਰ ਉਹ ਡੋਲੇ ਨਹੀਂ। ਪ੍ਰਕਾਸ਼ ਕਮਾਉਂਦੀ ਰਹੀ, ਰਘੁਬੀਰ ਦੀ ਦੇਖਭਾਲ ਅਤੇ ਸੇਵਾ ਕਰਦੀ ਰਹੀ। ਬੱਚੇ ਪਾਲਦੀ ਰਹੀ। ਕਦੇ ਵੀ ਉਸ ਤਿਉੜੀ ਪਾਈ ਹੋਵੇ, ਇਸ ਬਾਰੇ ਮੇਰੇ ਤੱਕ ਕੋਈ ਗੱਲ ਜਾਂ ਗਿਲਾ ਨਹੀਂ ਪਹੁੰਚਿਆ ਜਦੋਂ ਕਿ ਨਿੱਕੀ ਤੋਂ ਨਿੱਕੀ ਗੱਲ, ਹਰ ਖੁਸ਼ੀ, ਹਰ ਗ਼ਮ, ਰਘੁਬੀਰ ਮੈਨੂੰ ਲਿਖ ਦਿੰਦਾ ਹੈ। ਕਦੇ ਵੀ ਕੁਝ ਵੀ ਛੁਪਾ ਕੇ ਨਹੀਂ ਰਖਦਾ। ਉਹਦੇ ਇਸ ਸਪੱਸ਼ਟ ਵਤੀਰੇ ਬਾਰੇ ਇਹੀ ਕਹਿ ਸਕਦਾ ਹਾਂ ਕਿ ਉਹ ਆਪਣੀ ਨੰਗੀ ਆਤਮਾ ਸਮੇਤ ਸਦਾ ਮੇਰੇ ਸਾਹਮਣੇ ਹੁੰਦਾ ਹੈ। 'ਸ਼ਮ੍ਹਾਂ ਹਰ ਰੰਗ ਮੇਂ ਜਲਤੀ ਹੈ, ਸਹਿਰ ਹੋਨੇ ਤਕ ...।'

ਉਹਦੇ ਕਿਰਦਾਰ, ਉਹਦੇ ਅਮਲ ਅਤੇ ਉਸ ਨਾਲ ਬੀਤੀਆਂ ਦਾ ਝਲਕਾਰਾ ਲਿਖਤਾਂ 'ਚ, ਨਿੱਕੀਆਂ ਨਿੱਕੀਆਂ ਬੁਰਸ਼ ਛੁਹਾਂ ਵਾਂਗ, ਮਿਲ ਜਾਂਦਾ ਹੈ। 'ਤੁਸੀਂ ਲੋਕ' ਕਹਾਣੀ ਵਿਚ ਯੁਵਾ ਨਾਇਕ ਵਿਨੀਤ ਆਪਣੀ ਹਮਜਮਾਤਣ ਜਿੱਲ ਨੂੰ ਇਕ ਥਾਂ ਕਹਿੰਦਾ ਹੈ, "ਮੈਂ ਹੌਲੀ ਤੁਰਦਾ ਹਾਂ ਪਰ ਪਿਛਾਂਹ ਕਦੀ ਨਹੀਂ ਮੁੜਦਾ।"

ਉਹਦੇ ਬਹੁਤੇ ਪਾਤਰ ਦਲੇਰ, ਦ੍ਰਿੜ੍ਹਤਾ ਨਾਲ ਫ਼ੈਸਲੇ ਲੈਣ ਵਾਲੇ ਹਨ। ਉਹ ਵਿਰੋਧੀਆਂ ਨਾਲ ਡਟ ਕੇ ਦਸਤਪੰਜਾ ਲੈਂਦੇ ਹਨ।

ਉਹ ਜਦੋਂ ਗੰਭੀਰ ਗੱਲ ਕਰਦਾ ਹੈ ਤਾਂ ਕੋਈ ਬੜਾ ਬਜ਼ੁਰਗ ਲਗਦਾ ਹੈ, ਜਦੋਂ ਹੱਸਦਾ ਹੈ ਤਾਂ ਬੱਚਾ। ਨਿੱਕੀ ਚੁਭਵੀਂ ਗੱਲ ਸੁਣ ਕੇ ਉਪਰਾਮ ਹੋ ਜਾਂਦਾ ਹੈ। ਬੇਅਰਾਮ। ਉਹਨੂੰ ਉਹਨਾਂ ਲੋਕਾਂ ਨਾਲ ਚਿੜ੍ਹ ਹੈ ਜੋ ਨਵਾਂ ਕੁਝ ਸਿਖਦੇ ਨਹੀਂ, ਪੁਰਾਣਾ ਭੁੱਲਦੇ ਨਹੀਂ। ਉਹ ਜਿੰਨੀ ਸ਼ਿੱਦਤ ਨਾਲ ਸੋਚਦਾ ਅਤੇ ਮਹਿਸੂਸਦਾ ਹੈ, ਉਨੀ ਹੀ ਸ਼ਿੱਦਤ ਨਾਲ ਲਿਖਦਾ ਹੈ।

ਜੀਓ ਆਇਆਂ ਨੂੰ ਰਘੁਬੀਰ ਢੰਡ

ਸੂਫ਼ੀ ਅਮਰਜੀਤ

ਅਸੀਂ ਵੈਨਕੂਵਰ ਏਰੀਏ ਦੇ ਪੰਜਾਬੀ ਬੋਲੀ ਅਤੇ ਸਭਿਆਚਾਰ ਨਾਲ ਹਿਤ ਰੱਖਣ ਵਾਲੇ ਲੇਖਕ, ਸਮੁੱਚੇ ਕੈਨੇਡਾ ਦੇ ਪੰਜਾਬੀ ਬੋਲੀ ਦੇ ਵਿਕਾਸ ਲਈ ਦਿਆਨਤਦਾਰੀ ਨਾਲ ਕੰਮ ਕਰਨ ਵਾਲੇ ਲੇਖਕ, ਸਾਹਿਤ ਪ੍ਰੇਮੀ ਹਮਦਰਦ, ਦੋਸਤ ਅਤੇ ਪੰਜਾਬੀ ਦੇ ਸ਼ੁਭਚਿੰਤਕ ਪੰਜਾਬੀ ਦੇ ਪ੍ਰਗਤੀਸ਼ੀਲ ਕਹਾਣੀਕਾਰ ਰਘੁਬੀਰ ਢੰਡ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਦੇ ਵੈਨਕੂਵਰ ਆਉਣ ਦੀ ਚਿਰਾਂ ਤੋਂ ਉਡੀਕ ਕਰ ਰਹੇ ਸਨ।

ਵੈਨਕੂਵਰ ਵਿਚ ਦੀਆਂ ਪੰਜਾਬੀ ਸਾਹਿਤ ਦੇ ਖੇਤਰ ਵਿਚ ਪੰਜਾਬੀ ਲੇਖਕ ਮੰਚ ਵੈਨਕੂਵਰ ਦੀਆਂ ਸਰਗਰਮੀਆਂ ਬਾਰੇ, ਅੱਜ ਲੱਗਪਗ, ਭਾਰਤ ਅਤੇ ਉਨ੍ਹਾਂ ਸਾਰੇ ਦੇਸ਼ਾਂ ਵਿਚ ਜ਼ਿਕਰ ਹੈ, ਜਿਥੇ ਵੀ ਪੰਜਾਬੀ ਸਾਹਿਤ ਦੀ ਸਿਰਜਣਾ ਕਰਨ ਵਾਲੇ ਸੂਰਮੇ ਹਨ। ਹਰ ਪੰਜਾਬੀ ਲੇਖਕ ਦਾ ਦਿਲ ਕਰਦਾ ਹੈ ਕਿ ਉਹ ਵੈਨਕੂਵਰ ਜ਼ਰੂਰੀ ਫੇਰੀ ਪਾਵੇ, ਜਿਥੇ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦੀ ਸਦੀਵੀ ਯਾਦ 'ਕਾਮਾਗਾਟਾ ਮਾਰੂ' ਦਾ ਸਾਕਾ ਵਾਪਰਿਆ; ਜਿਸ ਨੇ ਉਸ ਸਮੇਂ ਉਤਰੀ ਅਮਰੀਕਾ ਅਤੇ ਭਾਰਤ ਵਿਚ ਦੀ ਆਜ਼ਾਦੀ ਸੰਗਰਾਮ ਦੀ ਦੇਸ਼ ਭਗਤਕ ਲਹਿਰ ਨੂੰ ਵਧੇਰੇ ਤੇਜ਼ ਕਰ ਦਿਤਾ ਸੀ। ਸਾਥੀ ਰਘੁਬੀਰ ਢੰਡ, ਉਨ੍ਹਾਂ ਬਜ਼ੁਰਗ ਦੇਸ਼ ਭਗਤਾਂ ਦੇ ਆਸ਼ਿਆਂ ਅਤੇ ਉਦੇਸ਼ਾਂ ਉਪਰ ਪਹਿਰਾ ਦੇਣ ਵਾਲਿਆਂ ਵਿਚ ਇਕ ਹਨ, ਜੋ ਅੱਜ ਸਾਡੇ ਇਸ ਇਤਿਹਾਸਕ ਸ਼ਹਿਰ ਵੈਨਕੂਵਰ ਪੁਜੇ ਹਨ, ਜਿਸ ਦੀ ਸਾਨੂੰ ਸਾਰਿਆਂ ਨੂੰ ਅਤੀ ਖੁਸ਼ੀ ਹੈ।

ਸਾਥੀ ਰਘੁਬੀਰ ਢੰਡ, ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਵਲੋਂ 1987 ਦਾ ਕੌਮਾਂਤਰੀ ਸਾਹਿਤ ਸ਼੍ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ ਪ੍ਰਾਪਤ ਕਰਨ ਲਈ ਵੀ ਪੁਜੇ ਹਨ। ਇਹ ਵੱਡੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਇਹ ਪੁਰਸਕਾਰ ਪਹਿਲਾਂ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ ਸਰਵਸ੍ਰੀ ਸੰਤ ਸਿੰਘ ਸੇਖੋਂ, ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਗਿ: ਕੇਸਰ ਸਿੰਘ ਆਦਿ ਨੂੰ ਮਿਲ ਚੁਕਾ ਹੈ। ਇਸ ਵਾਰ ਦੇ ਪੁਰਸਕਾਰ ਲਈ ਇੰਗਲੈਂਡ ਦੇ ਪੰਜਾਬੀ ਕਹਾਣੀਕਾਰ ਰਘੁਬੀਰ ਢੰਡ ਦੀ ਟਰੱਸਟ ਵਲੋਂ ਚੋਣ ਨਿਸਚੇ ਹੀ ਢੁਕਵੀਂ ਅਤੇ ਦਰੁਸਤ ਹੈ।

ਸਾਥੀ ਰਘੁਬੀਰ ਢੰਡ ਦੀਆਂ ਕਹਾਣੀਆਂ ਇਕ ਤਰ੍ਹਾਂ ਨਾਲ 'ਸਮਾਜ ਦਾ ਦਰਪਨ' ਅਤੇ ਕਲਾਤਮਕ ਪੱਖੋਂ ਬੌਧਿਕ-ਆਬਸ਼ਾਰਾਂ ਹੀ ਹਨ ਉਸ ਦੀ ਕੋਈ ਕਹਾਣੀ ਲੈ ਲਓ, ਉਹ ਸਮਾਜ ਦੀਆਂ ਗਲਤ ਕੀਮਤਾਂ ਨਾਲ ਸੰਗਰਾਮ ਕਰਦੀ ਹੋਈ, ਉਨ੍ਹਾਂ ਪ੍ਰਤੀ ਨਫਰਤ ਅਤੇ ਰੋਹ ਉਪਜਾਵੇਗੀ। ਕਿਉਂਕਿ ਉਹ ਜੀਵਨ ਸੱਚ ਦੀ ਮੂੰਹ ਬੋਲਦੀ ਤਸਵੀਰ ਹੈ। ਰਘੁਬੀਰ ਦੇ ਤਿੰਨੇ ਕਹਾਣੀ ਸੰਗ੍ਰਹਿਆਂ 'ਕਾਇਆ ਕਲਪ', 'ਓਸ ਪਾਰ', ਅਤੇ 'ਬੋਲੀ ਧਰਤੀ' ਦੀਆਂ ਕਹਾਣੀਆਂ ਕਦੀ ਪੁਰਾਣੀਆਂ ਨਾ ਹੋਣ ਵਾਲੀਆਂ ਕਹਾਣੀਆਂ ਦੇ ਸੰਗ੍ਰਹਿ ਹਨ ਜਿਨ੍ਹਾਂ ਨੂੰ ਬਾਰ ਬਾਰ ਪੜ੍ਹਨ ਨੂੰ ਦਿਲ ਕਰਦਾ ਹੈ।

ਦਸੰਬਰ-ਜਨਵਰੀ (1987-88) ਦੇ ਮਾਸਕ 'ਕਲਮ' ਦੀ ਕਹਾਣੀ 'ਕੀੜਾ' ਰਘੁਬੀਰ ਦੀ ਇਕ ਉਚੇ ਪਾਏ ਦੀ ਕਿਰਤ ਹੈ। ਜੋ ਜਿਥੇ ਧਰਮ ਨਿਰਪੱਖਤਾ ਦੀਆਂ ਸੁੱਚੀਆਂ ਮਾਨਵਵਾਦੀ ਕਦਰਾਂ ਨੂੰ ਪੇਸ਼ ਕਰਦੀ ਹੈ, ਓਥੇ ਜੀਵਨ ਵਿਕਾਸ ਦੇ ਰਾਹ ਵਿਚ ਅੜਚਨ ਪਾਉਣ ਵਾਲੀ ਸ਼ਾਵਨਵਾਦੀ, ਅੰਨ੍ਹੀ ਕੌਮਪ੍ਰਸਤੀ ਤੇ ਫਿਰਕੂ ਪਹੁੰਚ ਉਪਰ ਕਰਾਰਾਵਾਰ ਕਰਦੀ ਹੈ। ਇਹ ਕਹਾਣੀ ਸਾਡੇ ਸਮੇਂ ਦੀ ਵਿਹੁਲੀ ਫਿਰਕੂ ਰੁਚੀ ਦੇ ਪਾਖੰਡੀ ਪਰਦੇ ਨੂੰ ਵੀ ਫਾਸ਼ ਕਰਦੀ ਹੈ।

ਮੈਂ ਇਥੇ ਆਪਣੇ ਪਿਆਰੇ ਮਿੱਤਰ ਰਘੁਬੀਰ ਢੰਡ ਦੀ ਰਚਨਾ ਸੰਬੰਧੀ ਕੁਝ ਨਾ ਕਹਿੰਦਾ ਹੋਇਆ, ਸਿਰਫ ਉਨ੍ਹਾਂ ਦਾ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਦਾ ਵੈਨਕੂਵਰ (ਕੈਨੇਡਾ) ਆਉਣ ਉਪਰ ਦਿਲ ਦੇ ਸੁਰਖ ਨਿੱਘ ਨੂੰ ਵਛਾ ਕੇ ਸੁਆਗਤ ਕਰਦਾ ਹੋਇਆ ਜੀਓ ਆਇਆਂ ਨੂੰ ਕਹਿੰਦਾ ਹਾਂ।



ਸਾਹਿਤ ਤੇ ਕਲਾ



ਕਹਾਣੀ

ਰਘੁਬੀਰ ਢੰਡ

ਕਿਰਨ

ਧੁੰਦ ਧੁਆਂਖ ਗਈ ਸੀ।

ਦਸੰਬਰ ਮੌਤ ਦਾ ਪੈਗਾਮ ਲੈ ਆਣ ਢੁਕਿਆ ਸੀ।

ਸਾਡੇ ਹਾਲ 'ਚ ਬਾਰਾਂ ਦੀ ਥਾਂ ਸੋਲਾਂ ਬੈੱਡ ਲਗੇ ਹੋਏ ਸਨ। ਮੋਤੀ-ਦੰਦਾਂ ਵਾਲੀ ਸਟਾਫ਼ ਨਰਸ ਲਿੰਡਾ ਪੋਰਟਰ ਨੂੰ ਆਖ ਰਹੀ ਸੀ — ਦੋ ਬੈੱਡ ਸਾਹਮਣੇ ਵੀ ਲਾ ਦੇਣਾ। ਬਰੌਂਕਾਈਟਸ ਤੇ ਨਮੂਨੀਏ ਦੇ ਕੇਸ ਧੜਾ ਧੜ ਆ ਰਹੇ ਹਨ। ਇਟਸ ਹੌਰੇਬਲ, ਇਨੈ ?

ਪਿਛਲਾ ਫ਼ਿਕਰਾ ਉਹਨੇ ਪੋਰਟਰ ਨਾਲ ਨੇੜਤਾ ਦਰਸਾਉਣ ਲਈ ਆਖਿਆ, ਜਾਂ ਮੌਸਮ ਦੀ ਭਿਆਨਕਤਾ ਤੋਂ ਦੁਖੀ ਹੋ — ਇਸ ਬਾਰੇ ਪੱਕੇ ਤੌਰ ਤੇ ਕੁਝ ਆਖਣਾ ਮੁਸ਼ਕਲ ਸੀ। ਜ਼ਿਮੇਵਾਰ ਨੌਕਰੀ ਤੇ ਲਗਿਆ ਅੰਗਰੇਜ਼ ਕੰਮ ਚਲਾਉਣ ਲਈ ਕੁਝ ਵੀ ਆਖ ਸਕਦਾ ਹੈ। ਤੇ ਉਹਦਾ ਕੁਝ ਵੀ ਮਤਲਬ ਹੋ ਸਕਦਾ ਹੈ।

ਪੋਰਟਰ ਨੇ ਪਹਿਲੀ ਗੱਲ ਦੇ ਉਤਰ 'ਚ 'ਠੀਕ ਹੈ' ਆਖਿਆ, ਪਰ ਦੂਜੀ ? ਵਲ ਕੋਈ ਧਿਆਨ ਨਾ ਦਿੱਤਾ। ਭਿਆਨਕ ਹਾਲਾਤ 'ਚ ਜੀਣ ਵਾਲਿਆਂ ਲਈ ਭਿਆਨਕ ਗੱਲਾਂ ਨਾਟਕੀ ਨਹੀਂ ਹੁੰਦੀਆਂ।

ਐਡਨਾ ਅਜੇ ਤਕ ਨਹੀਂ ਸੀ ਆਈ।

ਮੈਂ ਮੁੜ ਸਾਹਮਣੀ ਬਾਰੀ ਥੀਂ ਵੇਖਣ ਲਗ ਪਿਆ।

ਬਾਹਰ ਕੁਝ ਵੀ ਵੇਖਣ ਵਾਲਾ ਨਹੀਂ ਸੀ। ਸਿਰਫ਼ ਧੁੰਦ ਦੀਆਂ ਮੋਟੀਆਂ ਸੰਘਣੀਆਂ ਤਹਿਆਂ ਸਨ। ਉਨ੍ਹਾਂ 'ਚ ਕੋਈ ਕੋਈ ਚਿੱਟੀ ਕੰਨੀ। ਜਿਸ ਦਾ ਕੋਈ ਮਤਲਬ ਨਹੀਂ ਸੀ। ਹਾਂ, ਖ਼ੁਦ ਫ਼ਰੇਬੀ ਲਈ ਕਿਹਾ ਜਾ ਸਕਦਾ ਸੀ ਕਿ ਹਰ ਬੱਦਲ ਨਾਲ ਚਾਂਦੀ ਦੀ ਕਿਨਾਰੀ ਲਟਕੀ ਹੋਈ ਹੁੰਦੀ ਹੈ ...।

ਸੋਚਣ ਲੱਗਿਆਂ — ਜੇ ਬਾਹਰ ਵੇਖਣ ਵਾਲਾ ਕੁਝ ਨਹੀਂ ਤਾਂ ਫਿਰ ਕੀ ਕਰਾ ? ਹਾਲੀਂ ਤਾਂ ਦਸ ਹੀ ਵਜੇ ਸਨ, ਤੇ ਮੁਲਾਕਾਤੀਆਂ ਦੇ ਆਉਣ ਵਿਚ ਨੌਂ ਘੰਟੇ ਬਾਕੀ ਸਨ। ਇੰਨਾ ਲੰਮਾ ਸਮਾਂ ਕਿਵੇਂ ਬੀਤੇਗਾ ? ਬੜੀ ਅਜੀਬ ਗੱਲ ਸੀ। ਏਨੀ ਸਾਫ਼ ਸੁਥਰੀ ਥਾਂ ਸਾਫ ਸੁਥਰੇ ਬੈੱਡ, ਤੇ ਅੰਤਾਂ ਦੇ ਵਿਹਲ ਵਿਚ ਵੀ ਸਮਾਂ ਬਿਤਾਉਣ ਦੀ ਮੁਸੀਬਤ ਸੀ। ਸਾਲੇ ਸਮੇਂ ਦਾ ਮੰਤਕ ਵੀ ਅਜੀਬ ਹੈ। ਇਹ ਜਾਂ ਤਾਂ ਕੰਮ ਨਾਲ ਬੀਤਦਾ ਹੈ, ਜਾਂ ਮਹਿਬੂਬ ਕੋਲ ਬੈਠਿਆਂ। ਹਸਪਤਾਲ 'ਚ ਤਾਂ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਸੀ। ਹਾਂ, ਮੇਰੇ ਸੱਜੇ ਬੈੱਡ ਤੇ ਸੱਠ ਸਾਲਾ ਬਜ਼ੁਰਗ ਫ਼ਜ਼ਲ ਇਲਾਹੀ ਆਪਣੀ ਲੰਮੀ ਸਾਰੀ ਪਾਕਿਸਤਾਨੀ ਕੈਂਚੀ ਨਾਲ ਮੁੱਛਾਂ ਨੂੰ ਤਰਤੀਬ ਦਿੰਦਿਆਂ ਮੈਨੂੰ ਪੁੱਛ ਰਿਹਾ ਸੀ — ਉਹ ਭਾਈ ! ਕੀ ਆਂਹਦਾ ਸੀ ਡਾਕਟਰ ਮੇਰੇ ਬਾਰੇ ?

— ਭਾਈਆ ! ਉਹ ਕਹਿੰਦਾ ਸੀ — ਤੂੰ ਚਾਰ ਤੀਵੀਆਂ ਕਿਵੇਂ ਸੰਭਾਲ ਲੈਨੈਂ। ਨਾਲੇ ਇਹ ਵੀ — ਏਸ ਲਈ ਤੇਰਾ ਹਸਪਤਾਲ 'ਚ ਹੋਣਾ ਕੋਈ ਹੈਰਾਨੀ ਦੀ ਗੱਲ ਨਹੀਂ।

ਐਡਨਾ ਦਾ ਖਿਆਲ ਆਉਂਦਿਆਂ ਹੀ ਮੇਰੇ ਸਾਰੇ ਨਕਸ਼ ਲਿਸ਼ਕ ਪਏ। ਰੂਹ ਦੇ ਕੰਵਲ 'ਚ ਇਕਦਮ ਨਿਖਾਰ ਆਇਆ। ਜੇ ਐਡਨਾ ਆ ਜਾਏ ਤਾਂ ਸਮੇਂ ਦਾ ਕੁਝ ਹਿਸਾ ਤਾਂ ਖੰਭ ਲਾ ਉਡ ਜਾਵੇਗਾ। ਇਹ ਕੋਈ ਘੱਟ ਗ਼ਨੀਮਤ ਤਾਂ ਨਹੀਂ ਸੀ।

ਮੈਂ ਘੜੀ ਵੇਖੀ। ਸਾਢੇ ਦਸ ਵਜ ਰਹੇ ਸਨ। ਉਹਨੂੰ ਹੁਣ ਤੱਕ ਤਾਂ ਆ ਜਾਣਾ ਚਾਹੀਦਾ ਸੀ। ਐਡਨਾ ਦੀ ਉਡੀਕ ਇਕ ਤਰਸੇਵਾਂ ਬਣਦੀ ਜਾ ਰਹੀ ਸੀ।

ਫ਼ਜ਼ਲ ਇਲਾਹੀ ਨੇ 'ਸੀ' ਕੀਤੀ ਅਤੇ ਸਿੰਮਦਾ ਲਹੂ ਰੁਮਾਲ ਨਾਲ ਪੂੰਝਣ ਲਗਿਆ। ਮੋਟੀ ਜਿਹੀ ਯੁਕਰੇਨੀਅਨ ਨਰਸ ਨੂੰ ਸੀਟੀ ਮਾਰਦਿਆਂ ਉਹਨੇ ਕੈਂਚੀ ਦੀ ਚੁੰਝ ਚੁਭੋ ਲਈ ਸੀ। ਪਰ ਜ਼ਖਮ ਖਾ ਕੇ ਵੀ ਬੋਲਣੋਂ ਨਾ ਹਟਿਆ, "ਏ ਡਾਲੀ ! ... ਬਲੱਡ ਫ਼ਾਰ ਜੂ...ਕਮ...ਜੂ ਮੀ ਮੈਨ ਬੋਮੈਨ।

ਉਹ ਕੋਲ ਆ ਪੁੱਛਣ ਲੱਗੀ — ਕੀ ਕਹਿੰਦਾ ਏ ਫ਼ਜ਼ਲ ?

— ਇਹ ਕਹਿੰਦੈ, ਡਾਰਲਿੰਗ ! ਵੇਖ ਮੈਂ ਤੇਰੇ ਲਈ ਆਪਣਾ ਖ਼ੂਨ ਕਰ ਲਿਐ। ਆ ਆਪਾਂ ਤੀਮੀ ਆਦਮੀ ਬਣ ਜਾਈਏ।

ਉਹ ਖਿੜ ਗਈ, ਅਤੇ ਫ਼ਜ਼ਲ ਇਲਾਹੀ ਦੀ ਗਲ੍ਹ ਥਾਪੜਦਿਆਂ ਬੋਲੀ — ਯੂ ਚੀਕੀ ਓਲਡਮੈਨ !

ਉਹ ਚਲੀ ਗਈ, ਫ਼ਜ਼ਲ ਇਲਾਹੀ ਕਾਫ਼ੀ ਦੇਰ ਤੱਕ ਆਪਣੀ ਗਲ੍ਹ ਪਲੋਸਣ ਦਾ ਸੁਆਦ ਲੈਂਦਾ ਰਿਹਾ। ਪਰ ਜ਼ਬਾਨ ਉਹਦੀ ਕੈਂਚੀ ਵਾਂਗ ਹੀ ਚਲਦੀ ਰਹੀ —

ਤੇਰੀ ਬੇਗ਼ਮ ਆਏਗੀ ਅੱਜ ?

ਹਾਂ ਭਾਈਆ !

— ਉਹਨੂੰ ਟੈਲੀਫੋਨ ਕਰਕੇ ਆਖ ਕਿ ਆਉਂਦੀ ਹੋਈ ਜ਼ਰਦਾ ਤੇ ਖੰਡ ਦਾ ਪੈਕਟ ਲੈ ਕੇ ਆਵੇ ਮੇਰੇ ਵਾਸਤੇ। ਸਹੁਰੀ ਦੀਆਂ ਖੰਡ ਤਾਂ ਚਾਹ 'ਚ ਪਾਉਂਦੀਆਂ ਈ ਨੀ। ਹਾਂ, ਜ਼ਰਦਾ ਜ਼ਰਾ ਵਧੀਆ ਲਿਆਵੇ।

— ਬਹੁਤ ਵਧੀਆ ਲਿਆਵੇਗੀ ਭਾਈਆ ! ਮਝੈਲਣ ਐ ਮੇਰੀ ਬੇਗ਼ਮ ! ਜ਼ਰਦਾ ਬਣਾਂਦੀ ਐ ਬੱਸ ਕੱਲਾ ਕੱਲਾ ਦਾਣਾ ਖਿਡ ਜਾਂਦੈ।

ਭਾਈਆ ਹੱਸਿਆ; ਸ਼ਾਇਦ ਮੇਰੀ ਅਕਲ ਤੇ। ਫਿਰ ਬੋਲਿਆ — ਓ ਨਹੀਂ ਓ ਭਾਈ ! ਮੈਂ ਚੱਬਣ ਵਾਲੇ ਤਮਾਖੂ ਦੀ ਗੱਲ ਪਿਆ ਕਰਦਾਂ।

ਮੈਂ ਵੀ ਹੱਸਿਆ। ਐਵੇਂ ਦੰਦਾਂ ਨਾਲ। ਜਿਵੇਂ ਬੁਧੀਜੀਵੀ ਹੱਸਦੇ ਹੁੰਦੇ ਹਨ, ਪਰ ਦੂਜੇ ਹੀ ਪਲ ਉਹਤੋਂ ਖਹਿੜਾ ਛੁਡਾਉਣ ਦੀ ਕੋਈ ਸਕੀਮ ਲਭਣ ਲਗਿਆ। ਮੈਨੂੰ ਪਤਾ ਸੀ ਹੁਣ ਭਾਈਏ ਨੇ ਟੇਪ ਵਾਂਗ ਬੋਲਦੇ ਹੀ ਤੁਰ ਜਾਣਾ ਹੈ। ਉਹੀ ਵਾਰ ਵਾਰ ਦੁਹਰਾਈਆਂ ਹੋਈਆਂ ਗੱਲਾਂ।

ਮੈਨੂੰ ਵਾਰ ਵਾਰ ਐਡਨਾ ਦਾ ਖਿਆਲ ਆ ਰਿਹਾ ਸੀ। ਮੈਂ ਉਹਨੂੰ ਦਫ਼ਤਰ ਵਲ ਵੇਖਣ ਜਾਣ ਲਈ ਸਲੀਪਰ ਪਾਣ ਲਗਿਆ।

ਭਾਈਏ ਦਾ ਬਿਆਨ ਜਾਰੀ ਸੀ — ਹਿਟਲਰ ਇਨ੍ਹਾਂ ਤੋਂ ਮਰਨ ਵਾਲਾ ਕਿਥੇ ਸੀ ! ਉਹਨੂੰ ਤਾਂ ਕੁਦਰਤ ਮਾਰਗੀ। ਉਹਨੇ ਇਕ ਸੁਰੰਗ ਕਢਾਈ ਜੀਹਦੇ ਵਿਚੋਂ ਦੀ ਜਰਮਨੀ ਤੋਂ ਅਮਰੀਕਾ ਗਿਆਰਾਂ ਮੀਲ ਸੀ ਬੱਸ ਉਹਦਾ ਇਕ ਜਰਨੈਲ ਮੌਕੇ ਤੇ ਨਾ ਬਹੁੜਿਆ। ਕਸਮ ਖ਼ੁਦਾ ਦੀ, ਸਾਰੀ ਦੁਨੀਆਂ ਤੇ ਝੰਡਾ ਝੁੱਲਣਾ ਸੀ ਉਹਦਾ ...।

ਜੇ ਕਦੀ ਮੈਂ ਭਾਈਏ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਜਰਮਨੀ ਤੋਂ ਅਮਰੀਕਾ ਤਾਂ ਕਈ ਹਜ਼ਾਰ ਮੀਲ ਦੂਰ ਹੈ, ਉਹ ਇਕ ਦਮ ਨਾਸਾਂ ਫੁਲਾ ਬੁੱਲ੍ਹ ਫਰਕਾਣ ਲਗ ਪੈਂਦਾ — ਤੈਨੂੰ ਬਹੁਤਾ ਪਤੈ ? ਮੈਂ ਆਪ ਓਸ ਸੁਰੰਗ 'ਚ ਕੈਦ ਰਿਹਾਂ।

ਮੈਂ ਚੁੱਪ ਤਾਂ ਕਰ ਜਾਂਦਾ, ਪਰ ਭਾਈਆ ਮੈਨੂੰ ਪਾਰਲੀਮੈਂਟ ਹਾਲ ਦੀ ਸਟੇਜ ਤੇ ਬੈਠੀ ਝੂਠ ਦੀ ਕੁਰਸੀ ਵਰਗਾ ਜਾਪਦਾ ਜਿਸ ਨੂੰ ਵਿਧਾਨ ਵਲੋਂ ਪਵਿੱਤਰਤਾ ਦੀ ਪਦਵੀ ਮਿਲੀ ਹੁੰਦੀ ਹੈ, ਤੇ ਜਿਸ ਦੀ ਪਵਿੱਤਰਤਾ ਨੂੰ ਬਚਾਣ ਲਈ ਇਕ ਫੌਜ, ਦੂਜੀ ਪੁਲਸ ਤੇ ਤੀਜੀ ਨੌਕਰਸ਼ਾਹੀ ਹਰ ਸਮੇਂ ਤਿਆਰ ਰਹਿੰਦੀ ਹੈ।

ਮੈਂ ਕੋਰੀਡੋਰ 'ਚ ਪਏ ਬੈਂਚ ਤੇ ਬੈਠਿਆ ਹੀ ਸਾਂ ਕਿ ਮੋਤੀ ਦੰਦਾਂ ਵਾਲੀ ਸਟਾਫ਼ ਨਰਸ ਅੱਗ ਲੱਗੀ ਵਾਂਗ ਦਫ਼ਤਰ 'ਚੋਂ ਬਾਹਰ ਨਿਕਲੀ। ਮੈਨੂੰ ਵੇਖ ਇਕ ਦਮ ਰੁਕੀ ਤੇ ਮੋਤੀ-ਦੰਦ ਖਿਲਾਲ ਜਦੋਂ ਮੁਸਕਾਈ ਤਾਂ ਉਹਦੇ ਸਾਰੇ ਚਿਹਰੇ ਤੇ ਲਿਸ਼ਕ ਇੰਜ ਫਿਰ ਗਈ ਜਿਵੇਂ ਨਹਿਰ ਦੇ ਪਾਣੀ ਤੇ ਸੱਪ ਤੜਫਿਆ ਹੋਵੇ। ਕਹਿਣ ਲੱਗੀ — ਮੈਂ ਤੇਰੇ ਵਲ ਈ ਚਲੀ ਸਾਂ। ਮੇਰੇ ਨਾਲ ਆ ਜ਼ਰਾ। ਔਸ ਵਾਰਡ 'ਚ ਇਕ ਜਵਾਨ ਪਾਕਿਸਤਾਨੀ

→

‘ਕੈਨੇਡਾ ਦਰਪਣ’ ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

‘ਆਜ਼ਾਦ ਕਸ਼ਮੀਰ’ ਵਿਚ ਸ਼ੀਆ ਤੇ ਸੁੰਨੀਆਂ ਵਿਚਕਾਰ ਟੱਕਰ

ਇਸਲਾਮਾਬਾਦ — ਪਾਕਿਸਤਾਨੀ ਕਬਜ਼ੇ ਹੇਠਲੇ ‘ਆਜ਼ਾਦ ਕਸ਼ਮੀਰ’ ਵਿਚ ਮੁਸਲਮਾਨਾਂ ਦੇ ਦੋਵਾਂ ਧੜਿਆਂ ਸ਼ੀਆ ਤੇ ਸੁੰਨੀਆਂ ਵਿਚਕਾਰ ਟੱਕਰ ਵਿਚ ਪਿਛਲੇ ਤਿੰਨ ਦਿਨਾਂ ਅੰਦਰ 100 ਤੋਂ ਵੱਧ ਵਿਅਕਤੀ ਮਾਰੇ ਗਏ ਹਨ।



Editor: Darshan Kaur Bains

ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ
274-1213
ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ \$20 ਡਾਲਰ
ਇਕ ਸਾਲ ਲਈ

‘ਕੈਨੇਡਾ ਦਰਪਣ’ ਦੇ ਚੰਦੇ ਦਾ ਫ਼ਾਰਮ

SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City...
Province...
Postal code...
PHONE.

One Year	30 dollars
Two Year	55 dollars
Three year	80 dollars
Life membership..........	500 dollars
ASIA..........................	150 dollars [a year]
U.S.A.	35 dollars [a year]
Europe	150 dollars [a year]
Africa	150 dollars [a year]

ਲੜਕੀ ਐ। ਉਹ ਰੋਈ ਜਾ ਰਹੀ ਐ। ਉਹਨੂੰ ਅੰਗਰੇਜ਼ੀ ਨ੍ਹੀ ਆਉਂਦੀ। ਪਤਾ ਨੀ ਕੀ ਕਹਿੰਦੀ ਐ ?

ਲੜਕੀ ਸਲਵਾਰ ਕਮੀਜ਼ ਪਾਈ ਬੈੱਡ ਤੇ ਬੈਠੀ ਸੀ। ਮੈਨੂੰ ਵੇਖਦਿਆਂ ਉਹਨੇ ਗੱਲ 'ਚ ਲਟਕਦੀ ਚਿੱਟੀ ਚੁੰਨੀ ਇਕ ਦਮ ਸਿਰ ਤੇ ਕਰ ਲਈ। ਲੰਮੀ ਸਾਰੀ ਗੁੱਤ ਵਾਲੀ ਸੁਹਣੀ ਕੁੜੀ ਰੋਈ ਜਾ ਰਹੀ ਸੀ। ਐਡਨਾ ਉਹਦੀਆਂ ਅੱਖਾਂ ਪੂੰਝ ਰਹੀ ਸੀ, ਉਹਦਾ ਸਿਰ ਤੇ ਮੋਢਾ ਥਾਪੜ ਰਹੀ ਸੀ।

— ਕੀ ਨਾਂ ਏ ਗੁੱਡੀ ਤੇਰਾ ? ਮੈਂ ਪੁੱਛਿਆ।

ਉਹਨੇ ਇਕ ਨਜ਼ਰ ਮੇਰੇ ਵੱਲ ਤੱਕਿਆ। ਫਿਰ ਨੀਵੀਂ ਪਾ ਆਪਣਾ ਨਹੁੰ ਖੁਰਚਦੀ ਬੋਲੀ — ਕਿਸ਼ਵਰ।

ਮੈਂ ਉਹਦਾ ਸਿਰ ਪਲੋਸਦਿਆਂ ਆਖਿਆ — ਤੇਰਾ ਨਾਂ ਬਹੁਤ ਖ਼ੂਬਸੂਰਤ ਐ। ਪਰ ਤੂੰ ਰੋਂਦੀ ਕਿਉਂ ਐਂ ?

— ਮੈਨੂੰ ਮੱਮੀ ਯਾਦ ਆਉਂਦੀ ਐ। ਉਹ ਭੁਬੀਂ ਰੋਣ ਲਗ ਪਈ।

ਜਦੋਂ ਮੈਂ ਅੰਗਰੇਜ਼ੀ ਵਿਚ ਦੱਸਿਆ ਲਿੰਡਾ ਨੇ ਬਹੁਤ ਹੈਰਾਨ ਹੋ ਆਖਿਆ — ਮੈਨੂੰ ਤਾਂ ਸਮਝ ਨੀ ਆਈ ਕਿ ਸੋਲਾਂ ਸਾਲਾਂ ਦੀ ਕੁੜੀ ਨੂੰ ਵੀ ਆਪਣੀ ਮੱਮੀ ਕਿਉਂ ਯਾਦ ਆਉਂਦੀ ਐ ?

— ਏਹ ਹਾਲਤ ਮੋਹ ਵਾਲੇ ਲੋਕ ਈ ਸਮਝ ਸਕਦੇ ਨੇ। ਮੈਂ ਵਿਅੰਗ ਕੀਤਾ।

— ਬਿਲਕੁਲ ਠੀਕ ! ਐਡਨਾ ਨੂੰ ਮੇਰਾ ਜਵਾਬ ਜਿਵੇਂ ਨਸ਼ਿਆ ਗਿਆ।

ਲਿੰਡਾ ਨੇ ਮੈਨੂੰ ਤਾਂ 'ਯੂ ਚੀਕੀ ਮੈਨ' ਹੀ ਆਖਿਆ, ਪਰ ਐਡਨਾ ਵਲ ਇੰਜ ਬੁੱਲ੍ਹੀਆਂ ਸਕੋੜ ਤੱਕਿਆ, ਜਿਵੇਂ ਕਹਿ ਰਹੀ ਹੋਵੇ — ਸਮਝਾਂਗੀ ਤੇਰੇ ਨਾਲ ਵੀ।

ਐਡਨਾ ਨੇ ਵੀ ਤਿੱਖੀਆਂ ਨਜ਼ਰਾਂ ਨਾਲ ਸਿੱਧਾ ਉਹਦੀਆਂ ਅੱਖਾਂ 'ਚ ਤੱਕਿਆ ਜਿਵੇਂ ਕਹਿ ਰਹੀ ਹੋਵੇ — ਤੇ ਫਿਰ ਮੈਂ ਵੀ ਤੈਨੂੰ ਸਮਝਾਵਾਂਗੀ।

ਮੈਂ ਤੁਰਨ ਤੋਂ ਪਹਿਲਾਂ ਐਡਨਾ ਨੂੰ ਪੁੱਛਿਆ — ਉਧਰ ਕਦੋਂ, ਆਵੇਂਗੀ ?

— ਬੱਸ ਪੰਦਰਾਂ ਵੀਹਾਂ ਮਿੰਟਾਂ ਤੱਕ।

ਰਾਹ 'ਚ ਸਟਾਫ ਨਰਸ ਲਿੰਡਾ ਆਪਣਾ ਭਰਿਆ ਮਨ ਹੌਲਾ ਕਰਦੀ ਗਈ — ਵੇਖਿਆ, ਇਸ ਆਇਰਿਸ਼ ਬਿਚ ਨੂੰ ? ਏਹ ਸਾਡਾ ਸਦੀਆਂ ਤੋਂ ਉਸਾਰਿਆ ਡੈਮੋਕ੍ਰੇਟਿਕ ਸਿਸਟਮ ਤਬਾਹ ਕਰਨ ਤੇ ਤੁਲੇ ਹੋਏ ਨੇ ਟੈਰੋਰਿਸਟ

ਮੈਂ ਫ਼ਜ਼ਲ ਇਲਾਹੀ ਤੋਂ ਬਚਣ ਲਈ ਕੋਰੀਡੋਰ 'ਚ ਪਏ ਬੈਂਚ ਤੇ ਹੀ ਬਹਿ ਗਿਆ।

ਬਾਹਰ ਗਾਹੜੀ ਧੁੰਦ ਨੇ ਸ਼ਾਮਿਆਨੇ ਤਾਣੇ ਹੋਏ ਸਨ। ਉਹ ਨਾ ਹੀ ਡੋਲਦੇ ਨਜ਼ਰ ਆਉਂਦੇ ਸਨ ਤੇ ਨਾ ਹੀ ਉਖੜਦੇ। ਸਾਡੇ ਵਾਰਡ ਵਿਚ ਖੰਡਰਾਂ ਵਰਗੀ ਚੁੱਪ।

ਫ਼ਜ਼ਲ ਇਲਾਹੀ ਗੋਡਿਆਂ 'ਚ ਸਿਰ ਦੇਈ ਬੈਠਾ ਸੀ। ਕਦੀ ਕਦੀ ਉਹਨੂੰ ਇੰਜ ਹੀ ਵਰਾਗ ਦਾ ਦੌਰਾ ਪੈਂਦਾ ਤੇ ਉਹ ਰੋਣ ਲਗ ਪੈਂਦਾ। ਪੰਦਰਾਂ ਸਾਲ ਪੱਛਮ 'ਚ ਰਹਿ ਕੇ ਵੀ ਉਹਦੇ ਅੰਦਰੋਂ ਪੂਰਬ ਨਹੀਂ ਸੀ ਮਰਿਆ। ਜਿਸ ਰਾਤ ਮੈਨੂੰ ਦਮੇਂ ਦਾ ਦੌਰਾ ਪਿਆ ਤੇ ਮੈਨੂੰ ਟੀਕਾ ਲਾ ਸੁਆ ਦਿਤਾ ਗਿਆ, ਉਹ ਸਾਰੀ ਰਾਤ ਮੇਰੀ ਲੰਮੀ ਉਮਰ ਲਈ ਦੁਆ ਕਰਦਾ ਰਿਹਾ। ਮੇਰੇ ਨੱਕ ਨਾਲ ਕੰਨ ਲਾ ਮੇਰੇ ਸਾਹਾਂ ਦੀ ਵਿੜਕ ਲੈਂਦਾ ਰਿਹਾ। ਸਵੇਰੇ ਨਾਈਟ ਡਿਊਟੀ ਵਾਲੀ ਨਰਸ ਨੇ ਮੈਨੂੰ ਦਸਿਆ — ਫ਼ਜ਼ਲ ਇਲਾਹੀ ਤੇਰੀ ਉਹ ਨਰਸ ਐ ਜੀਹਦੇ ਅੰਦਰ ਮਾਂ ਦਾ ਦਿਲ ਐ।

ਜ਼ਿੰਦਗੀ ਦਾ ਇਹ ਕੇਹਾ ਸੱਚ ਹੈ ਕਿ ਸਾਡੇ ਸਾਹਮਣੇ ਹਰ ਬੰਦੇ ਦੀ ਸ਼ਖ਼ਸੀਅਤ ਦੇ ਵੱਖ ਵੱਖ ਪੱਖ ਸਲਾਈਡਾਂ ਵਾਂਗ ਆਉਂਦੇ ਰਹਿੰਦੇ ਹਨ ਅਤੇ ਉਨ੍ਹਾਂ ਪੱਖਾਂ ਦੇ ਆਧਾਰ ਤੇ ਹੀ ਅਸੀਂ ਉਹਦਾ ਮੁੱਲ ਪਾਂਦੇ ਰਹਿੰਦੇ ਹਾਂ। ਇਸ ਸਮੇਂ ਫ਼ਜ਼ਲ ਇਲਾਹੀ — ਮਾਂ ਦੇ ਦਿਲ ਵਰਗਾ ਫ਼ਜ਼ਲ ਇਲਾਹੀ — ਮੇਰੇ ਸਾਹਮਣੇ ਸੀ। ਗੋਡਿਆਂ 'ਚ ਸਿਰ ਦੇਈ ਬੈਠਾ ਮੈਨੂੰ ਉਹ ਚੈਖਵ ਦੇ ਉਸ ਗ਼ਮਗ਼ੀਨ ਪਾਤਰ ਵਰਗਾ ਲਗਿਆ ਜਿਸ ਨੂੰ ਕੋਈ ਨਹੀਂ ਸੁਣਦਾ। ਅੰਤ ਉਹ ਆਪਣੇ ਸਾਰੇ ਗ਼ਮ ਆਪਣੇ ਘੋੜੇ ਅੱਗੇ ਉਗਲ ਦਿੰਦਾ ਹੈ।

ਮੈਨੂੰ ਫ਼ਜ਼ਲ ਇਲਾਹੀ ਤੇ ਬੜਾ ਤਰਸ ਆਇਆ। ਮੈਂ ਉਹਦੇ ਕੋਲ ਚਲਿਆ ਗਿਆ — ਕਿਉਂ ਭਾਈਆ ; ਚੌਹਾਂ 'ਚੋਂ ਕੀਹਦੀ ਯਾਦ 'ਚ ਗ਼ਰਕ ਐਂ। ਮੈਂ ਉਹਨੂੰ ਕੁਝ ਰੰਕ 'ਚ ਲਿਆਣ ਲਈ ਆਖਿਆ।

— ਹੈਂ ! ਉਹ ਜਿਵੇਂ ਨੀਂਦ 'ਚੋਂ ਜਾਗਿਆ। ਫਿਰ ਪਾਟ ਪਿਆ — ਓਧਰ ਮੁਲਕ 'ਚ ਜੇ ਭੁੱਖ-ਨੰਗ ਨਾ ਹੋਵੇ ਤਾਂ ਮੈਂ ਇਕ ਮਿੰਟ ਵੀ ਏਥੇ ਨਾ ਰਹਾਂ। ਕੋਈ ਜੂਨ ਐ ਏਥੇ ਸਾਲੀ !

— ਕਿਉਂ ਕੀ ਗੱਲ ਹੋ ਗੀ, ਭਾਈਆ ?

— ਗੋਰੇ ਸਾਨੂੰ ਕੁੱਤਿਆਂ ਨਾਲੋਂ ਵੀ ਹਕੀਰ ਸਮਝਦੇ ਨੇ। ਜੂੜੇ ਵਾਲੀ ਨਰਸ ਵੇਖੀ ਐ ਨਾ। ਗੋਰਿਆਂ ਨੂੰ ਚੁੰਮਣ ਤਾਈਂ ਜਾਊ, ਪਰ ਸਾਨੂੰ ਕਦੀ ਸਿਧੇ ਮੂੰਹ ਬੁਲਾਉਂਦੀ ਵੀ ਨੀ। ਔਹ ਸਾਹਮਣੇ ਐ ਨਾ ਇੰਡੀਅਨ ਛੋਕਰਾ। ਉਹ ਬਹੁਤ ਔਖਾ ਸੀ ਕੱਲ੍ਹ। ਉਹਨੇ ਉਹਨੂੰ ਪਸ਼ਾਬ ਵਾਲੀ ਬੋਤਲ ਚੁਕ ਖੜਣ ਲਈ ਕਿਹਾ। ਸਾਲੀ ਹਲਕੀ ਕੁੱਤੀ ਵਾਂਗ ਪਈ — ਮੈਂ ਤੇਰੀ ਨੌਕਰ ਆਂ ? ਤੇਰੀਆਂ ਲੱਤਾਂ ਟੁੱਟ ਗਈਆਂ ਨੇ ? ਯੇ ਹੈ, ਵੋਹ ਹੈ ! ਸੌ ਗੱਲਾਂ ਬੋਲੀ ... ।

ਬੋਲਦਿਆਂ ਬੋਲਦਿਆਂ ਭਾਈਏ ਨੇ ਮੇਰੇ ਵਲ ਤੱਕਿਆ। ਮੈਂ ਉਹਦੀ ਤਸੱਲੀ ਲਈ ਆਖਿਆ — ਕੋਈ ਗੱਲ ਨੀ ਭਾਈਆ, ਗਮ ਨਾ ਲਾਇਆ ਕਰ। ਆਪਣੇ ਮੁਲਕਾਂ 'ਚ ਵੀ ਤਾਂ ਸਾਨੂੰ ਕੁੱਤਿਆਂ ਤੋਂ ਹਕੀਰ ਹੀ ਸਮਝਿਆ ਜਾਂਦੈ।

ਪਰ ਉਹਨੇ ਮੇਰੀ ਗੱਲ ਅਣਸੁਣੀ ਕਰਦਿਆਂ ਆਖਿਆ — ਰੱਬ ਸਹੁਰਾ ਵੀ ਕੇਡਾ ਜ਼ਾਲਮ ਐ। ਭਲਿਆ ਮਾਣਸਾ, ਸਾਰੇ ਗੋਰੇ ਈ ਬਣਾ ਦਿੰਦਾ ਖਾਂ। ਕਜੀਆ ਹੀ ਮੁੱਕ ਜਾਂਦਾ। ਨਾ ਕੋਈ ਵੱਡਾ, ਨਾ ਕੋਈ ਛੋਟਾ ਹੁੰਦਾ।

ਭਾਈਏ ਦਾ ਬਿਆਨ ਇਕੋਤਰ ਸੌ ਪਾਠਾਂ ਵਾਂਗ ਕਿਤੇ ਸਬੱਬਾਂ ਨਾਲ ਹੀ ਮੁਕਣਾ ਸੀ ਜੇ ਐਡਨਾ ਨਾ ਆਉਂਦੀ।

ਐਡਨਾ ਨੇ ਪਾਣੀ ਦਾ ਜੱਗ ਮੇਜ਼ ਤੇ ਰੱਖਿਆ ਤੇ ਗੰਭੀਰ ਮੁਸਕਾਣ ਮੇਰੇ ਵਲ ਸੁੱਟੀ ...।

ਐਡਨਾ ਦੀ ਅੱਜ ਮੇਰੇ ਨਾਲ ਤੀਜੀ ਮੁਲਾਕਾਤ ਸੀ।

ਜਦੋਂ ਉਹ ਪਹਿਲੀ ਵਾਰ ਆਈ ਸੀ ਉਹਨੇ ਆਪਣੇ ਸੁਘੜ ਹੱਥਾਂ ਨਾਲ ਮੇਜ਼ ਸਾਫ ਕੀਤਾ। ਖਿੰਡੀਆਂ ਚੀਜ਼ਾਂ ਨੂੰ ਤਰਤੀਬ ਦਿੱਤੀ। ਮੇਰੇ ਵੱਲ ਦੋ ਤਿੰਨ ਵਾਰ ਇੰਜ ਡੂੰਘਿਆਂ ਤੱਕਿਆ ਜਿਵੇਂ ਮੇਰੀ ਰੂਹ ਦਾ ਐਕਸ-ਰੇ ਕਰ ਰਹੀ ਹੋਵੇ। ਉਹ ਲਗਾਤਾਰ ਗੁਣਗੁਣਾਉਂਦੀ ਰਹੀ ਸੀ। ਮੇਰੇ ਵਲੋਂ 'ਗੁੱਡ ਮੌਰਨਿੰਗ' ਦੇ ਜਵਾਬ 'ਚ ਉਹਨੇ ਸਿਰਫ ਆਪਣਾ ਸਿਰ ਹਿਲਾਇਆ ਸੀ ਅਤੇ ਜਾਂਦੀ ਜਾਂਦੀ ਗੁਣਗੁਣਾਂਦੀ ਆਵਾਜ਼ ਦਾ ਗੀਤ ਬਣਾ ਗਈ ਸੀ —

ਮਾਈ ਓਨਲੀ ਸਨ ਵਾਜ਼ ਸ਼ੌਟ ਇਨ ਡਬਲਿਨ।

— ਵੇਖ ਲਿਆ ਸੁਆਦ ਬੁਲਾ ਕੇ ? ਗੋਰੇ ਸਾਡੇ ਨਾਲ ਗੱਲ ਕਰ ਕੇ ਵੀ ਖ਼ੁਸ਼ ਨਹੀਂ। ਐਡਨਾ ਦੇ ਜਾਣ ਪਿਛੋਂ ਫ਼ਜ਼ਲ ਇਲਾਹੀ ਨੇ ਆਪਣਾ ਪ੍ਰਭਾਵ ਦੱਸਿਆ।

ਮੈਨੂੰ ਐਡਨਾ ਦੀ ਪੱਥਰ-ਚੁੱਪ ਤਾਂ ਚੰਗੀ ਨਾ ਲੱਗੀ, ਪਰ ਉਹਦੀ 'ਵਾਜ਼ 'ਚ ਇਕ ਜਾਦੂ ਦੇ ਗੀਤ ਦੇ ਬੋਲਾਂ 'ਚ ਇਕ ਅੱਗ ਜਾਪੀ। ਸੀ ਤਾਂ ਉਹ ਮੇਜ਼ ਸਾਫ ਕਰਨ ਵਾਲੀ ਸਾਧਾਰਨ ਜਿਹੀ ਔਰਤ ਹੀ, ਪਰ ਸਾਧਾਰਣ ਲੋਕ ਹੀ ਤਾਂ ਆਸਾਧਾਰਣ ਅਮਲਾਂ ਦੇ ਕਰਿੰਦੇ ਹੁੰਦੇ ਹਨ।

ਦੂਜੀ ਮੁਲਾਕਾਤ ਸਮੇਂ ਮੇਰੀ 'ਗੁੱਡ ਮੌਰਨਿੰਗ' ਦਾ ਉਹਨੇ ਬੜੇ ਤਪਾਕ ਨਾਲ ਉਤਰ ਦਿੱਤਾ ਅਤੇ ਮੇਰੇ ਮੇਜ਼ ਤੇ ਪਈਆਂ ਕਿਤਾਬਾਂ ਉਲਟਾਂਦੀ ਬੋਲੀ — ਤੂੰ ਬੜੀਆਂ ਖਤਰਨਾਕ ਕਿਤਾਬਾਂ ਪੜ੍ਹਦੈਂ।

ਮੈਨੂੰ ਬੜੀ ਹੈਰਾਨੀ ਹੋਈ। ਆਮ ਅੰਗਰੇਜ਼ ਕੁੜੀਆਂ ਤਾਂ ਜਾਸੂਸੀ ਨਾਵਲਾਂ ਤੋਂ ਵਧ ਕੁਝ ਜਾਣਦੀਆਂ ਹੀ ਨਹੀਂ ਹੁੰਦੀਆਂ। ਇਸੇ ਹੈਰਾਨੀ ਦੇ ਆਲਮ 'ਚ ਮੈਂ ਕਿਹਾ — ਇਕ ਅੰਗਰੇਜ਼ ਔਰਤ ਹੋ ਕੇ ਵੀ ਤੈਨੂੰ ਫਿਊਚਕ, ਜੈਕ ਲੰਡਨ, ਤੇ ਨਾਜ਼ਿਮ ਹਿਕਮਤ ਬਾਰੇ ....

— ਮੈਂ ਅੰਗਰੇਜ਼ ਨਹੀਂ ਆਂ। ਮੈਂ ਆਇਰਿਸ਼ ਆਂ ਆਇਰਿਸ਼। ਉਹਨੇ ਮੇਰੀ ਗੱਲ ਇੰਨੀ ਛੇਤੀ ਟੁੱਕੀ ਜਿਵੇਂ 'ਅੰਗਰੇਜ਼' ਸ਼ਬਦ ਨਾਲ ਉਹਦਾ ਸੱਤ ਭੰਗ ਹੋ ਗਿਆ ਹੋਵੇ।

ਇੰਨੇ ਨੂੰ ਸਟਾਫ਼ ਨਰਸ ਲਿੰਡਾ ਮੈਨੂੰ ਐਕਸ-ਰੇ ਦਾ ਸੁਨੇਹਾ ਦੇਣ ਆ ਧਮਕੀ। ਐਡਨਾ ਨੇ ਗੀਤ ਛੋਹਿਆ ਤੇ ਅਗਾਂਹ ਤੁਰ ਗਈ।

ਅੱਜ ਤੀਜੀ ਮੁਲਾਕਾਤ ਸਮੇਂ ਫ਼ਜ਼ਲ ਇਲਾਹੀ ਨੂੰ ਬੋਲਦਿਆਂ ਤੱਕ ਉਹ ਬੋਲੀ —

— ਕੀ ਕਹਿ ਰਿਹੈ, ਬੁੱਢਾ ?

— ਐਡਨਾ, ਭਾਈਆ ਕੁਝ ਦੁਖੀ ਐ। ਕਹਿ ਰਿਹੈ ਕਿ ਜੇ ਸਾਡਾ ਰੰਗ ਵੀ ਗੋਰਾ ਹੁੰਦਾ ਤਾਂ ਅਸੀਂ ਵੀ ਅੰਗਰੇਜ਼ਾਂ ਦੇ ਬਰਾਬਰ ਹੁੰਦੇ।

ਐਡਨਾ ਮੁਸਕਰਾਈ ਤੇ ਪੁੱਛਣ ਲੱਗੀ — ਮੇਰਾ ਰੰਗ ਕਿਹੋ ਜਿਹੈ ?

— ਗੋਰਾ। ਮੈਂ ਇਕਦਮ ਉਤਰ ਦਿੱਤਾ।

— ਏਸ ਬੁੱਢੇ ਖੋਸਟ ਨੂੰ ਪੁੱਛ ਮੈਂ ਅੰਗਰੇਜ਼ਾਂ ਦੇ ਬਰਾਬਰ ਕਿਉਂ ਨਹੀਂ

— ਤੁਸੀਂ ਗੋਰੇ ਤਾਂ ਸਾਰੇ ਹੀ ਇਕੋ ਡਾਰ ਦੇ ਪੰਛੀ ਹੋ। ਇਹ ਭਾਈਆ ਸੀ।

ਐਡਨਾ ਜ਼ਰਾ ਕੁ ਰੁਕੀ ਤੇ ਮੁਸਕ੍ਰਾਈ ਵੀ। ਫਿਰ ਇਕ ਦਮ ਗੰਭੀਰ ਹੋ ਗਈ ਜਿਵੇਂ ਉਹਨੇ ਮੁਸਕਾ ਕੇ ਗ਼ਲਤੀ ਕੀਤੀ ਹੋਵੇ। ਉਹਦੀਆਂ ਅੱਖਾਂ 'ਚ ਬਿਜਲੀ ਚਮਕੀ ਅਤੇ ਉਹਨੇ ਆਪਣੀ ਉਂਗਲ ਫ਼ਜ਼ਲ ਇਲਾਹੀ ਵੱਲ ਇੰਜ ਸਿੱਧੀ ਕੀਤੀ ਜਿਵੇਂ ਉਹਦੀ ਅੱਖ ਕੱਢ ਦੇਣੀ ਹੋਵੇ। ਫਿਰ ਵਰ੍ਹ ਪਈ — ਤੈਨੂੰ ਪਤਾ ਏ, ਮੂਰਖ ਬੁੱਢਿਆ, ਮੇਰੇ ਉਤਰੀ ਆਇਰਲੈਂਡ 'ਚ ਅਸੀਂ ਗੰਦਗੀ ਦੇ ਕੀੜਿਆਂ ਵਾਂਗ ਸਲਮਜ਼ 'ਚ ਕੁਰਬਲ ਕੁਰਬਲ ਕਰਦੇ ਆਂ, ਵੋਟ ਦੇ ਹੱਕ ਤੋਂ ਵਾਂਜਿਆਂ ਰੱਖਣ ਲਈ ਸਾਡੇ ਤੇ ਕਦੀ ਨਾ ਪੂਰੀਆਂ ਹੋ ਸਕਣ ਵਾਲੀਆਂ ਸ਼ਰਤਾਂ ਲਾਈਆਂ ਹੋਈਆਂ ਨੇ — ਪਰ ਤੁਹਾਡੇ ਤੇ ਨਹੀਂ। ਹਰ ਤੀਜਾ ਕੈਥੋਲਿਕ ਬੇਕਾਰ ਐ। ਸਾਰੀ ਧਰਤੀ ਪ੍ਰੋਟੈਸਟੈਂਟ ਗੁੰਡਿਆਂ ਦੇ ਕਬਜ਼ੇ 'ਚ ਐ ...।

————→

ਸ੍ਰੀਲੰਕਾ ਵਿਚ 15 ਭਾਰਤੀ ਸਿਪਾਹੀ ਹਲਾਕ

ਕੋਲੰਬੋ — ਤਾਮਿਲ ਗੁਰੀਲਿਆਂ ਤੇ ਭਾਰਤੀ ਸ਼ਾਂਤੀ ਸੈਨਾ ਵਿਚਕਾਰ ਹੋਈ ਇਕ ਟੱਕਰ ਵਿਚ 15 ਭਾਰਤੀ ਸਿਪਾਹੀ ਮਾਰੇ ਗਏ ਤੇ ਬਾਰਾਂ ਤਾਮਿਲ ਗੁਰੀਲੇ ਹਲਾਕ ਹੋਏ ।

ਸਿਨਹਾਲੀ ਗੁਰੀਲਿਆਂ ਵਲੋਂ ਰਾਜ ਚਲਾ ਰਹੀ ਪਾਰਟੀ ਦੇ 15 ਉਮੀਦਵਾਰ ਪਿਛਲੇ ਦਿਨਾਂ ਵਿਚ ਕਤਲ ਕਰ ਦਿੱਤੇ ਗਏ ਹਨ। ਸੂਬਾਈ ਚੋਣਾਂ 2 ਜੂਨ ਨੂੰ ਹੋ ਰਹੀਆਂ ਹਨ ।

———→

— ਹਲਾ ! ਹੈਰਾਨੀ ਨਾਲ ਭਾਈਆ ਡੌਰ ਭੌਰ ਹੋ ਗਿਆ। ਕੁਝ ਛਿਣ ਰੁਕ ਫਿਰ ਬੋਲਿਆ — ਹਲਾ !

— ਹਾਂ ! ਐਡਨਾ ਨੇ ਜ਼ੋਰ ਦੇ ਆਖਿਆ — ਤੇ ਪਤੈ ਹੁਣ ਅਸੀਂ ਕੀ ਕਰਦੇ ਆਂ ? ਆਪਣੇ ਸਵਾਲ ਦੇ ਆਪ ਹੀ ਜਵਾਬ ਦੇਣ ਲਈ ਉਹਨੇ ਭਾਈਏ ਦੇ ਮੇਜ਼ ਤੋਂ ਕੈਂਚੀ ਚੁੱਕੀ ਤੇ ਫ਼ਜ਼ਲ ਇਲਾਹੀ ਦੀ ਗਰਦਨ ਵਲ ਚਲਾਂਦਿਆਂ ਬੋਲੀ — ਇੰਜ !

ਤੇ ਉਹਦੇ ਚਿਹਰੇ ਤੇ ਮੁਸਕਾਣ ਇੰਜ ਫੈਲ ਗਈ ਜਿਵੇਂ ਇਕ ਦਮ ਫੁੱਲ ਖਿੜ ਪਿਆ ਹੋਵੇ। ਫਿਰ ਉਹਨੇ ਭਾਈਏ ਦੇ ਸਿਰ ਤੇ ਹੱਥ ਫੇਰਦਿਆਂ ਆਖਿਆ — ਤੇ ਹੁਣ ਸਾਨੂੰ ਚਾਨਣ ਹੀ ਚਾਨਣ ਨਜ਼ਰ ਆਉਂਦਾ ਹੈ। ਤੇ ਇਨ੍ਹਾਂ ਨੂੰ ਬੰਬ ਹੀ ਬੰਬ ! ਮੇਰੀ ਸਰਕਟ 'ਚ ਬੰਬ ! ਮੇਰੀ ਬਰੇਜ਼ਅਰ 'ਚ ਬੰਬ ! ਤੇ ਮੇਰੇ ਉਭਰੇ ਹੋਏ ਪੇਟ 'ਚ ਵੀ ਬੰਬ !

ਫ਼ਜ਼ਲ ਇਲਾਹੀ ਕੀਲਿਆ ਗਿਆ ਸੀ !

ਜਦੋਂ ਐਡਨਾ ਤੁਰਨ ਲੱਗੀ ਉਹਨੇ ਉਹਦਾ ਹੱਥ ਫੜ ਆਖਿਆ — ਏ ਡਾਲੀ ! ਜੂ ਐੱਸ — ਸੇਮ !

ਐਡਨਾ ਨੇ ਕਹਿਕਹਾ ਮਾਰ ਉਹਦਾ ਹੱਥ ਘੁੱਟ ਲਿਆ ।

ਉਧਰੋਂ ਖ਼ੂਬਸੂਰਤ ਨੀਗਰੋ ਨਰਸ ਵਿਰਜੀਨੀਆ ਨਸੀ ਆਈ ਅਤੇ ਫ਼ਜ਼ਲ ਤੇ ਐਡਨਾ ਦੇ ਹੱਥਾਂ ਤੇ ਹੱਥ ਧਰਦੀ ਬੋਲੀ — ਏ ਫ਼ਜ਼ਲ — ਏ ਫ਼ਜ਼ਲ ! ਚਾਰ ਤੀਮੀਆਂ ਤੇਰੀਆਂ ਪਹਿਲਾਂ ਹੀ ਨੇ — ਤੇ ਦੋ ਅਸੀਂ ! ਠੀਕ ਏ ਨਾ, ਡਾਰਲਿੰਗ ?

ਮੈਂ ਤਿੰਨ ਜੁੜੇ ਹੋਏ ਹੱਥਾਂ ਵੱਲ ਤੱਕਿਆ ।

ਕਾਲਾ !

ਗੋਰਾ !

ਕਣਕ ਵੰਨਾ !

ਤਿੰਨ ਹੱਥ !

ਤੇ ਜ਼ਿੰਦਗੀ 'ਚ ਮੈਂ ਪਹਿਲੀ ਵਾਰ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਵੱਖਰੇ ਵੱਖਰੇ ਰੰਗਾਂ ਦੇ ਇਕ ਮਿਕ ਹੋ ਜਾਣ ਨਾਲ ਕਿਰਨ ਕਿਵੇਂ ਬਣ ਜਾਂਦੀ ਹੈ !

25 ਨੂੰ ਪੰਜਾਬ ਦਿਵਸ ਤੇ ਸਰਕਾਰੀ ਤੇ ਅਰਧ ਸਰਕਾਰੀ ਮੁਲਾਜ਼ਮ ਰੈਲੀਆਂ ਮੁਜ਼ਾਹਰੇ ਕਰਨਗੇ

ਜਲੰਧਰ — ਪੰਜਾਬ ਸਰਕਾਰੀ ਅਤੇ ਅਰਧ ਸਰਕਾਰੀ ਮੁਲਾਜ਼ਮ ਐਕਸ਼ਨ ਕਮੇਟੀ ਵਲੋਂ 25 ਮਈ ਦਾ ਦਿਨ ਪੰਜਾਬ ਦਿਵਸ ਵਜੋਂ ਮਨਾਉਣ ਲਈ ਸਾਰੇ ਪੰਜਾਬ ਵਿਚ ਤਹਿਸੀਲ ਪੱਧਰ ਤੇ ਭਰਵੀਆਂ ਰੈਲੀਆਂ ਕੀਤੀਆਂ ਜਾਣਗੀਆਂ । ਜਿਸ ਵਿਚ ਸਰਕਾਰੀ ਤੇ ਅਰਧ ਸਰਕਾਰੀ ਅਤੇ ਸਹਿਕਾਰੀ ਵਿਭਾਗ ਦੇ ਹਜ਼ਾਰਾਂ ਮੁਲਾਜ਼ਮ ਸ਼ਾਮਿਲ ਹੋਣਗੇ ਇਸ ਗੱਲ ਦੀ ਜਾਣਕਾਰੀ ਪ੍ਰੈਸ ਨੂੰ ਦਿੰਦੇ ਹੋਏ ਸ੍ਰੀ ਗੁਰਮੀਤ ਸਿੰਘ ਢੱਡਾ, ਕਨਵੀਨਰ ਅਤੇ ਸ੍ਰੀ ਗਰੀਸ਼ ਕੁਮਾਰ, ਕੋ-ਕਨਵੀਨਰ ਨੇ ਦੱਸਿਆ ਹੈ ਕਿ ਪੰਜਾਬ ਮਸਲੇ ਦੇ ਹੱਲ ਲਈ ਪ੍ਰਾਂਤ ਅੰਦਰ ਜਮਹੂਰੀ ਦਬਾ ਉਸਾਰਣ ਲਈ ਅਤੇ ਕੇਂਦਰ ਸਰਕਾਰ ਦਾ ਧਿਆਨ ਖਿਚਣ ਲਈ 25 ਮਈ ਦਾ ਦਿਨ ਸਾਰੇ ਦੇਸ਼ ਅੰਦਰ ਪੰਜਾਬ ਦਿਵਸ ਵਜੋਂ ਮਨਾਇਆ ਜਾਵੇਗਾ ।

ਉਹਨਾਂ ਇਲਜ਼ਾਮ ਲਗਾਇਆ ਕਿ ਕੇਂਦਰ ਸਰਕਾਰ ਦਾ ਪੰਜਾਬ ਦੇ ਬਾਰੇ ਵਤੀਰਾ ਜਮਹੂਰੀ ਹੈ ਅਤੇ ਇਹ ਪੰਜਾਬ ਮਸਲਾ ਜਾਣ ਬੁਝ ਕੇ ਹਲ ਨਹੀਂ ਕਰ ਰਹੀ ਅਤੇ ਇਸੇ ਕਾਰਨ ਹੀ ਅਤਿਵਾਦੀਆਂ ਦੀ ਕਾਰਵਾਈ ਵਿਚ ਵਾਧਾ ਹੋਇਆ ਹੈ। ਉਹਨਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਮੱਸਿਆ ਦਾ ਫੌਰੀ ਤੌਰ ਤੇ ਸਿਆਸੀ ਹਲ ਲਭਿਆ ਜਾਵੇ ।

ਉਹਨਾਂ ਪੰਜਾਬ ਸਰਕਾਰ ਉਤੇ ਵੀ ਇਲਜਾਮ ਲਗਾਇਆ ਕਿ ਮੁਲਾਜ਼ਮ ਮੰਗਾਂ ਬਾਰੇ ਟਾਲ ਮਟੋਲ ਅਤੇ ਅੜੀਅਲ ਵਤੀਰਾ ਅਪਣਾਈ ਰਖਿਆ ਹੈ ਅਤੇ ਮੁਲਾਜਮਾਂ ਵਿਰੁੱਧ ਬਦਲਾ ਲਊ ਕਾਰਵਾਈ ਕਰ ਰਹੀ ਹੈ। ਉਹਨਾਂ ਨੇ ਮੁਲਾਜ਼ਮ ਵਿਰੋਧੀ ਰਵੱਈਏ ਦੀ ਸਖਤ ਨਿਖੇਧੀ ਕਰਦੇ ਹੋਏ ਪੰਜਾਬ ਦੇ ਰਾਜਪਾਲ ਪਾਸੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੀਜੇ ਤਨਖਾਹ ਕਮਿਸ਼ਨ ਨੂੰ ਤੁਰੰਤ ਰਿਪੋਟ ਦੇਣ ਲਈ ਅਦੇਸ਼ ਦੇਵੇ ਅਤੇ ਪੰਜਾਬ ਦੇ ਮੁਲਾਜ਼ਮਾਂ ਨੂੰ ਵੀ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਬਰਾਬਰ ਮਹਿਗਾਈ ਭੱਤੇ ਦੀ ਕਿਸ਼ਤ ਤੁਰੰਤ ਦਿੱਤੀ ਜਾਵੇ । ਉਹਨਾਂ ਅਗੇ ਕਿਹਾ ਕਿ ਪੰਜਾਬ ਅੰਦਰ ਹੋ ਰਹੇ ਕਤਲਾਂ, ਲੁੱਟ ਖੋਹਾਂ ਅਤੇ ਪੰਜਾਬ ਨੂੰ ਹਿੰਦੁਸਤਾਨ ਨਾਲੋਂ ਵੱਖ ਕਰਨ ਦੀਆਂ ਸਾਜ਼ਿਸ਼ਾਂ ਵਿਰੁੱਧ ਅਤੇ ਕੇਂਦਰ ਸਰਕਾਰ ਦੀ ਇਸ ਚਿੰਤਾਜਨਕ ਸਮੱਸਿਆ ਨੂੰ ਹਲ ਕਰਨ ਪ੍ਰਤੀ ਅਸੁਹਿਰਦਤਾ ਅਤੇ ਅਸਫਲਤਾ ਵਿਰੁਧ ਜ਼ੋਰਦਾਰ ਅਵਾਜ਼ ਉਚੀ ਕਰਨ ਲਈ ਅਤੇ ਦੇਸ਼ ਦੀ ਆਜ਼ਾਦੀ, ਏਕਤਾ ਅਤੇ ਅਖੰਡਤਾ ਦੀ ਰਾਖੀ ਲਈ 25 ਮਈ ਪੰਜਾਬ ਦਿਵਸ ਵਾਲੇ ਦਿਨ ਪ੍ਰਣ ਲਿਆ ਜਾਵੇਗਾ ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਕ ਮੀਟਿੰਗ

ਅਗਲੀ ਮੀਟਿੰਗ ਸ਼ਨਿਚਰਵਾਰ 4 ਜੂਨ 1988 ਨੂੰ

ਵੈਨਕੂਵਰ — 7 ਮਈ 88 ਆਥਣ ਨੂੰ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ ਹੋਈ। ਮੁਹਿੰਦਰ ਸੂਮਲ ਨੇ ਸੁਰਗਵਾਸੀ ਕਵੀ ਪਾਸ਼ ਦੇ ਜੀਵਨ ਬਾਰੇ ਮੁਹਿੰਦਰ ਸਿੰਘ ਸੰਧੂ ਹੋਰਾਂ ਦਾ ਲਿਖਿਆ ਲੇਖ ਪੜ੍ਹਿਆ। ਹਰਜਿੰਦਰ ਸਿੱਧੂ ਨੇ ਕਵਿਤਾ ਪੜ੍ਹੀ : 'ਏਦਾਂ ਹੀ ਹੁੰਦੈ ਜਦ ਅੱਗ ਵਰ੍ਹਦੀ ਹੈ'

ਇੰਦਰੇਸ਼ ਨੇ ਗ਼ਜ਼ਲ ਪੜ੍ਹੀ :

ਲੋਕਾਂ ਦੇ ਘਰ ਲੱਗੀ ਅੱਗ ਬਸੰਤਰ ਏ
ਆਪਣੇ ਘਰ ਸੇਕ, ਗੁਆਂਢ ਦਾ ਮੰਤਰ ਏ ।

ਮੰਗਾ ਸਿੰਘ ਬਾਸੀ ਨੇ ਦੋ ਕਵਿਤਾਵਾਂ ਪੜ੍ਹੀਆਂ । ਕਵਿਤਾ 'ਬਰੂ' ਇਉਂ ਆਰੰਭ ਹੁੰਦੀ ਹੈ :

ਸਾਡੇ ਖੇਤਾਂ ਵਿਚ ਜੋ ਬਰੂ ਉਗਿਆ ਹੈ
ਉਹ ਅਸੀਂ ਕਿਵੇਂ ਜਰ ਸਕਦੇ ਹਾਂ ।
ਅੱਜ ਸੰਧੂਰੀ ਅੰਬਾਂ ਵਿਚ ਅੱਕ ਦੀ ਕੁੜੱਤਣ ਹੈ ।

ਦੂਜੀ ਕਵਿਤਾ ਸੀ : ਚਾਨਣ ਰੰਗਾ ਹਨੇਰਾ, ਹਨੇਰੇ ਰੰਗਾ ਚਾਨਣ ।

ਬਲਦੇਵ ਦੂਹੜੇ ਨੇ ਭਾਰਤ ਤੋਂ ਆਏ ਚਿਤਰਕਾਰ ਪ੍ਰਕਾਸ਼ ਬਾਰੇ ਵਾਕਫੀ ਦਿੱਤੀ। ਅਮਰ ਸਿੰਘ ਬੈਨੀਪਾਲ ਨੇ ਦੋ ਗ਼ਜ਼ਲਾਂ ਪੜ੍ਹੀਆਂ ਜਿਨ੍ਹਾਂ ਦੇ ਮਤਅਲੇ ਇੰਜ ਸਨ :

ਵਹਿਮਾਂ ਦੀ ਅੱਗ ਜੀਭ ਤੇ ਧਰ ਕੇ ਲਈ ਫਿਰਨ
ਸਾਹ ਸਾਹ 'ਚ ਗੱਲ ਗੱਲ ਵਿਚ ਭਰ ਕੇ ਲਈ ਫਿਰਨ ।

— —

ਮੈਨੂੰ ਗਿਲਾ ਨਾ ਮੈਨੂੰ ਕਿਉਂ ਪੜ੍ਹ ਕੇ ਨਹੀਂ ਹਟੇ
ਪੰਜੇ ਨਮਾਜ਼ਾਂ ਬਾਣੀਆਂ ਜਦ ਪੜ੍ਹਕੇ ਨਹੀਂ ਹਟੇ ।

ਰਚਨਾਵਾਂ ਦੀ ਆਲੋਚਨਾ ਵਿਚ ਉਪਰਲੇ ਲੇਖਕਾਂ ਤੋਂ ਬਿਨਾਂ ਸੁਖਵੰਤ ਹੁੰਦਲ, ਸੋਹਣ ਸੁਰਿੰਦਰ ਸੰਘਾ, ਅਮਰਜੀਤ ਚਾਹਲ, ਮੇਹਰ ਸਿੰਘ ਸੰਧੂ ਅਤੇ ਗੁਰਚਰਨ ਰਾਮਪੁਰੀ ਨੇ ਹਿਸਾ ਲਿਆ । ਆਖਰ ਵਿਚ ਉਘੇ ਪੰਜਾਬੀ ਲੇਖਕ ਰਘੁਬੀਰ ਢੰਡ ਹੋਰਾਂ ਦੀ ਵੈਨਕੂਵਰ ਫੇਰੀ ਬਾਰੇ ਵਾਕਫੀ ਦਿੱਤੀ ਗਈ ਜੋ 20. 5. 88 ਨੂੰ ਵੈਨਕੂਵਰ ਆਏ ਹਨ। ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਵਲੋਂ ਇਸ ਸਾਲ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ ਸਨਮਾਨਿਆ ਜਾ ਰਿਹਾ ਹੈ । ਇਸ ਸਬੰਧ ਵਿਚ ਸਨਮਾਨ ਸਮਾਰੋਹ 29. 5. 88 ਮੋਬਰਲੀ ਕਮਿਊਨਿਟੀ ਸੈਂਟਰ ਵਿਚ ਤੀਲੇ ਜੇ ਪਹਿਲੇ 1 ਤੋਂ 4 ਵਜੇ ਤੱਕ ਹੋ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬੀ ਲੇਖਕ ਮੰਚ ਰਘੁਬੀਰ ਢੰਡ ਨਾਲ ਸਾਹਿਤਕ ਮਿਲਣੀਆਂ ਲਈ ਕਈ ਵਿਸ਼ੇਸ਼ ਮੀਟਿੰਗਾਂ ਦਾ ਪ੍ਰਬੰਧ ਕਰੇਗਾ ।

ਗੁਰਚਰਨ ਰਾਮਪੁਰੀ
ਕਨਵੀਨਰ ।

The Manitoba Mirror

ਮੈਨੀਟੋਬਾ ਦਰਪਣ

ਸਤੰਬਰ ਦੇਸ ਵਿਆਪੀ ਕਿਸਾਨ, ਖੇਤ ਮਜ਼ਦੂਰ ਸਤਿਆਗ੍ਰਹਿ 'ਚ 20 ਲੱਖ ਗ੍ਰਿਫਤਾਰੀਆਂ ਦੇਣਗੇ

ਸੀ. ਪੀ. ਆਈ. (ਐਮ) ਆਗੂ ਸੁਰਜੀਤ ਦਾ ਐਲਾਨ

ਭੁਵਨੇਸ਼ਵਰ — ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਦੇ ਮੈਂਬਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਵੱਖ-ਵੱਖ ਮੰਗਾਂ ਦੇ ਫੌਰੀ ਹੱਲ ਦੀ ਮੰਗ ਲਈ ਸਤੰਬਰ ਤੋਂ ਸੀ ਪੀ ਆਈ (ਐਮ), ਸੀ ਪੀ ਆਈ, ਫਾਰਵਰਡ ਬਲਾਕ ਤੇ ਆਰ ਐਸ ਪੀ ਵਲੋਂ ਅਰੰਭ ਕੀਤੀ ਜਾ ਰਹੀ ਮੁਹਿਮ ਵਿਚ ਦੇਸ਼ ਭਰ ਵਿਚ ਘੱਟੋ-ਘੱਟ 20 ਲੱਖ ਵਿਅਕਤੀ ਗ੍ਰਿਫਤਾਰੀਆਂ ਦੇਣਗੇ। ਇਥੇ ਅਖਬਾਰੀ ਨੁਮਾਇੰਦਿਆਂ ਨਾਲ ਗੱਲਬਾਤ ਕਰਦੇ ਹੋਏ ਸੁਰਜੀਤ ਨੇ ਕਿਹਾ ਕਿ ਜ਼ਰੂਰੀ ਮਸਲਿਆਂ ਦੇ ਹੱਲ, ਪੰਜਾਬ ਬਾਰੇ ਰਾਜੀਵ-ਲੌਂਗੋਵਾਲ ਸਮਝੌਤੇ ਦੇ ਆਧਾਰ ਤੇ ਫੌਰੀ ਰਾਜਸੀ ਪਹਿਲਕਦਮੀ ਤੇ 59ਵੀਂ ਵਿਧਾਨਕ ਤਰਮੀਮ ਦੀ ਫੌਰੀ ਵਾਪਸੀ ਲਈ 4 ਖੱਬੀਆਂ ਪਾਰਟੀਆਂ ਸਰਕਾਰ ਤੇ ਦਬਾਅ ਪਾਉਣ ਲਈ ਜਨਤਕ ਰਾਏ ਲਾਮਬੰਦ ਕਰਨਗੀਆਂ।

ਸੀ ਪੀ ਆਈ(ਐਮ) ਦੇ ਨੇਤਾ ਨੇ ਕਿਹਾ ਕਿ ਖੱਬੀਆਂ ਪਾਰਟੀਆਂ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਦੇ ਅਸਤੀਫੇ ਲਈ ਤੇ ਲੋਕ ਸਭਾ ਦੀਆਂ ਤਾਜ਼ਾ ਚੋਣਾਂ ਦੀ ਮੰਗ ਲਈ ਜਿਹੜੀ ਮੁਹਿਮ ਆਰੰਭ ਕੀਤੀ ਸੀ ਇਹ ਗ੍ਰਿਫਤਾਰੀਆਂ ਉਸੇ ਵਿਸ਼ਾਲਤਰ ਮੁਹਿਮ ਦਾ ਹਿਸਾ ਹਨ। ਉਨ੍ਹਾਂ ਕਿਹਾ ਕਿ ਮੁਹਿਮ ਦੌਰਾਨ ਬੇਨਾਮੀ ਜ਼ਮੀਨਾਂ ਤੇ ਕਬਜ਼ੇ ਕੀਤੇ ਜਾਣਗੇ ਤੇ ਸੰਬੰਧਤ ਰਾਜ ਸਰਕਾਰਾਂ ਨੂੰ ਇਸ ਗੱਲ ਲਈ ਮਜਬੂਰ ਕੀਤਾ ਜਾਵੇਗਾ ਕਿ ਇਹ ਜ਼ਮੀਨਾਂ ਕਾਸ਼ਤਕਾਰਾਂ ਦੇ ਨਾਂਅ ਕੀਤੀਆਂ ਜਾਣ।

ਪੰਜਾਬ ਦੀ ਵਿਗੜ ਰਹੀ ਸਥਿਤੀ ਦਾ ਜ਼ਿਕਰ ਕਰਦੇ ਹੋਏ, ਸੁਰਜੀਤ ਨੇ ਕਿਹਾ ਕਿ ਪੰਜਾਬ ਸਮਝੌਤੇ ਤੇ ਅਮਲ ਨਾ ਹੋਣਾ ਤੇ ਦਹਿਸ਼ਤਗਰਦਾਂ ਨੂੰ ਪਤਿਆਉਣ ਦੀ ਕੇਂਦਰ ਦੀ ਨੀਤੀ ਕਤਲਾਂ ਵਿਚ ਆਈ ਤੇਜ਼ੀ ਲਈ ਜ਼ੁੰਮੇਂਵਾਰ ਹੈ। ਪੰਜਾਬ ਵਿਚ ਗੁਰਦੁਆਰਿਆਂ ਉਤੇ ਦਹਿਸ਼ਤਗਰਦ ਕਾਬਜ਼ ਹਨ, ਬੇਦੋਸ਼ਿਆਂ ਦੇ ਕਤਲ ਜਾਰੀ ਹਨ ਤੇ ਅਮਨ-ਕਾਨੂੰਨ ਕਾਇਮ ਰੱਖਣ ਲਈ ਜ਼ੁੰਮੇਂਵਾਰ ਪ੍ਰਸ਼ਾਸਨ ਦੇ ਹੱਥਾਂ ਵਿਚੋਂ ਸਥਿਤੀ ਬਾਹਰ ਨਿਕਲਦੀ ਜਾ ਰਹੀ ਹੈ। ਸੀ ਪੀ ਆਈ (ਐਮ) ਨੇਤਾ ਨੇ ਇਕ ਸਵਾਲ ਦੇ ਜਵਾਬ ਵਿਚ ਸਾਮਰਾਜ ਤੇ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦਾਂ ਤੇ ਰੂੜੀਵਾਦੀਆਂ ਨਾਲ ਕਿਸੇ ਪ੍ਰਕਾਰ ਦੀਆਂ ਵਾਰਤਾਵਾਂ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਸੀ ਪੀ ਆਈ (ਐਮ) ਤੇ ਸੀ ਪੀ ਆਈ ਪੰਜਾਬ ਵਿਚ ਦਹਿਸ਼ਤਗਰਦੀ ਵਿਰੁਧ ਲੜਾਈ ਵਿਚ ਪੇਸ਼ ਹਨ ਤੇ ਇਸ ਕਾਰਨ ਹੀ ਦੋਵਾਂ ਪਾਰਟੀਆਂ ਦੇ 40 ਆਗੂ ਤੇ ਕਾਰਕੁਨ ਦਹਿਸ਼ਤਗਰਦਾਂ ਵਲੋਂ ਸ਼ਹੀਦ ਕਰ ਦਿਤੇ ਗਏ ਹਨ।

ਭੁਵਨੇਸ਼ਵਰ ਵਿਚ ਸੀ ਪੀ ਆਈ (ਐਮ) ਤੇ ਸੀ ਪੀ ਆਈ ਵਲੋਂ ਵਿਸ਼ਾਲ ਸਾਂਝੀ ਰੈਲੀ ਵੀ ਕੀਤੀ ਗਈ ਜਿਸ ਨੂੰ ਦੋਵਾਂ ਪਾਰਟੀਆਂ ਦੇ ਕੇਂਦਰੀ ਤੇ ਸੂਬਾਈ ਆਗੂਆਂ ਨੇ ਸੰਬੋਧਨ ਕੀਤਾ।

ਮੁਕਾਬਲੇ 'ਚ 1 ਹਲਾਕ

ਚੰਡੀਗੜ੍ਹ — ਪਿਛਲੇ ਦਿਨਾਂ ਵਿਚ ਹੋਏ ਮੁਕਾਬਲੇ ਵਿਚ ਇਕ ਅਤਿਵਾਦੀ ਹਲਾਕ ਹੋ ਗਿਆ। ਜਦੋਂ ਕਿ ਕੁਝ ਹੋਰ ਨੂੰ ਕਾਬੂ ਕਰ ਲਿਆ ਗਿਆ।

ਮੁਕਾਬਲੇ 'ਚ 1 ਹਲਾਕ

ਅੰਮ੍ਰਿਤਸਰ — ਸ਼ਹਿਰ ਦੇ ਬਾਹਰ ਕਰਕੇ ਰੇਲਵੇ ਫਾਟਕ ਲਾਗੇ ਸੁਰਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿਚ ਇਕ ਅਤਿਵਾਦੀ ਹਲਾਕ ਹੋ ਗਿਆ ਪਰ ਉਸ ਦੇ ਦੋ ਹੋਰ ਸਾਥੀ ਬਚਕੇ ਫਰਾਰ ਹੋ ਜਾਣ ਵਿਚ ਸਫਲ ਹੋ ਗਏ। ਮ੍ਰਿਤਕ ਅਤਿਵਾਦੀ ਜਿਸ ਦੀ ਪਛਾਣ ਨਹੀਂ ਹੋ ਸਕੀ, ਪਾਸੋਂ ਇਕ ਏ. ਕੇ. 47 ਅਸਾਲਟ ਰਫਲ ਤੇ 6 ਕਾਰਤੂਸ ਮਿਲੇ ਹਨ।

ਮੁਕਾਬਲਾ ਸੁਰਖਿਆ ਦਸਤਿਆਂ ਦੀ ਨਾਕਾ ਪਾਰਟੀ ਵਲੋਂ ਅਤਿਵਾਦੀਆਂ ਨੂੰ ਵੰਗਾਰਨ ਤੇ ਰੁਕਣ ਲਈ ਕਹਿਣ ਤੇ ਹੋਇਆ। ਜਦੋਂ ਉਹਨਾਂ ਰੁਕਣ ਦੀ ਥਾਂ ਨਾਕਾਪਾਰਟੀ ਉਪਰ ਗੋਲੀ ਚਲਾ ਦਿੱਤੀ।

ਦੋ ਗ੍ਰਿਫਤਾਰ

ਅੰਮ੍ਰਿਤਸਰ ਚੌਂਕ ਘੰਟਾ ਘਰ ਦੇ ਨੇੜਿਉਂ ਇਕ ਗੁਰਦੁਆਰੇ ਵਿਚੋਂ ਸੁਰੱਖਿਆ ਬਲਾਂ ਨੇ ਦੋ ਅਤਿਵਾਦੀਆਂ ਨੂੰ ਗ੍ਰਿਫਤਾਰ ਕੀਤਾ। ਇਹਨਾਂ ਦੀ ਪਛਾਣ ਨਹੀਂ ਹੋ ਸਕੀ ਪਰ ਖਿਆਲ ਕੀਤਾ ਜਾਂਦਾ ਹੈ ਕਿ ਇਹ ਉਹੋ ਹੀ ਦੋਵੇਂ ਅਤਿਵਾਦੀ ਹਨ ਜੋ ਹਰਿਮੰਦਰ ਸਾਹਿਬ ਵਿਚੋਂ ਬੀ. ਐਸ. ਐਫ. ਦੇ ਦੋ ਜੁਆਨਾਂ ਨੂੰ ਜ਼ਖਮੀ ਕਰਕੇ ਦੌੜ ਗਏ ਸਨ ਤੇ ਇਨ੍ਹਾਂ ਦਾ ਇਕ ਸਾਥੀ ਮਾਰਿਆ ਗਿਆ ਸੀ ਪੁਲਸ ਪੁਛਤਾਛ ਕਰ ਰਹੀ ਹੈ।

ਗੋਰਖਾਲੈਂਡੀਆਂ ਦੇ ਵਹਿਸ਼ੀ-ਪੁਣੇ ਕਾਰਣ ਦਾਰਜੀਲਿੰਗ 'ਚ ਤਣਾਅ

ਦਾਰਜੀਲਿੰਗ — ਮੁਢਲੀ ਤਫਤੀਸ਼ ਤੋਂ ਬਾਅਦ ਇਹ ਪਤਾ ਲਗਣ ਤੇ ਕਿ ਜੋ ਇਕ ਕਟਿਆ ਹੋਇਆ ਸਿਰ ਤੇ ਇਕ ਲਾਸ਼ ਮਿਲੀ ਸੀ ਉਹ ਉਸ ਵਿਅਕਤੀ ਦੀ ਨਹੀਂ ਸੀ ਜਿਸ ਦੀ ਬਿਨਾਂ ਸਿਰ ਦੇ ਲਾਸ਼ ਪੁਗਸਿੰਗ ਚਾਹ ਬਾਗ ਨੇੜਿਓਂ ਮਿਲੀ ਸੀ, ਦਾਰਜੀਲਿੰਗ ਵਿਚ ਤਣਾਅ ਅਜੇ ਵੀ ਬਣਿਆ ਹੋਇਆ ਹੈ। ਇਹ ਜਾਣਕਾਰੀ ਜ਼ਿਲਾ ਮੈਜਿਸਟਰੇਟ ਸ੍ਰੀ ਡੀ ਪ੍ਰੀ ਪਾਤਰਾ ਨੇ ਇਥੇ ਦਿਤੀ ਹੈ। ਸ੍ਰੀ ਪਾਤਰਾ ਨੇ ਦੱਸਿਆ ਕਿ ਸਦਰ ਸਬ ਡਵੀਜ਼ਨ ਵਿਚੋਂ ਚਾਹ ਬਾਗ ਨੇੜਿਓਂ ਮਿਲੀ ਬਿਨਾਂ ਸਿਰ ਦੇ ਲਾਸ਼ ਬਹੁਤ ਗਲੀ ਸੜੀ ਹੋਈ ਸੀ ਤੇ ਲਗਦਾ ਹੈ ਕਿ ਮ੍ਰਿਤਕ ਦਾ ਕਤਲ ਪੰਜ ਛੇ ਦਿਨ ਪਹਿਲਾਂ ਕੀਤਾ ਗਿਆ ਸੀ। ਉਹਨਾਂ ਅਗੇ ਕਿਹਾ ਕਿ ਚੌਂਕ ਬਜ਼ਾਰ ਨੇੜਿਓਂ ਮਿਲਿਆ ਕਟਿਆ ਹੋਇਆ ਸਿਰ ਤੇ ਬਾਂਹ ਇੰਨੀ ਬੁਰੀ ਹਾਲਤ ਵਿਚ ਸੀ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਇਕੋ ਵਿਅਕਤੀ ਨਾਲ ਸੰਬੰਧਤ ਨਹੀਂ।

ਉਹਨਾਂ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਅਜੇ ਤਕ ਕੀਤੀ ਨਹੀਂ ਜਾ ਸਕੀ। ਸ੍ਰੀ ਪਾਤਰਾ ਅਨੁਸਾਰ ਤਿੰਨ ਪਹਾੜੀ ਸਬਡਵੀਜ਼ਨਾਂ ਵਿਚ ਕਿਸੇ ਵੱਡੀ ਘਟਨਾ ਵਾਪਰਨ ਦੀ ਕੋਈ ਰੀਪੋਰਟ ਨਹੀਂ ਹੈ।

ਮਜ਼ਦੂਰ ਵਿਰੋਧੀ ਬਿੱਲਾਂ ਵਿਰੁਧ ਅਪੋਜ਼ੀਸ਼ਨ ਵੱਲੋਂ ਵਾਕਆਊਟ

ਨਵੀਂ ਦਿੱਲੀ — ਮਜ਼ਦੂਰ ਵਿਰੋਧੀ ਦੋ ਬਿਲਾਂ — ਸਨਅਤੀ ਝਗੜਿਆਂ ਬਾਰੇ (ਤਰਮੀਮੀ) ਬਿਲ, ਟਰੇਡ ਯੂਨੀਅਨਾਂ ਬਾਰੇ (ਤਰਮੀਮਾਂ) ਬਿਲ, ਦਿੱਲੀ ਮਕਾਨ ਕਰਾਇਆ ਕੰਟਰੋਲ (ਤਰਮੀਮੀ) ਬਿਲ ਤੇ ਸੜਕ ਵਿਕਾਸ ਬਾਰੇ ਮਤਾ ਪੇਸ਼ ਕਰਨ ਵਿਰੁੱਧ ਰੋਸ ਵਜੋਂ ਸਮੁੱਚੀ ਅਪੋਜ਼ੀਸ਼ਨ ਨੇ ਰਾਜ ਸਭਾ ਵਿਚ ਰੋਹ ਭਰਿਆ ਵਾਕ-ਆਊਟ ਕੀਤਾ। ਡਿਪਟੀ ਚੇਅਰਮੈਨ ਸ੍ਰੀਮਤੀ ਪ੍ਰਤੀਭਾ ਪਾਟਿਲ ਨੇ ਜਦੋਂ ਕਿਰਤ ਰਾਜ ਮੰਤਰੀ ਸ੍ਰੀ ਜਗਦੀਸ਼ ਟਾਈਟਲਰ ਨੂੰ ਇਹ ਬਿਲ ਪੇਸ਼ ਕਰਨ ਲਈ ਕਿਹਾ ਤਾਂ ਬੀ ਜੇ ਪੀ ਦੇ ਸ੍ਰੀ ਲਾਲ ਕਿਸ਼ਨ ਅਡਵਾਨੀ ਪੁਆਇੰਟ ਆਫ ਆਰਡਰ 'ਤੇ ਉਠੇ ਤੇ ਉਹਨਾਂ ਨੇ ਇਹ ਬਿਲ ਪੇਸ਼ ਕੀਤੇ ਜਾਣ ਦਾ ਵਿਰੋਧ ਕੀਤਾ ਕਿਉਂਕਿ ਬਿਲ ਦੀਆਂ ਕਾਪੀਆਂ ਪਹਿਲਾਂ ਮੈਂਬਰਾਂ ਵਿਚ ਵੰਡੀਆਂ ਨਹੀਂ ਗਈਆਂ ਹਨ। ਮੈਂਬਰਾਂ ਨੇ ਬਿਲਾਂ ਦੀ ਘੋਖ ਨਹੀਂ ਕੀਤੀ।

ਸ੍ਰੀ ਅਡਵਾਨੀ ਨੇ ਕਿਹਾ ਕਿ ਸਰਕਾਰ ਨੇ ਦੋਵੇਂ ਬਿੱਲਾਂ ਨੂੰ ਅਜੇ ਤਕ ਸਦਨ ਦੇ ਕੰਮ ਨੂੰ ਚਲਾਉਣ ਬਾਰੇ ਸਲਾਹਕਾਰ ਕਮੇਟੀ ਅੱਗੇ ਨਹੀਂ ਰਖਿਆ ਹੈ। ਉਹਨਾਂ ਕਿਹਾ ਕਿ ਬਿਲਾਂ ਦੀ ਘੋਖ ਦਾ ਮੈਂਬਰਾਂ ਨੂੰ ਯੋਗ ਸਮਾਂ ਦਿਤੇ ਬਗੈਰ ਸਰਕਾਰ ਬਜਟ ਅਜਲਾਸ ਦੇ ਆਖਰੀ ਦਿਨ ਇਹਨਾਂ ਅਹਿਮ ਬਿਲਾਂ ਨੂੰ ਕਾਹਲੀ-ਕਾਹਲੀ ਪਾਸ ਕਰਾਉਣਾ ਚਾਹੁੰਦੀ ਹੈ।

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸਾਥੀ ਦੀਪੇਨ ਘੋਸ਼, ਸੀ ਪੀ ਆਈ ਦੇ ਸਾਥੀ ਗੁਰੂਦਾਸ ਗੁਪਤਾ, ਜਨਤਾ ਪਾਰਟੀ ਦੇ ਸ੍ਰੀ ਐਮ ਐਸ ਗੁਰੂਪਦਸਵਾਮੀ ਤੇ ਫਾਰਵਰਡਬਲਾਕ ਦੇ ਸ੍ਰੀ ਬਾਸੂ ਨੇ ਵੀ ਬਿਲ ਪੇਸ਼ ਕਰਨ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਸਰਕਾਰ ਕਾਹਲੀ ਕਾਹਲੀ ਇਹ ਬਿਲ ਪਾਸ ਕਰਾਉਣਾ ਚਾਹੁੰਦੀ ਹੈ।

ਦੀਪੇਨ ਘੋਸ਼ ਨੇ ਕਿਹਾ ਕਿ ਸਰਕਾਰ ਸਦਨ ਦਾ ਕਾਰੋਬਾਰ ਆਪ ਹੁਦਰੇ ਢੰਗ ਨਾਲ ਚਲਾ ਰਹੀ ਹੈ ਤੇ ਸਦਨ ਦੀ ਇੱਛਾ ਦੀ ਕੋਈ ਪਰਵਾਹ ਨਹੀਂ ਕੀਤੀ ਜਾ ਰਹੀ।

ਗੁਰੂਦਾਸ ਗੁਪਤਾ ਨੇ ਕਿਹਾ ਕਿ ਜਿਸ ਢੰਗ ਨਾਲ ਸਰਕਾਰ ਚਲ ਰਹੀ ਉਸ ਤੋਂ ਮੈਂਬਰ ਅਪਮਾਨ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਟਰੇਡ ਯੂਨੀਅਨਾਂ ਬਾਰੇ ਤਰਮੀਮੀ ਬਿਲ ਦਾ ਇੰਟਕ ਤੋਂ ਛੁੱਟ ਸਾਰੀਆਂ ਟਰੇਡ ਯੂਨੀਅਨਾਂ ਵਿਰੋਧ ਕਰ ਰਹੀਆਂ ਹਨ।

ਗੁਰੂਪਦਸਵਾਮੀ ਨੇ ਕਿਹਾ ਕਿ ਸਦਨ ਦੀਆਂ ਬੈਠਕਾਂ ਨੂੰ ਸਰਕਾਰ ਵਲੋਂ ਸਹਿਜੇ-ਸਹਿਜੇ ਘਟਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਦਨ ਦੇ ਚੇਅਰਮੈਨ ਨੂੰ ਅਪੋਜ਼ੀਸ਼ਨ ਆਗੂਆਂ ਨਾਲ ਸਲਾਹ ਮਸ਼ਵਰੇ ਤੋਂ ਬਗੈਰ ਬਿਲ ਪੇਸ਼ ਕਰਨ ਦੀ ਸਰਕਾਰ ਨੂੰ ਆਗਿਆ ਨਹੀਂ ਦੇਣੀ ਚਾਹੀਦੀ ਸੀ।

ਪਾਰਲੀਮਾਨੀ ਮਾਮਲਿਆਂ ਬਾਰੇ ਰਾਜ ਮੰਤਰੀ ਸ੍ਰੀ ਐਮ ਐਮ ਜੈਕਬ ਨੇ ਦਲੀਲ ਦਿਤੀ ਕਿ ਸਦਨ ਦੀ ਕਾਰਵਾਈ ਚਲਾਉਣ ਬਾਰੇ ਸਲਾਹਕਾਰ ਕਮੇਟੀ ਦੇ ਮਸ਼ਵਰੇ ਤੋਂ ਬਗੈਰ ਵੀ ਬਿਲ ਪੇਸ਼ ਕੀਤੇ ਜਾ ਸਕਦੇ ਹਨ। ਡਿਪਟੀ ਚੇਅਰਮੈਨ ਨੇ ਪੁਆਇੰਟ ਆਫ ਆਰਡਰ ਰੱਦ ਕਰਦੇ ਹੋਏ ਦਾਅਵਾ ਕੀਤਾ ਕਿ ਚੇਅਰਮੈਨ ਨੂੰ ਅਜਿਹੇ ਬਿੱਲ ਪੇਸ਼ ਕਰਨ ਦੀ ਆਗਿਆ ਦੇਣ ਦਾ ਅਧਿਕਾਰ ਹੈ।

ਸ੍ਰੀਮਤੀ ਪਾਟਿਲ ਦੇ ਫੈਸਲੇ ਵਿਰੁਧ ਅਪੋਜ਼ੀਸ਼ਨ ਨੇ ਰੋਸ ਵਜੋਂ ਵਾਕ-ਆਊਟ ਕੀਤਾ।

The Manitoba Mirror

ਮੈਨੀਟੋਬਾ ਦਰਪਣ

V.I.P. SUPERMARKET

Ph. 774-8671

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

V.I.P. SUPERMARKET
739, Elice Ave. WINNIPEG, MAN.

Moti Flour Industries

620 - Sophia St., SELKIRK — MAN.


Ph. 204-482-4111
Or. 204-785-1054

100% ਡੂਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ



BALDEV S. BEDI M.A. B.A. (Hons.)
BROKER AND COMMISSIONER FOR OATHS

ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣਾ ਜਾਂ ਵੇਚਣਾ ਚਾਹੁੰਦੇ ਹੋ ?
ਮੁਫਤ ਸਲਾਹ ਮਸ਼ਵਰੇ ਲਈ ਫ਼ੋਨ ਕਰੋ :

ਬਲਦੇਵ ਸਿੰਘ ਬੇਦੀ M.A. B.A. (Hons.)

- ਜਾਇਦਾਦ ਰਿਹਾਇਸ਼ੀ, ਕਮਰਸ਼ਲ, ਅਪਾਰਟਮੈਂਟ ਬਲਾਕ, ਵਿਹਲੀ ਜ਼ਮੀਨ, ਹੋਟਲ, ਮੋਟਲ ਜਾਂ ਕੋਈ ਬਿਜਨਿਸ ਹੋਵੇ !
- ਮਾਰਗੇਜ ਦਾ ਪ੍ਰਬੰਧ ਕਰਨਾ ਹੋਵੇ
- ਕਿਰਾਏ ਦੇ ਮਕਾਨਾਂ ਸੰਬੰਧੀ ਕੋਈ ਮਸ਼ਵਰਾ ਲੈਣਾ ਹੋਵੇ

ਆਪਣੀ ਪੰਜਾਬੀ ਰੀਅਲ ਅਸਟੇਟ ਕੰਪਨੀ ਦੀਆਂ ਸੇਵਾਵਾਂ ਦਾ ਲਾਭ ਉਠਾਓ

ਜਿਥੇ ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ !!

AMAN REALTY
1223 Markham Road Winnipeg Man. R3T 4B1

Bus. 269-4411, Res. 261-7598,
24 Hrs: 942-0141
Pager 6366

NORTH AMERICAN LIFE ASSURANCE CO.

To Your Needs Which You Can Afford

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



Sukhjinder S. Dhillon
Res: 669-2573

ਰਾਜ ਸਿੰਘ ਮਾਨ
ਜਾਂ
ਸੁਖਜਿੰਦਰ ਸਿੰਘ ਢਿੱਲੋਂ
ਨੂੰ ਮਿਲੋ

• ਲਾਈਫ਼ ਇਨਸ਼ੋਰੈਂਸ • ਗਰੁੱਪ ਇਨਸ਼ੋਰੈਂਸ • ਮਾਰਗੇਜ ਇੰਨਸ਼ੋਰੈਂਸ
• ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

Ph. 943-1526

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths

ਸਾਬਕਾ ਮੰਤਰੀ ਵਿਰੁਧ ਕੇਸ ਦੀ ਐਫ. ਆਈ. ਆਰ. ਦੀ ਜਾਂਚ ਕਰਨ ਲਈ ਪੱਤਰਕਾਰ ਨੂੰ ਇਜ਼ਾਜ਼ਤ

ਨਵੀਂ ਦਿੱਲੀ — ਇਕ ਸੈਸ਼ਨ ਅਦਾਲਤ ਨੇ ਇਹ ਰੂਲਿੰਗ ਦਿਤੀ ਹੈ ਕਿ ਸਾਬਕਾ ਕੇਂਦਰੀ ਮੰਤਰੀ ਸ੍ਰੀ ਅਰੁਣ ਨਹਿਰੂ ਵਲੋਂ ਚੈਕੋਸਲਵਾਕੀਆ ਨਾਲ ਕੀਤੇ ਗਏ ਪਿਸਤੌਲ ਦੇ ਸੌਦੇ ਨਾਲ ਸੰਬੰਧਤ ਐਫ ਆਈ ਆਰ ਨੂੰ ਪੱਤਰਕਾਰ ਦੇਖ ਸਕਦੇ ਹਨ। ਵਿਸ਼ੇਸ਼ ਜੱਜ ਸ੍ਰੀ ਜਸਪਾਲ ਸਿੰਘ ਨੇ ਇਹ ਰੂਲਿੰਗ ਦਿੰਦਿਆਂ ਸੀ ਬੀ ਆਈ ਵਲੋਂ ਐਫ ਆਈ ਆਰ ਦੀ ਇਕ ਦਿੱਲੀ ਦੇ ਸ਼ਾਮ ਨੂੰ ਨਿਕਲਣ ਵਾਲੇ ਅਖਬਾਰ ਦੇ ਇਕ ਪੱਤਰਕਾਰ ਵਲੋਂ ਜਾਂਚ ਕਰਨ ਵਿਰੁਧ ਦਿਤੀ ਗਈ ਦਲੀਲ ਰੱਦ ਕਰ ਦਿੱਤੀ ਗਈ।

ਸੀ ਬੀ ਆਈ ਨੇ ਪੱਤਰਕਾਰ ਸ੍ਰੀ ਸੁਰੇਸ਼ ਚੰਦ ਅਗਰਵਾਲ ਦੀ ਦਰਖਾਸਤ ਦੇ ਵਿਰੋਧ ਵਿਚ ਇਹ ਦਲੀਲ ਦਿਤੀ ਸੀ ਕਿ ਐਫ ਆਈ ਆਰ ਦੀ ਜਾਂਚ ਕਰਨ ਨਾਲ ਦੇਸ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਜਾਵੇਗਾ ਅਤੇ ਦੇਸ਼ ਅੰਦਰ ਜਨਤਕ ਬੇਚੈਨੀ ਪੈਦਾ ਹੋ ਜਾਵੇਗੀ।

ਜੱਜ ਨੇ ਸਵਾਲ ਕੀਤਾ ਕਿ ਜੇ ਗ੍ਰਹਿ ਮੰਤਰੀ ਸੰਸਦ ਵਿਚ ਇਸ ਬਾਰੇ ਬਿਆਨ ਦਿੰਦਾ ਹੈ ਅਤੇ ਸੀ ਬੀ ਆਈ ਖੁਦ ਇਸ ਬਾਰੇ ਪ੍ਰੈਸ ਨੋਟ ਜਾਰੀ ਕਰਦੀ ਹੈ ਤਾਂ ਐਫ ਆਈ ਆਰ ਦੇ ਛਾਪਣ ਨਾਲ ਸਮਾਜ ਨੂੰ ਕਿਹੜਾ ਖਤਰਾ ਪੈਦਾ ਹੋ ਜਾਵੇਗਾ ਜਾਂ ਕਿਹੜੀ ਜਨਤਕ ਬੇਚੈਨੀ ਪੈਦਾ ਹੋਵੇਗੀ।

ਰਾਜਕਪੂਰ ਦੀ ਹਾਲਤ ਸਥਿਰ ਪਰ ਗੰਭੀਰ

ਨਵੀਂ ਦਿੱਲੀ — ਹਿੰਦੀ ਫਿਲਮਾਂ ਦੇ ਅਦਾਕਾਰ ਨਿਰਦੇਸ਼ਕ ਸ੍ਰੀ ਰਾਜ਼ ਕਪੂਰ ਦੀ ਹਾਲਤ ਸਥਿਰ ਪਰ ਗੰਭੀਰ ਦੱਸੀ ਗਈ ਹੈ। ਡਾਕਟਰੀ ਵਿਗਿਆਨਾਂ ਦੇ ਕੁਲ ਹਿੰਦ ਸੰਸਥਾਨ (ਏ. ਆਈ. ਆਈ. ਐਮ ਐਸ) ਦੇ ਮੈਡੀਕਲ ਸੁਪਰਡੈਂਟ ਡਾਕਟਰ ਏ ਐਨ ਸਫਾਇਆ ਨੇ ਦੱਸਿਆ ਕਿ ਸ੍ਰੀ ਕਪੂਰ ਨੂੰ ਅਜੇ ਵੀ ਆਕਸੀਜਨ ਦਿਤੀ ਜਾ ਰਹੀ ਹੈ ਅਤੇ ਉਹਨਾਂ ਦੇ ਅਹਿਮ ਅੰਗ ਤਸੱਲੀਬਖਸ਼ ਢੰਗ ਨਾਲ ਕੰਮ ਕਰ ਰਹੇ ਹਨ।

ਰਾਜ ਕਪੂਰ ਨੂੰ ਇਸ ਹਸਪਤਾਲ ਵਿਚ ਦੋ ਮਈ ਨੂੰ ਦਮੇ ਦਾ ਸਖਤ ਦੌਰਾ ਪੈਣ ਤੋਂ ਬਾਅਦ ਦਾਖਲ ਕਰਵਾਇਆ ਗਿਆ ਸੀ।

ਗੁਜਰਾਤ ਵਿਚ ਸ਼ਰਾਬ ਨਾਲ ਛੇ ਮਰੇ

ਗਾਂਧੀਨਗਰ — ਇਥੇ ਪੁਜੀਆਂ ਖਬਰਾਂ ਅਨੁਸਾਰ ਪੋਰਬੰਦਰ ਵਿਚ ਛੇ ਵਿਅਕਤੀਆਂ ਦੀ ਮੌਤ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋ ਗਈ ਹੈ ਤੇ 35 ਦੀ ਹਾਲਤ ਨਾਜ਼ਕ ਹੈ। ਦੱਸਿਆ ਜਾਂਦਾ ਹੈ ਕਿ 100 ਮਛੇਰਿਆਂ ਨੇ ਇਹ ਸ਼ਰਾਬ ਪੀਤੀ ਸੀ ਪਰ ਉਨ੍ਹਾਂ ਬਾਰੇ ਅਜੇ ਤੱਕ ਕੋਈ ਸੂਚਨਾ ਨਹੀਂ ਮਿਲੀ।

ਇਕ ਰਿਪੋਰਟ

ਸਾਥੋਂ ਸਦਾ ਲਈ ਵਿਛੜ ਗਏ ਪ੍ਰਸਿੱਧ ਪੰਜਾਬੀ ਕਵੀ ਅਵਤਾਰ ਪਾਸ਼ ਅਤੇ ਜੈਮਲ ਪੱਡਾ ਨੂੰ ਸ਼ਰਧਾਂਜਲੀ ਅਰਪਤ ਕਰਨ ਲਈ ਲੋਕ ਸਭਿਆਚਾਰਕ ਮੰਚ ਕੈਲਗਰੀ ਵਲੋਂ ਇਕ ਸ਼ੋਕ ਮੀਟਿੰਗ ਕੀਤੀ ਗਈ ਜਿਸ ਵਿਚ ਮੰਚ ਦੇ ਮੈਂਬਰ ਸਾਥੀਆਂ ਅਤੇ ਹੋਰਨਾਂ ਸੁਹਿਰਦ ਪੰਜਾਬੀਆਂ ਤੋਂ ਇਲਾਵਾ United Taxi Drivers Association of Southern Alberta ਦੇ ਪ੍ਰਧਾਨ ਸਾਥੀ ਗੁਰਨਾਮ ਡੂਲਕੂ ਅਤੇ ਕੈਲਗਰੀ ਵਿਚ ਨਵੀਂ ਜਥੇਬੰਦ ਹੋਈ ਟਰੇਡ ਯੂਨੀਅਨ ਦੇ ਆਗੂ ਸਾਥੀ ਮਨਜੀਤ ਧਾਲੀਵਾਲ ਨੇ ਵੀ ਹਿਸਾ ਲਿਆ।

ਮੰਚ ਦੇ ਬੁਲਾਰਿਆਂ ਨੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕਰਦਿਆਂ ਹੋਇਆਂ ਉਨ੍ਹਾਂ ਦੀ ਸੰਗਰਾਮੀ ਜ਼ਿੰਦਗੀ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਸਦੀਵੀ ਵਿਛੋੜੇ ਸਦਕਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪਏ ਵੱਡੇ ਨੁਕਸਾਨ ਦਾ ਅਹਿਸਾਸ ਕਰਵਾਇਆ। ਮੰਚ ਦੀ ਗਾਇਕ ਟੀਮ ਨੇ ਸ਼ਹੀਦ ਕਵੀਆਂ ਦੀ ਯਾਦ ਵਿਚ ਉਨ੍ਹਾਂ ਦੀ ਲਿਖੀ ਕਵਿਤਾ ਅਤੇ ਗੀਤ ਬੋਲ ਕੇ ਸੁਣਾਏ। ਇਕੱਤਰ ਹੋਏ ਸਾਰੇ ਸਾਥੀਆਂ ਨੇ ਇਨ੍ਹਾਂ ਅਫਸੋਸਨਾਕ ਕਤਲਾਂ ਤੇ ਅਥਾਹ ਦੁਖ ਦਾ ਇਜ਼ਹਾਰ ਕੀਤਾ ਅਤੇ ਫਿਰਕਾਪ੍ਰਸਤ, ਜਰਾਇਮ ਪੇਸ਼ਾ ਬਦਮਾਸ਼ ਕਾਤਲਾਂ ਅਤੇ ਇਨ੍ਹਾਂ ਦੀ ਰਖੇਲ ਕੇਂਦਰੀ ਹਕੂਮਤ ਦੇ ਖਿਲਾਫ ਰੋਹ ਦਾ ਪ੍ਰਗਟਾ ਕੀਤਾ। ਇਸ ਸੰਬੰਧੀ ਇਕ ਮਤਾ ਵੀ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਸ਼ਾਮਲ ਹੋਏ ਇਕ ਸਾਥੀ ਨੇ ਇਹ ਵੀ ਕਿਹਾ ਕਿ ਜਿਥੇ ਸਾਨੂੰ ਸਥਾਨਕ ਮਜ਼ਦੂਰ ਪੱਖੀ ਤੇ ਜਮਹੂਰੀ ਸੰਘਰਸ਼ਾਂ 'ਚ ਹਿਸਾ ਲੈਣਾ ਚਾਹੀਦਾ ਹੈ ਉਥੇ ਵਤਨ ਨੂੰ ਸਰਗਰਮ ਇਨਕਲਾਬੀ ਜਮਹੂਰੀ ਸ਼ਕਤੀਆਂ ਦੀ ਪੂਰੇ ਤਨ ਮਨ ਧਨ ਨਾਲ ਮਦਦ ਕਰਨੀ ਚਾਹੀਦੀ ਹੈ। ਕੁਝ ਲੋਕਾਂ ਦੀ ਇਹ ਧਾਰਨਾ ਕਿ ਸਾਨੂੰ ਸਿਰਫ ਸਥਾਨਕ ਘੋਲਾਂ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ ਅਤੇ ਵਤਨ ਬਾਰੇ ਅਸੀਂ ਬਾਹਲਾ ਕੁਝ ਨਹੀਂ ਕਰ ਸਕਦੇ, ਬਿਲਕੁਲ ਗਲਤ ਸਾਬਤ ਹੋਈ ਹੈ। ਅੱਜ ਸੱਜ-ਪਿਛਾਖੜ ਅਤੇ ਫਾਸਿਸ਼ਟ ਖਾਲਿਸਤਾਨ ਜਿਹੀਆਂ ਧਾਰਮਕ ਮੁੜ-ਸੁਰਜੀਤੀ 'ਲਹਿਰਾਂ' ਵਿਚ ਬਾਹਰ ਵਸਦੇ ਸਜ-ਪਿਛਾਖੜ ਦਾ ਮਹੱਤਵ-ਪੂਰਣ ਅਤੇ ਵਧਵਾਂ ਹੱਥ ਸਾਫ ਨਜ਼ਰ ਆਉਂਦਾ ਹੈ। ਜੇ ਇਥੇ ਬੈਠੇ ਪਿਛਾਖੜੀ ਅਜਿਹਾ ਕੁਕਰਮ ਕਰਕੇ ਪੰਜਾਬ ਦੀ ਸਿਆਸਤ ਵਿਚ ਇੰਨੇ ਅਸਰਅੰਦਾਜ਼ ਹੋ ਸਕਦੇ ਹਨ ਤਾਂ ਅਸਾਡਾ ਜਮਹੂਰੀ ਅਤੇ ਵਿਗਿਆਨਕ ਇਨਕਲਾਬੀ ਸੋਚ ਨਾਲ ਸਹਿਮਤ ਸੁਹਿਰਦ ਪੰਜਾਬੀਆਂ ਦਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਅਸੀਂ ਦੇਸ਼ 'ਚ ਸਰਗਰਮ ਇਨਕਲਾਬੀ/ਜਮਹੂਰੀ ਸ਼ਕਤੀਆਂ ਦਾ ਪੂਰੀ ਤਨ ਦੇਹੀ ਨਾਲ ਮੱਦਦ ਕਰੀਏ।

ਇਸ ਤੋਂ ਇਲਾਵਾ ਸੰਮੂਹ ਸਾਥੀਆਂ ਨੇ ਕੈਲਗਰੀ ਸ਼ਹਿਰ ਵਿਚ ਇਨਕਲਾਬੀ/ਜਮਹੂਰੀ ਸ਼ਕਤੀਆਂ ਵਲੋਂ ਇਕ ਸਾਂਝਾ ਥੜਾ ਉਸਾਰਨ ਅਤੇ ਕਮਿਊਨਿਟੀ ਦੇ ਮਸਲਿਆਂ ਵਿਚ ਜਥੇਬੰਦਕ ਢੰਗ ਨਾਲ ਉਸਾਰੂ ਦਖਲ ਅੰਦਾਜ਼ੀ ਦੀ ਲੋੜ ਦਾ ਇਜ਼ਹਾਰ ਕੀਤਾ। ਇਸ ਬਾਬਤ ਠੋਸ ਅਮਲੀ ਕਦਮ ਚੁਕਣ ਵਾਸਤੇ ਅਗਲਾ ਪ੍ਰੋਗਰਾਮ ਵੀ ਉਲੀਕਿਆ ਗਿਆ।

ਵਲੋਂ : ਹ. ਸਿੰਘ

ਪ੍ਰੈਸ ਬਿਆਨ

ਪਿਛਲੇ ਸਮੇਂ ਵਿਚ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਵਿਚ ਬਹੁਤ ਹੀ ਅਫਸੋਸਨਾਕ ਅਤੇ ਦੁਖਦਾਈ ਖਬਰਾਂ ਸੁਣਨ ਨੂੰ ਮਿਲੀਆਂ ਹਨ। ਸੰਗਰਾਮੀ ਅਤੇ ਜਮਹੂਰੀ ਕਵੀ (ਅਵਤਾਰ) ਪਾਸ਼ ਅਤੇ ਜੈਮਲ ਪੱਡਾ ਸਾਥੋਂ ਸਦਾ ਲਈ ਵਿਛੜ ਜਾਣਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਲਈ ਕਦੇ ਨਾ ਪੂਰਾ ਕੀਤਾ ਜਾ ਸਕਣ ਵਾਲਾ ਘਾਟਾ ਹੈ। ਜਿੰਨਾਂ ਕਾਲੀਆਂ ਸ਼ਕਤੀਆਂ ਨੇ ਇਹ ਦੋਵੇਂ ਮਾਂ ਬੋਲੀ ਦੇ ਹੋਣਹਾਰ ਸਪੂਤ ਖੋ ਲਏ ਹਨ ਉਹ ਅਵੱਸ਼ ਹੀ ਪੰਜਾਬੀਅਤ ਦੀਆਂ (ਖਤਰਨਾਕ) ਦੁਸ਼ਮਣ ਸ਼ਕਤੀਆਂ ਹਨ। ਅਸੀਂ ਪੰਜਾਬੀਅਤ ਦੇ ਹਿਤੂ ਸਮੂਹ ਅਵਾਮ ਨੂੰ ਇਹਨਾਂ ਲੋਕ ਦੋਖੀ ਕਲਮੂੰਹਿਆਂ (ਫਿਰਕਾਪ੍ਰਸਤ ਬਦਮਾਸ਼ਾਂ) ਤੋਂ ਸੁਚੇਤ ਰਹਿਣ ਅਤੇ ਇਨਾਂ ਨੂੰ ਦੁਰਕਾਰਨ ਦੀ ਪੁਰਜ਼ੋਰ ਅਪੀਲ ਕਰਦੇ ਹਾਂ।

ਦਰਅਸਲ ਗਰੀਬ ਦੇ ਹੱਕ ਅਤੇ ਸੱਚ ਦੀ ਖਾਤਰ ਜੂਝਦੇ ਰਹੇ ਸ਼ਾਨਾ-ਮਤੇ ਸਿਖ ਇਤਿਹਾਸਕ ਵਿਰਸੇ ਦੇ ਮੂੰਹ ਤੇ ਕਾਲਖ ਫੇਰਨ ਦਾ ਦੁਰਕਾਰਾ ਕਰਨ ਤੇ ਤੁਲੇ ਹੋਏ ਇਨ੍ਹਾਂ ਮਸੰਦਾਂ ਦੀ ਔਲਾਦ ਨੇ 'ਕੱਖਾਂ ਦੀ ਕੁੱਲੀ' ਅਤੇ 'ਸੱਚ ਦੇ ਸੰਗਰਾਮ' ਦੇ ਕਵੀਆਂ ਨੂੰ ਕਤਲ ਕਰਕੇ ਆਪਣੀ ਅਸਲੀਅਤ ਨੰਗੀ ਕੀਤੀ ਹੈ। ਸਰਕਾਰ ਵੀ ਇਨਕਲਾਬੀ/ਜਮਹੂਰੀ ਹਸਤੀਆਂ ਤੇ ਝਪਟਣ ਲਈ ਇਨਾਂ ਹਨੇਰ-ਕਿਰਤੀ ਬਘਿਆੜਾਂ ਨੂੰ ਸ਼ਸ਼ਕਾਰ ਰਹੀ ਹੈ ਤੇ ਇਨਾਂ ਦੀਆਂ ਸੰਗਲੀਆਂ ਢਿਲੀਆਂ ਛੱਡ ਰਹੀ ਹੈ। ਉਹ ਇਜ ਕਰੇ ਵੀ ਕਿਉਂ ਨਾ ਹਾਕਮ ਜਮਾਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਉਸਦੇ ਅਸਲ ਦੁਸ਼ਮਣ ਇਨਕਲਾਬੀ/ਜਮਹੂਰੀ ਸ਼ਕਤੀਆਂ ਹੀ ਹਨ।

ਅਸਲ ਵਿਚ ਕਾਂਗਰਸ ਸਰਕਾਰ ਅਤੇ ਇਸੇ ਸਰਕਾਰ ਦੀ ਹੀ ਪੈਦਾਵਾਰ ਖਾਲਿਸਤਾਨੀ, ਦੋਵੇਂ ਕਮਿਊਨਿਸਟ ਇਨਕਲਾਬੀਆਂ ਨੂੰ ਮਾਰ ਮੁਕਾਉਣ ਦੀ ਸਾਜ਼ਸ਼ ਵਿਚ ਚੋਰ ਤੇ ਕੁੱਤੀ ਰਲੇ ਹੋਏ ਹਨ।

ਖਾਲਿਸਤਾਨੀ ਸਾਜ਼ਸ਼ ਪਿਛੇ ਕੰਮ ਕਰਦਾ ਸਾਮਰਾਜੀ ਹੱਥ ਵੀ ਹੁਣ ਕਿਸੇ ਕੋਲੋਂ ਲੁਕਿਆ ਛੁਪਿਆ ਨਹੀਂ। ਕਿਸੇ ਵੀ ਤਰ੍ਹਾਂ ਦੀ ਸੋਚ ਜਾਂ ਫਿਲਾਸਫੀ ਜਾਂ ਧਰਮ ਨਾਲ ਸਹਿਮਤ/ਅਸਹਿਮਤ ਹੋਣਾ ਜਾਂ ਧਾਰਨੀ ਹੋਣਾ ਹਰ ਇਨਸਾਨ ਦਾ ਨਿੱਜੀ, ਮੁਢਲਾ ਤੇ ਜਮਹੂਰੀ ਹੱਕ ਹੁੰਦਾ ਹੈ। ਪਰ ਸਭ ਤੋਂ ਵੱਡਾ ਸਾਮਰਾਜੀ ਮੁਲਕ ਅਮਰੀਕਾ ਜਿਥੇ ਆਪਣੀਆਂ ਹੱਦਾਂ ਅੰਦਰ ਕਮਿਊਨਿਸਟ/ਸੋਸ਼ਲਿਸਟ ਖਿਆਲਾਂ ਦੇ ਧਾਰਨੀ ਹੋਣ ਤੇ ਜਾਬਰ ਕਾਨੂੰਨੀ ਰੋਕਾਂ ਲਾਉਂਦਾ ਹੈ ਉਥੇ ਤੀਜੀ ਦੁਨੀਆਂ ਦੇ ਦੇਸ਼ਾਂ ਅੰਦਰ ਮਣਾਂ ਮੂੰਹੀ ਹਥਿਆਰ ਅਤੇ ਲੁਟਦੇ ਮਾਲ 'ਚੋਂ ਅੰਨ੍ਹਾ ਪੈਸਾ ਖਰਚ ਕਰਕੇ ਪਾਲਤੂ ਗੁੰਡਿਆਂ ਤੇ ਬਦਮਾਸ਼ਾਂ ਦੀਆਂ (ਪੰਜਾਬ ਵਿਚ ਖਾਲਿਸਤਾਨੀਆਂ ਜਿਹੀਆਂ) ਸੈਨਾਵਾਂ ਹੱਥੋਂ ਕਮਿਊਨਿਸਟ ਇਨਕਲਾਬੀਆਂ ਦੇ ਕਤਲ ਕਰਵਾਉਂਦਾ ਹੈ। ਭਿੰਡਰਾਂ ਵਾਲੇ ਨੇ ਐਵੇਂ ਸੁਤੇ ਸਿਧ ਹੀ ਕਮਿਊਨਿਸਟਾਂ ਨੂੰ ਆਪਦੇ 'ਤਿੰਨ ਮੁੱਖ ਦੁਸ਼ਮਣਾਂ ਵਿਚੋਂ ਇਕ' ਨਹੀਂ ਸੀ ਗਰਦਾਨਿਆ।


ਇਸੇ ਸਾਮਰਾਜੀ ਨੀਤੀ ਦੇ ਸਦਕਾ ਹਾਲ ਵਿਚ ਹੀ ਪੰਜਾਬ ਵਿਚ ਸੁਮੀਤ, ਅਰਜਨ ਸਿੰਘ ਮਸਤਾਨਾ, ਦਰਸ਼ਨ ਸਿੰਘ ਕਨੇਡੀਅਨ, ਦੀਪਕ ਧਵਨ, ਰਤਨ ਪਟਵਾਰੀ, ਚਨਣ ਸਿੰਘ ਧੂਤ, ਬਲਦੇਵ ਮਾਨ, ਸਤਿਬੀਰ ਸੱਤਾ ਵਰਗੇ ਅਨੇਕ ਕਮਿਊਨਿਸਟ ਵਰਕਰ ਦਹਿਸ਼ਤਗਰਦਾਂ ਨੇ ਸ਼ਹੀਦ ਕੀਤੇ ਹਨ।

ਅਸੀਂ ਇਨ੍ਹਾਂ ਸਾਮਰਾਜੀ ਇਸ਼ਾਰਿਆਂ ਤੇ ਨੱਚ ਰਹੇ ਗਦਾਰਾਂ, ਜਿੰਨ੍ਹਾਂ ਪਾਸ਼ ਅਤੇ ਪੱਡਾ ਸਾਥੋਂ ਖੋਹ ਕੇ ਪੰਜਾਬੀਅਤ ਤੇ ਜਮਹੂਰੀਅਤ ਦੀ ਪਿੱਠ ਤੇ ਵਾਰ ਕੀਤਾ ਹੈ ਨੂੰ ਦੁਰਲਾਹਨਤ ਪਾਉਂਦੇ ਹਾਂ। ਪਾਸ਼ ਅਤੇ ਜੈਮਲ ਪੱਡਾ ਖਤਮ ਨਹੀਂ ਕੀਤੇ ਜਾ ਸਕਦੇ, ਉਹਨਾਂ ਦੇ ਸੰਗਰਾਮੀ ਬੋਲ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀਆਂ ਫਿਜ਼ਾਵਾਂ ਵਿਚ ਹਮੇਸ਼ਾ ਗੂੰਜਦੇ ਰਹਿਣਗੇ, ਅਤੇ ਇਹਨਾਂ ਪੰਜਾਬੀਅਤ ਦੇ ਦੁਸ਼ਮਣਾਂ ਦਾ ਮੂੰਹ ਚਿੜਾਉਂਦੇ ਰਹਿਣਗੇ।

ਸਾਰੇ ਸੁਹਿਰਦ ਪੰਜਾਬੀਆਂ ਅਤੇ ਸਮੂਹ ਇਨਕਲਾਬੀ/ਜਮਹੂਰੀ ਸ਼ਕਤੀਆਂ ਨੂੰ ਇਕ ਮੁੱਠ ਹੋ ਕੇ ਇਹਨਾਂ ਜਰਵਾਣਿਆਂ ਅਤੇ ਸਰਕਾਰੀ ਤਸ਼ੱਦਦ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਅਸੀਂ ਸਮੂਹ ਪੰਜਾਬੀ ਅਵਾਮ ਨੂੰ ਇਨਕਲਾਬੀ/ਜਮਹੂਰੀ ਸ਼ਕਤੀਆਂ ਦੀ ਹਰ ਪੱਖੋਂ ਮੱਦਦ ਕਰਨ ਦੀ ਅਪੀਲ ਕਰਦੇ ਹਾਂ।

ਲੋਕ ਸਭਿਆਚਾਰਕ ਮੰਚ ਕੈਲਗਰੀ





ਫਿਲਮਾਂ ਵਿਅੰਗ

ਫਿਲਮਕਾਰ ਰਾਜਿੰਦਰ ਸਿੰਘ ਬੇਦੀ

ਰਾਜਿੰਦਰ ਸਿੰਘ ਬੇਦੀ ਪੰਜਾਬ ਦੇ ਸਾਹਿਤਕ ਗਗਨ ਦਾ ਉਹ ਪ੍ਰਭਾਤੀ ਤਾਰਾ ਹੈ ਜਿਹੜਾ ਉਰਦੂ ਗਲਪ ਦੇ ਆਕਾਸ਼ ਉਤੇ ਬੜੀ ਤਿੱਖੀ ਭਾਹ ਨਾਲ ਚਮਕਿਆ ਅਤੇ ਆਪਣੀਆਂ ਰਚਨਾਵਾਂ ਰਾਹੀ ਸਦਾ ਹੀ ਚਮਕਦਾ ਰਹੇਗਾ। ਉਸ ਨੇ ਉਰਦੂ ਕਹਾਣੀਆਂ ਅਤੇ ਇਕੋ ਇਕ ਨਾਵਲ "ਏਕ ਚਾਦਰ ਮੈਲੀ ਸੀ" ਲਿਖਣ ਤੋਂ ਇਲਾਵਾ ਫਿਲਮੀ ਜਗਤ ਵਿਚ ਵੀ ਕਾਫੀ ਮੱਲਾਂ ਮਾਰੀਆਂ। ਹਿੰਦੀ ਅਤੇ ਉਰਦੂ ਦੇ ਨਾਵਲ ਸਮਰਾਟ ਮੁਨਸ਼ੀ ਪ੍ਰੇਮ ਚੰਦ ਫਿਲਮੀ ਦੁਨੀਆ ਨੂੰ ਆਪਣੀ ਰੁਚੀ ਅਨੁਕੂਲ ਨਾ ਪਾ ਕੇ ਛੇਤੀ ਹੀ ਸਾਹਿਤ ਸਾਧਨਾ ਵਲ ਪਰਤ ਗਏ ਸਨ ਪਰੰਤੂ ਪੰਜਾਬ ਨੇ ਕਿੰਨੇ ਹੀ ਸਾਹਿਤਕ ਸਰਗਰਮੀਆਂ ਨੂੰ ਤਿਲਾਂਜਲੀ ਦਿਤੇ ਬਗੈਰ ਫਿਲਮੀ ਦੁਨੀਆ ਨੂੰ ਉੱਘੀਆਂ ਦੇਣਾਂ ਬਖਸ਼ੀਆਂ ਹਨ। ਮਿਸਾਲ ਵਜੋਂ ਸਾਂਝੇ ਪੰਜਾਬ ਦੇ ਉੱਘੇ ਉਰਦੂ ਲਿਖਾਰੀ ਖ਼ਵਾਜਾ ਅਹਿਮਦ ਅੱਬਾਸ ਨੇ ਫਿਲਮ ਕਥਾਵਾਂ ਹੀ ਨਹੀਂ ਲਿਖੀਆਂ ਸਗੋਂ ਕਈ ਕਾਮਯਾਬ ਫਿਲਮਾਂ ਦਾ ਨਿਰਦੇਸ਼ਨ ਤੇ ਨਿਰਮਾਣ ਵੀ ਕੀਤਾ ਸੀ। ਏਸ਼ੀਆ ਦੇ ਹਰਮਨ ਪਿਆਰੇ ਕਹਾਣੀਕਾਰ ਕ੍ਰਿਸ਼ਨ ਚੰਦਰ ਨੇ ਵੀ ਆਪਣਾ ਕੁਝ ਸਮਾਂ ਚਿਤਰਪਟ ਸੰਸਾਰ ਨੂੰ ਪ੍ਰਦਾਨ ਕੀਤਾ ਸੀ। ਸਆਦਤ ਹਸਨ ਮੰਟੋ ਫਿਲਮੀ ਦੁਨੀਆ ਵਿਚ ਰਹਿ ਕੇ ਹੀ ਆਪਣੀ ਰੋਜ਼ੀ ਕਮਾਉਂਦਾ ਅਤੇ ਸਾਹਿਤ ਰਚਨਾ ਕਰਦਾ ਰਿਹਾ। ਬਲਰਾਜ ਸਾਹਨੀ ਇਕ ਪ੍ਰਸਿੱਧ ਫਿਲਮ ਅਭਿਨੇਤਾ ਹੋਣ ਦੇ ਨਾਲ-ਨਾਲ ਇਕ ਅਣਥਕ ਸਾਹਿਤ ਸੇਵੀ ਵੀ ਸੀ। ਰਾਮਾ ਨੰਦ ਸਾਗਰ ਉਰਦੂ ਨਾਵਲ ਅਤੇ ਕਹਾਣੀ ਦੇ ਖੇਤਰ ਵਿਚ ਨਾਮਣਾ ਖੱਟਣ ਉਪਰੰਤ ਹੁਣ ਆਪਣੀਆਂ ਸਾਰੀਆਂ ਸਿਰਜਨਾਤਮਕ ਸ਼ਕਤੀਆਂ ਫਿਲਮ ਨਿਰਮਾਣ ਨੂੰ ਸਮਰਪਿਤ ਕਰੀ ਬੈਠਾ ਹੈ। ਇਸੇ ਤਰ੍ਹਾਂ ਰਾਜਿੰਦਰ ਸਿੰਘ ਬੇਦੀ ਨੇ ਵੀ ਖ਼ੁਦ ਨੂੰ ਫਿਲਮੀ ਦੁਨੀਆ ਨਾਲ ਇਕ ਸੰਤੁਲਿਤ ਢੰਗ ਨਾਲ ਜੋੜਿਆ ਸੀ।

ਲਾਹੌਰ ਦੇ ਇਕ ਡਾਕਖਾਨੇ ਵਿਚ ਕਲਰਕੀ ਕਰਨ ਮਗਰੋਂ ਅਤੇ ਕੇਂਦਰੀ ਸਰਕਾਰ ਦੇ ਪਬਲਿਸਿਟੀ ਵਿਭਾਗ ਦਿੱਲੀ ਅਤੇ ਆਲ ਇੰਡੀਆ ਰੇਡੀਓ ਲਾਹੌਰ ਵਿਚ ਕੰਮ ਕਰਨ ਤੋਂ ਬਾਅਦ ਵੰਡ ਤੋਂ ਪਿਛੋਂ ਉਹ 1948 ਵਿਚ ਜੰਮੂ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਬਣ ਗਏ। ਪਰੰਤੂ ਆਪਣੇ ਮਸਤ-ਮੌਲਾ ਸੁਭਾਅ ਕਾਰਣ ਉਹ ਉਸ ਉੱਚੇ ਅਹੁਦੇ ਨੂੰ ਲੱਤ ਮਾਰ ਕੇ 1949 ਵਿਚ ਬੰਬਈ ਚਲੇ ਗਏ। ਉਥੇ ਉਨ੍ਹਾਂ ਦੀ ਮਿੱਤਰਤਾ ਪੰਜਾਬੀ ਨਿਰਦੇਸ਼ਕ ਡੀ. ਡੀ. ਕੱਸ਼ਪ ਨਾਲ ਹੋਈ ਜਿਨ੍ਹਾਂ ਨੇ ਬੇਦੀ ਤੋਂ 'ਬੜੀ ਬਹਿਨ' ਦੀ ਵਾਰਤਾਲਾਪ ਅਤੇ ਸਕਰੀਨ ਪਲੇ ਲਿਖਵਾਏ। ਇਸ ਫਿਲਮ ਦੀ ਕਾਮਯਾਬੀ ਨੇ ਰਾਜਿੰਦਰ ਸਿੰਘ ਬੇਦੀ ਨੂੰ ਤੁਰੰਤ ਹੀ ਫਿਲਮੀ ਦੁਨੀਆ ਵਿਚ ਸਫਲ ਲਿਖਾਰੀ ਦੇ ਰੂਪ ਵਿਚ ਸਥਾਪਿਤ ਕਰ ਦਿਤਾ। ਪਰ ਉਨ੍ਹਾਂ ਨੇ ਆਪਣੀ ਸਾਹਿਤ ਰਚਨਾ ਪਹਿਲਾਂ ਵਾਂਗ ਹੀ ਜਾਰੀ ਰਖੀ ਅਤੇ ਫਿਰ 1952 ਵਿਚ ਅਮੀਆ ਚਕਰਵਰਤੀ ਦੀ ਫਿਲਮ 'ਦਾਗ਼' ਦੀ ਵਾਰਤਾਲਾਪ ਲਿਖੀ। ਦਲੀਪ ਕੁਮਾਰ ਅਤੇ ਨਿੰਮੀ ਇਸ ਦੇ ਨਾਇਕ ਨਾਇਕਾ ਸਨ। ਇਹ ਫਿਲਮ ਵੀ ਕਾਫੀ ਸਫਲ ਰਹੀ। ਫਿਰ 1954 ਵਿਚ ਉਸ ਨੇ 'ਗ਼ਾਲਿਬ' ਦੀ ਵਾਰਤਾਲਾਪ ਲਿਖੀ। ਪਰੰਤੂ ਉਸ ਤੋਂ ਵੀ ਸਫਲ ਫਿਲਮ ਬਿਮਲ ਰਾਏ ਦੀ 'ਦੇਵਦਾਸ' ਸੀ। 1955 ਵਿਚ ਇਸ ਫਿਲਮ ਦੀ ਵਾਰਤਾਲਾਪ ਲਿਖ ਕੇ ਬੇਦੀ ਨੂੰ ਵਾਰਤਾਲਾਪ ਲਿਖਾਰੀ ਦੇ ਰੂਪ ਵਿਚ ਅਦੁੱਤੀ ਪ੍ਰਸਿੱਧੀ ਪ੍ਰਾਪਤ ਹੋਈ। ਫਿਰ 1957 ਵਿਚ 'ਅਭਿਮਾਨ' ਅਤੇ 'ਮਿਰਜ਼ਾ ਸਾਹਿਬਾਂ' ਦੇ ਡਾਇਲਾਗ ਲਿਖਣ ਮਗਰੋਂ ਬੇਦੀ ਨੇ 1958 ਵਿਚ ਮੁੜ ਬਿਮਲ ਰਾਏ ਦੀ ਹੀ ਹਰਮਨ ਪਿਆਰੀ ਫਿਲਮ 'ਮਧੂਮਤੀ' ਦੀ ਵਾਰਤਾਲਾਪ ਲਿਖੀ ਜਿਸ ਵਿਚ ਦਲੀਪ ਕੁਮਾਰ ਅਤੇ ਵਿਜਯੰਤੀ ਮਾਲਾ ਨੇ ਨਾਇਕ ਅਤੇ ਨਾਇਕਾ ਦੇ ਰੋਲ ਨਿਭਾਏ ਸਨ।

ਜਦੋਂ ਬਿਮਲ ਰਾਏ ਦੇ ਸਹਾਇਕ ਨਿਰਦੇਸ਼ਕ ਰਿਸ਼ੀਕੇਸ਼ ਮੁਕਰਜੀ ਉਨ੍ਹਾਂ ਤੋਂ ਅਲੱਗ ਹੋ ਕੇ ਫਿਲਮ ਨਿਰਦੇਸ਼ਨ ਕਰਨ ਲੱਗ ਗਏ ਤਾਂ ਉਨ੍ਹਾ ਨੇ ਬੇਦੀ ਨੂੰ ਆਪਣੇ ਨਾਲ ਜੋੜ ਲਿਆ ਅਤੇ ਆਪਣੀ ਹਰ ਫਿਲਮ ਦੀ ਵਾਰਤਾਲਾਪ ਉਨ੍ਹਾਂ ਤੋਂ ਹੀ ਲਿਖਵਾਈ। ਉਨ੍ਹਾ ਦੀਆਂ ਫਿਲਮਾਂ ਵਿਚੋਂ 'ਅਨੁਪਮਾ' 'ਅਨੁਰਾਧਾ' ਅਤੇ 'ਸਤਯਕਾਮ' ਬੜੀਆਂ ਕਾਮਯਾਬ ਰਹੀਆ। ਇਨ੍ਹਾ ਦੀ ਪ੍ਰਭਾਵਸ਼ਾਲੀ ਵਾਰਤਾਲਾਪ ਬੇਦੀ ਨੇ ਹੀ ਲਿਖੀ ਸੀ।

ਬੇਦੀ ਦੁਆਰਾ ਲਿਖੇ ਗਏ ਡਾਇਲਾਗ ਕਿਰਦਾਰਾਂ ਦੇ ਮਾਹੌਲ ਅਤੇ ਸੁਭਾ ਅਨੁਕੂਲ ਬੜੇ ਜਚਵੇਂ, ਤੁਲਵੇਂ ਜਾਂ ਢੁਕਵੇਂ ਹਨ। ਉਹ ਪੰਜਾਬੀ ਮਾਹੌਲ ਵਾਲੀਆਂ ਫਿਲਮਾਂ ਵਿਚ ਕਿਸੇ ਦੇ ਮੁੱਖੋਂ ਅਜਿਹੇ ਪੰਜਾਬੀ ਸ਼ਬਦ ਵੀ ਬੁਲਵਾ ਦੇਂਦਾ ਸੀ ਜਿਨ੍ਹਾਂ ਨੂੰ ਦੂਜੇ ਰਾਜਾਂ ਵਾਲੇ ਹਿੰਦੁਸਤਾਨੀ ਆਸਾਨੀ ਨਾਲ ਸਮਝ ਜਾਂਦੇ ਹਨ।, ਜਿਵੇਂ ਹਿੰਦੀ ਫਿਲਮ 'ਮਿਰਜ਼ਾ ਸਾਹਿਬਾਂ' ਵਿਚ ਮਿਰਜ਼ੇ ਦੀ ਭੂਆ ਉਸ ਨੂੰ ਕਹਿੰਦੀ ਹੈ- "ਅਬੇ ਮਿਰਜ਼ਿਆ ਤੂੰ ਕਿਧਰ ਖੱਜਲ ਹੋ ਰਿਹਾ ਹੈਂ ?" "ਏਕ ਚਾਦਰ ਮੈਲੀ ਸੀ" ਵਿਚ ਪੰਜਾਬੀ ਪਿੰਡਾਂ ਦਾ ਮਾਹੌਲ ਹੈ। ਇਸ ਲਈ ਉਸ ਵਿਚ ਵਰਤੀ ਗਈ ਉਰਦੂ ਵਿਚ ਢੁਕਵੀਂ ਪੰਜਾਬੀ ਸ਼ਬਦਾਵਲੀ ਦਾ ਸੁੰਦਰ ਮਿਸ਼ਰਣ ਹੈ। ਜਿਵੇਂ "ਸਬ ਕਾ ਠੀਕਰਾ ਮੁਝੀ ਪੇ ਫੂਟੇਗਾ" ਜਾਂ "ਦੁਹਾਜਨ ਕੋ ਬੜੀ ਮੌਜ ਹੋਤੀ ਹੈ" ਜਾਂ "ਅੜਿਆ ਜਿੱਥੇ ਤੇਰੇ ਹਲ ਵਗਦੇ ਉਥੇ ਲੇ ਚਲ ਚਰਖਾ ਮੇਰਾ।" ਆਦਿ। ਇਸ ਤੇ ਉਲਟ ਬੇਦੀ ਨੇ 'ਮਿਰਜ਼ਾ ਗਾਲਿਬ' ਦੀ ਵਾਰਤਾਲਾਪ ਉਸ ਦੇ ਮਾਹੌਲ ਅਨੁਸਾਰ ਬੜੀ ਠੇਠ ਤੇ ਮੁਹਾਵਰਾ ਟਕਸਾਲੀ ਉਰਦੂ ਵਿਚ ਹੀ ਲਿਖੀ ਹੈ।



ਫਿਲਮੀ ਵਾਰਤਾਲਾਪ ਅਤੇ ਸਕਰੀਨ-ਪਲੇ ਲਿਖਣ ਤੋਂ ਇਲਾਵਾ ਬੇਦੀ ਨੇ ਖ਼ੁਦ ਆਪਣੀਆਂ ਫਿਲਮਾ ਵੀ ਬਣਾਈਆਂ। ਉਨ੍ਹਾ ਦੇ ਪ੍ਰਸਿੱਧ ਨਾਵਲ 'ਏਕ ਚਾਦਰ ਮੈਲੀ ਸੀ' ਉੱਤੇ ਪਾਕਿਸਤਾਨ ਅਤੇ ਭਾਰਤ ਵਿਚ ਦੂਜਿਆਂ ਦੁਆਰਾ ਫਿਲਮਾਂ ਬਣ ਚੁਕੀਆਂ ਹਨ।

ਉਨ੍ਹਾ ਨੇ ਆਪਣੇ ਨਾਟਕ "ਨਕਲ ਮਕਾਨੀ" ਦੇ ਆਧਾਰ ਤੇ 'ਦਸਤਕ' ਨਾਮਕ ਫਿਲਮ ਖ਼ੁਦ ਤਿਆਰ ਕੀਤੀ ਜਿਹੜੀ ਹਿੰਦੀ ਫਾਰਮੂਲਾ ਫਿਲਮਾਂ ਤੋਂ ਬਿਲਕੁਲ ਵੱਖਰੀ ਅਤੇ ਨਵੇਂ ਅੰਦਾਜ਼ ਦੀ ਹੈ। ਉਸ ਵਿਚ ਵਧੇਰੇ ਤੌਰ ਤੇ ਇਕੋ ਕਮਰੇ ਵਿਖੇ ਹੀ ਸਾਰੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਸੰਜੀਵ ਕੁਮਾਰ ਅਤੇ ਰੇਹਾਨਾ ਸੁਲਤਾਨ ਨੇ ਇਸ ਵਿਚ ਹੀਰੋ ਹੀਰੋਇਨ ਦਾ ਰੋਲ ਨਿਭਾਇਆ ਹੈ। ਉਨ੍ਹਾ ਦੋਹਾਂ ਨੂੰ ਉਸ ਸਾਲ ਦੇ ਸਰਵੋਤਮ ਅਭਿਨੇਤਾ ਤੇ ਅਭਿਨੇਤਰੀ ਹੋਣ ਦੇ ਰਾਸ਼ਟਰੀ ਇਨਾਮ ਵੀ ਪ੍ਰਾਪਤ ਹੋਏ ਸਨ। ਫਿਰ ਉਨ੍ਹਾ ਨੇ ਆਪਣੇ ਪੁੱਤਰ ਨਰਿੰਦਰ ਬੇਦੀ ਨਾਲ ਮਿਲ ਕੇ 'ਫਾਗਣ' ਫਿਲਮ ਦਾ ਨਿਰਮਾਣ ਕੀਤਾ ਜਿਹੜੀ 'ਦਸਤਕ' ਜਿੰਨੀ ਸਫਲ ਨਾ ਹੋਈ। ਉਸ ਦੀ ਫਿਲਮ 'ਗਰਮ ਕੋਟ' ਵੀ ਕਾਫੀ ਸਫਲ ਰਹੀ। ਪਰੰਤੂ ਉਸ ਦੇ ਜਵਾਨ ਪੁੱਤਰ ਫਿਲਮਕਾਰ ਨਰਿੰਦਰ ਬੇਦੀ ਦੀ ਮ੍ਰਿਤੂ ਨੇ ਉਸ ਦਾ ਲੱਕ ਤੋੜ ਦਿੱਤਾ। ਫਿਰ ਉਸ ਨੇ ਹਰੀਜਨਾਂ ਨਾਲ ਹੋ ਰਹੀ ਬੇਇਨਸਾਫੀ ਬਾਰੇ ਇਕ ਫਿਲਮ 'ਆਖੋਂ ਦੇਖੀ' ਵੀ ਬਣਾਈ। ਪਰੰਤੂ ਸਿਹਤ ਖਰਾਬ ਹੋ ਜਾਣ ਅਤੇ ਵਡੇਰੀ ਉਮਰ ਕਾਰਣ ਉਹ ਫਿਲਮਸਾਜ਼ੀ ਵੱਲ ਘੱਟ ਅਤੇ ਸਾਹਿਤ ਰਚਨਾ ਵੱਲ ਵੱਧ ਧਿਆਨ ਦੇਣ ਲਗ ਪਿਆ ਸੀ। ਇਹੀ ਕਾਰਣ ਹੈ ਕਿ ਉਹ ਚੋਟੀ ਦਾ ਸਾਹਿਤਕਾਰ ਪਰੰਤੂ ਦੂਜੇ ਦਰਜੇ ਦਾ ਫਿਲਮਕਾਰ ਹੋ ਨਿਬੜਿਆ।

ਬੇਦੀ ਇਕ ਸਰਵੋਤਮ ਉਰਦੂ ਗਲਪਕਾਰ ਅਤੇ ਚੰਗਾ ਫਿਲਮੀ ਵਾਰਤਾਲਾਪ ਲਿਖਾਰੀ ਤੇ ਫਿਲਮ ਨਿਰਦੇਸ਼ਕ ਆਦਿ ਹੋਣ ਤੋਂ ਇਲਾਵਾ ਸਾਹਿਤ ਅਤੇ ਫਿਲਮਾਂ ਦਾ ਇਕ ਗੰਭੀਰ ਆਲੋਚਕ ਵੀ ਸੀ। ਉਸ ਨੇ ਆਪਣੀਆਂ ਕਈ ਲਿਖਤਾਂ ਵਿਚ ਜਿਥੇ ਸਾਹਿਤ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ ਉਥੇ ਫਿਲਮਾਂ ਤੇ ਫਿਲਮੀ ਦੁਨੀਆ ਬਾਰੇ ਵੀ ਆਪਣੇ ਖਿਆਲ ਪੇਸ਼ ਕੀਤੇ ਹਨ।

ਉਹ ਹਿੰਦੀ ਉਰਦੂ ਦੇ ਪ੍ਰਸਿਧ ਗਲਪਕਾਰ ਅਤੇ ਨਾਟਕਕਾਰ ਉਪੇਂਦਰ ਨਾਥ ਅਸ਼ਕ ਨੂੰ ਇਕ ਖ਼ਤ ਵਿਚ ਲਿਖਦਾ ਹੈ-"ਮੇਰਾ ਫਿਲਮਾਂ ਦਾ ਕਾਰੋਬਾਰ ਐਸਾ-ਵੈਸਾ ਹੀ ਹੈ। ਫਿਲਮ ਨਿਰਮਾਤਾ ਬਣ ਗਿਆ ਹਾਂ ਪਰੰਤੂ ਬੈਂਕ ਬੈਲੰਸ ਸੌ ਰੁਪਏ ਤੋਂ ਨਹੀਂ ਵਧ ਸਕਿਆ। ਸਹਿਕਾਰੀ ਢੰਗ ਦਾ ਇਕ ਯੂਨਿਟ ਬਣਾਇਆ ਹੈ। ਲਾਭ ਆਪੋ ਵਿਚ ਵੰਡ ਲਵਾਂਗੇ। ਜੇ ਫਿਲਮ (ਗਰਮ ਕੋਟ) ਸਫਲ ਰਹੀ ਤਾਂ ਘਟੋ ਘਟ ਇਸ ਸੰਸਥਾ ਰਾਹੀਂ ਇੱਜ਼ਤ ਦੀ ਰੋਟੀ ਖਾ ਸਕਾਂਗਾ ਅਤੇ ਸਾਲ ਵਿਚ ਇਕ ਦੋ ਫਿਲਮ ਕਥਾਵਾਂ ਆਦਿ ਲਿਖ ਕੇ ਆਰਾਮ ਨਾਲ ਸਾਹਿਤਕ ਕੰਮ ਕਰ ਸਕਾਂਗਾ। ਸ਼ਾਇਦ ਤੁਸੀਂ ਇਸ ਗੱਲ ਨੂੰ ਮੇਰਾ ਪਾਗਲਪਨ ਸਮਝੋ। ਪਰੰਤੂ ਪਿੱਛੇ ਹਟਣ ਵਾਲਾ ਮੈਂ ਵੀ ਨਹੀਂ ਹਾਂ। ਤੁਸੀਂ ਜਿਹੜਾ ਰਾਹ ਚੁਣਿਆ ਹੈ ਉਹ 'ਸ਼ਾਰਟ ਕਟ' ਹੈ ਮੇਰਾ 'ਲਾਂਗ ਕਟ' ਹੈ, ਪਰੰਤੂ ਰਾਹ ਜ਼ਰੂਰ ਹੈ।" ਇਸ ਤੋਂ ਸਿੱਧ ਹੁੰਦਾ ਹੈ ਕਿ ਸਾਹਿਤ ਰਚਨਾ ਦ੍ਰਿੜ-ਸੰਕਲਪੀ ਬੇਦੀ ਦੇ ਜੀਵਨ ਦਾ ਮੁੱਖ ਮੰਤਵ ਸੀ ਅਤੇ ਫਿਲਮਕਾਰੀ ਰੋਜ਼ੀ ਕਮਾਉਣ ਦਾ ਇਕ ਧੰਦਾ ਸੀ ਪਰੰਤੂ ਇਸ ਧੰਦੇ ਵਿਚ ਵੀ ਉਹ ਨਵੇਂ ਝੁਕਾ ਲੇ ਆਉਣਾ ਚਾਹੁੰਦਾ ਸੀ। ਬਲਵੰਤ ਗਾਰਗੀ ਨੇ ਆਪਣੀ ਅੰਗਰੇਜ਼ੀ ਪੁਸਤਕ 'ਨੇਕਿਡ ਟ੍ਰਾਈਐਂਗਲ' ਵਿਚ ਬੇਦੀ ਦੀ ਹੁਸਨ-ਪ੍ਰਸਤੀ ਅਤੇ ਇਸੇ ਕਾਰਣ ਉਸ ਦੇ ਘਰੇਲੂ ਝਗੜਿਆਂ ਦੀ ਅਤਿਕਥਨੀ ਭਰਪੂਰ ਗੱਲ ਲਿਖੀ ਹੈ। ਫਿਲਮੀ ਦੁਨੀਆ ਵਿਚ ਹੁਸਨ ਤੇ ਸ਼ਰਾਬ ਦੀ ਘਾਟ ਨਹੀਂ ਇਸ ਬਾਰੇ ਉਰਦੂ ਦੇ ਪ੍ਰਸਿਧ ਕਹਾਣੀਕਾਰ ਰਾਮ ਲਾਲ ਨੂੰ ਦਿੱਤੇ ਗਏ ਇਕ ਇੰਟਰਵਿਊ ਵਿਚ ਖ਼ੁਦ ਬੇਦੀ ਵੀ ਕਹਿੰਦਾ ਹੈ, "ਜਵਾਨ ਤੋਂ ਜਵਾਨ ਲੜਕੀਆ ਸਾਡੇ ਸਾਹਮਣੇ ਹੁੰਦੀਆਂ ਹਨ। ਲੋਕ ਆ ਕੇ ਕਹਿੰਦੇ ਹਨ ਇਸ ਲੜਕੀ ਨੂੰ ਅਵਸਰ ਦੇਵੋ। ਸਾਡੇ ਕੋਲ ਫਿਲਮਾਂ ਵਿਚ ਲੜਕੀਆ ਦੀ ਘਾਟ ਨਹੀਂ ਹੈ। ਕਿਸੇ ਦਾ ਹੱਥ ਫੜੋ ਤੇ ਕਿਤੇ ਵੀ ਲੈ ਜਾਓ। ਉਹ ਖ਼ੁਦ ਹੀ ਖੁੱਲ੍ਹੇ ਤੌਰ ਤੇ ਕਹਿ ਦੇਂਦੀਆਂ ਹਨ ਕਿ ਅਸੀਂ ਤੁਹਾਨੂੰ ਖ਼ੁਸ਼ ਕਰ ਦੇਵਾਂਗੀਆਂ।" ਪਰੰਤੂ ਬੇਦੀ "ਤਬਾਏ-ਸ਼ਾਇਰ ਕਾ ਵਤਨ ਇਸ ਕੇ ਸਿਵਾ ਔਰ ਨਹੀਂ" ਵਾਲੀ ਗੱਲ ਨਹੀਂ ਕਰਦਾ ਸੀ ਸਗੋਂ "ਸਮਸ਼ੀਰੋ-ਸਨਾਂ ਅੱਵਲ ਤਾਊਸ-ਓ-ਰਬਾਬ ਆਖਰ" ਅਨੁਸਾਰ ਇਕ ਮਰਦੇ-ਮੁਜਾਹਿਦ ਵਾਂਗ ਜੀਵਨ ਦੇ ਜਿਹਾਦ ਵਿਚ ਸ਼ਾਮਲ ਸੀ। ਦੂਜੇ ਸ਼ਬਦਾਂ ਵਿਚ ਉਸ ਨੂੰ ਚੰਮ ਨਹੀਂ ਸਗੋਂ ਕੰਮ ਪਿਆਰਾ ਸੀ। ਇਸੇ ਲਈ ਉਸ ਨੇ ਸਾਹਿਤਕਾਰੀ ਨੂੰ ਪਹਿਲੇ ਅਤੇ ਫਿਲਮਕਾਰੀ ਨੂੰ ਦੂਜੇ ਦਰਜੇ ਤੇ ਰਖਿਆ ਸੀ।

—ਡਾ. ਪ੍ਰੀਤਮ ਸੈਨੀ

ਉਰਦੂ ਵਿਅੰਗ

ਚਹਿਲ ਕਦਮੀ

ਮੁਜਤਬਾ ਹੁਸੈਨ

ਅਸਲ ਵਿਚ ਚਹਿਲ ਕਦਮੀ ਮਨੁੱਖ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਉਨਤੀ ਦਾ ਸੂਚਕ ਹੈ। ਆਦਿ ਮਨੁੱਖ ਪੈਦਲ ਚਲਦਾ ਸੀ। ਅਸੀਂ ਜਦੋਂ ਚਹਿਲਕਦਮੀ ਦੇ ਮੈਦਾਨ ਵਿਚ ਪੈਰ ਰੱਖਿਆ ਤਾਂ ਵੇਖਿਆ ਕਿ ਏਥੇ ਇਕ ਤੋਂ ਵੱਧ ਇਕ ਚਹਿਲਕਦਮੀ ਕਰਨ ਵਾਲੇ ਮੌਜੂਦ ਹਨ ਜੋ ਚਹਿਲਕਦਮੀ ਤਾ ਘੱਟ ਕਰਦੇ ਹਨ ਪਰ ਆਪਣੇ ਚੱਲਣ ਫਿਰਨ ਦੀ ਕਲਾ ਦਾ ਪ੍ਰਦਰਸ਼ਨ ਜ਼ਿਆਦਾ।

ਇਕ ਸਾਹਿਬ ਹਨ ਜੋ ਖ਼ੁਦ ਤਾਂ ਚਹਿਲਕਦਮੀ ਘੱਟ ਕਰਦੇ ਹਨ ਪਰ ਉਨ੍ਹਾਂ ਦੀ ਸੋਟੀ ਜ਼ਿਆਦਾ ਚਹਿਲਕਦਮੀ ਕਰਦੀ ਹੈ। ਉਹ ਹਰ ਕਦਮ ਤੋਂ ਬਾਅਦ ਆਪਣੀ ਸੋਟੀ ਨੂੰ ਹਵਾ ਵਿਚ ਲਹਿਰਾਅ ਕੇ ਧਰਤੀ ਤੇ ਰਖਦੇ ਹਨ, ਫੇਰ ਆਪਣਾ ਸਾਰਾ ਬੋਝ ਉਸ ਕਮਜ਼ੋਰ ਤੇ ਪਤਲੀ ਜਿਹੀ ਸੋਟੀ ਉਪਰ ਦੇ ਕੇ ਆਪਣੇ ਇਕ ਪੈਰ ਨੂੰ ਉਠਾ ਕੇ ਅੱਗੇ ਰਖਦੇ ਹਨ। ਇਸ ਤਰ੍ਹਾਂ ਚਹਿਲਕਦਮੀ ਕਰਨ ਦਾ ਇਕ ਲਾਭ ਇਹ ਹੁੰਦਾ ਹੈ ਕਿ ਚਲਣ ਵਾਲੇ ਦੇ ਪੈਰਾਂ ਨੂੰ ਰਤਾਵੀ ਠੇਸ ਨਹੀਂ ਪਹੁੰਚਦੀ ਬੇਸ਼ਕ ਹਰ ਦੂਜੇ ਤੀਜੇ ਮਹੀਨੇ ਇਕ ਸੋਟੀ ਜ਼ਰੂਰ ਟੁੱਟ ਜਾਂਦੀ ਹੈ।

ਅਸੀਂ ਜਦੋਂ ਸੁਬ੍ਹਾ ਸਵੇਰੇ ਚਹਿਲਕਦਮੀ ਵਾਸਤੇ ਨਿਕਲਦੇ ਹਾਂ ਤਾਂ ਇਕ ਹੋਰ ਸਾਹਿਬ ਮਿਲਦੇ ਹਨ ਜੋ ਆਪਣੇ ਕੁੱਤੇ ਦੇ ਪਿੱਛੇ ਪਿੱਛੇ ਚਹਿਲਕਦਮੀ ਕਰਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕੁੱਤਾ ਉਨ੍ਹਾਂ ਨੂੰ ਖਿੱਚ ਕੇ ਲਿਜਾਂਦਾ ਹੈ। ਅਜਿਹੇ ਮੌਕੇ ਤੇ ਇਹ ਪਤਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਉਹ ਕੁੱਤੇ ਦੇ ਮਾਲਿਕ ਹਨ ਜਾਂ ਕੁੱਤਾ ਉਨ੍ਹਾਂ ਦਾ ਮਾਲਿਕ ਹੈ ਕਿਉਂਕਿ ਅਸੀਂ ਤਾਂ ਹਮੇਸ਼ਾ ਹੀ ਕੁੱਤੇ ਨੂੰ ਉਨ੍ਹਾਂ ਦੇ ਅੱਗੇ ਚਲਦੇ ਹੋਏ ਵੇਖਿਆ ਹੈ। ਉਨ੍ਹਾਂ ਦਾ ਕੰਮ ਸਿਰਫ ਏਨਾ ਹੁੰਦਾ ਹੈ ਕਿ ਉਹ ਕੁੱਤੇ ਦੇ ਗਲ ਵਿਚ ਬੰਨ੍ਹੀ ਹੋਈ ਸੰਗਲੀ ਨੂੰ ਕਸਕੇ ਫੜੀ ਰੱਖਣ ਅਤੇ ਜਿੱਧਰ ਜਿੱਧਰ ਕੁੱਤਾ ਚਹਿਲਕਦਮੀ ਕਰੇ, ਉਹ ਵੀ ਉਸਦੇ ਪਿੱਛੇ ਪਿੱਛੇ ਚਹਿਲਕਦਮੀ ਕਰਦੇ ਜਾਣ।

ਅਸੀਂ ਉਨ੍ਹਾਂ ਨੂੰ ਇਕ ਦਿਨ ਸਮਝਾਇਆ "ਸ੍ਰੀਮਾਨ ਜੀ, ਤੁਸੀਂ ਆਪਣੇ ਤਾਕਤਵਰ ਕੁੱਤੇ ਨਾਲ ਚਹਿਲਕਦਮੀ ਕਰਨ ਨਿਕਲਦੇ ਹੋ ਇਹ ਠੀਕ ਨਹੀਂ ਲਗਦਾ ਕਿਉਂਕਿ ਇਸ ਸਾਰੀ ਚਹਿਲਕਦਮੀ ਦਾ ਤਾਂ ਕੁੱਤਾ ਲਾਭ ਉਠਾਉਂਦਾ ਹੈ ਅਤੇ ਤੁਸੀਂ ਸਿਰਫ ਮੂੰਹ ਵੇਖਦੇ ਤੇ ਪੂਛ ਹਿਲਾਉਂਦੇ ਰਹਿ ਜਾਂਦੇ ਹੋ। ਜੇਕਰ ਕੁੱਤੇ ਨਾਲ ਚਹਿਲਕਦਮੀ ਕਰਨਾ ਏਨਾ ਹੀ ਜ਼ਰੂਰੀ ਹੈ ਤਾਂ ਕੀ ਇਹ ਸੰਭਵ ਨਹੀਂ ਕਿ ਤੁਸੀਂ ਕੋਈ ਜੇਬੀ-ਕੁੱਤਾ ਪਾਲ ਲਵੋਂ।"

ਉਹ ਭਾਈ ਸਾਹਿਬ ਕਹਿਣ ਲੱਗੇ "ਜਨਾਬ ਮੈਂ ਚਹਿਲਕਦਮੀ ਇਸ ਲਈ ਕਰਦਾ ਹਾਂ ਕਿ ਇਹ ਕੁੱਤਾ ਮੈਨੂੰ ਖਿੱਚ ਕੇ ਲੈ ਜਾਂਦਾ ਹੈ, ਨਹੀਂ ਤਾਂ ਮੈਂ ਆਪਣੇ ਆਪ ਚੱਲਣ ਦੀ ਆਦਤ ਭੁੱਲ ਚੁੱਕਾ ਹਾਂ।"

ਅਤੇ ਹੁਣ ਅਸੀਂ ਕਈ ਦਿਨਾਂ ਤੋਂ ਵੇਖ ਰਹੇ ਹਾਂ ਕਿ ਉਨ੍ਹਾਂ ਦੀ ਸੇਹਤ ਤਾਂ ਦਿਨ-ਬ-ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ ਪਰ ਉਨ੍ਹਾਂ ਦਾ ਕੁੱਤਾ ਕਾਫੀ ਤੰਦਰੁਸਤ ਤੇ ਹੱਟਾ ਕੱਟਾ ਹੁੰਦਾ ਜਾ ਰਿਹਾ ਹੈ।

ਇਕ ਹੋਰ ਸਾਹਿਬ ਦਾ ਚਹਿਲਕਦਮੀ ਕਰਨ ਦਾ ਅੰਦਾਜ਼ ਬਿਲਕੁਲ ਵੱਖਰਾ ਹੈ। ਉਹ ਪਾਰਕ ਵਿਚ ਇਕ ਨਿਸ਼ਚਤ ਸਥਾਨ ਤੇ ਪਹੁੰਚ ਕੇ 20 ਫੁੱਟ ਦੀ ਲੰਬਾਈ ਵਿਚ ਏਧਰ ਤੋਂ ਓਧਰ ਚਹਿਲਕਦਮੀ ਕਰਨਾ ਸ਼ੁਰੂ ਕਰ ਦਿੰਦੇ ਹਨ। ਵੈਸੇ ਤਾਂ ਪਾਰਕ ਬੜਾ ਲੰਬਾ ਹੈ ਪਰ ਉਹ 20 ਫੁੱਟ ਦੀ ਲੰਬਾਈ ਤੋਂ ਅੱਗੇ ਨਹੀਂ ਜਾਣਾ ਚਾਹੁੰਦੇ। ਅੱਧੇ ਮਿੰਟ ਵਿਚ 20 ਫੁੱਟ ਦਾ ਫਾਸਲਾ ਤਹਿ ਕਰਕੇ ਫੇਰ ਉਸੇ ਰਸਤੇ ਤੇ ਵਾਪਸ ਆ ਜਾਂਦੇ ਹਨ ਅਤੇ ਫੇਰ ਦੂਜੇ ਸਿਰੇ ਤੇ ਪਹੁੰਚ ਕੇ ਪੁੱਠੇ ਪੈਰੀਂ ਵਾਪਸ ਆ ਜਾਂਦੇ ਹਨ ਇਉਂ ਲਗਦਾ ਹੈ ਜਿਵੇਂ ਉਹ ਚਹਿਲਕਦਮੀ ਨਾ ਕਰਕੇ ਚੱਲਣ ਫਿਰਨ ਦਾ ਪਾਠ ਦੁਹਰਾਅ ਰਹੇ ਹੋਣ।

ਚਹਿਲਕਦਮੀ ਅਮੀਰ ਗਰੀਬ ਦੋਵੇਂ ਕਰਦੇ ਹਨ। ਗਰੀਬ ਜਦੋਂ ਚਹਿਲਕਦਮੀ ਕਰਦਾ ਹੈ ਤਾਂ ਇਸ ਸਿਲਸਿਲੇ ਵਿਚ ਉਹ ਆਪਣੇ ਪੈਰਾਂ ਦੀ ਸਹਾਇਤਾ ਲੈਂਦਾ ਹੈ ਪਰ ਅਮੀਰ ਆਦਮੀ ਦੀ ਚਹਿਲਕਦਮੀ ਰਤਾ ਹੋਰ ਢੰਗ ਦੀ ਹੁੰਦੀ ਹੈ। ਸਾਡੇ ਇਕ ਲੱਖਪਤੀ ਮਿੱਤਰ ਜਦੋਂ ਚਹਿਲਕਦਮੀ ਵਾਸਤੇ ਨਿਕਲਦੇ ਹਨ ਤਾਂ ਉਨ੍ਹਾਂ ਦੇ ਪਿੱਛੇ ਪਿੱਛੇ ਉਨ੍ਹਾਂ ਦੀ ਕਾਰ ਵੀ ਚਹਿਲਕਦਮੀ ਕਰਦੀ ਰਹਿੰਦੀ ਹੈ ਤਾਂ ਕਿ ਜਦੋਂ ਵੀ 'ਸਾਹਿਬ' ਚਹਿਲਕਦਮੀ ਕਰਦੇ ਕਰਦੇ ਥੱਕ ਜਾਣ ਤਾਂ ਕਾਰ ਵਿਚ ਸਵਾਰ ਹੋ ਜਾਣ।

ਇਕ ਹੋਰ ਆਦਮੀ ਹੈ ਜੋ ਜਦੋਂ ਚਹਿਲਕਦਮੀ ਲਈ ਨਿਕਲਦਾ ਹੈ ਤਾਂ ਇਕ ਨੌਕਰ ਛਤਰੀ ਫੜ ਕੇ ਉਨ੍ਹਾਂ ਦੇ ਸਿਰ ਤੇ ਰਖਦਾ ਹੈ। ਦੂਜਾ ਨੌਕਰ ਦੁੱਧ ਦਾ ਗਿਲਾਸ ਹੱਥ ਵਿਚ ਲੈ ਕੇ ਨਾਲ ਨਾਲ ਤੁਰਦਾ ਹੈ। ਤੀਜਾ ਨੌਕਰ ਉਨ੍ਹਾਂ ਦੇ ਅੱਗੇ ਅੱਗੇ ਚੱਲ ਕੇ ਰਸਤੇ ਵਿਚ ਪਏ ਹੋਏ ਪੱਥਰਾਂ ਨੂੰ ਹਟਾਉਂਦਾ ਜਾਂਦਾ ਹੈ ਤਾਂ ਕਿ ਮਾਲਕ ਦੀ ਚਹਿਲਕਦਮੀ ਚੋਟ ਲੱਗ ਕੇ ਜ਼ਖਮੀ ਨਾ ਹੋ ਜਾਵੇ।

ਅਸੀਂ ਇਕ ਸਾਲ ਤੋਂ ਬੜੀ ਪਾਬੰਦੀ ਨਾਲ ਚਹਿਲਕਦਮੀ ਵਾਸਤੇ ਜਾਂਦੇ ਹਾਂ। ਸਾਨੂੰ ਇਹ ਤਾਂ ਪਤਾ ਨਹੀਂ ਕਿ ਇਸ ਨਾਲ ਸਾਡੇ ਸਰੀਰ ਅਤੇ ਸਿਹਤ ਉਤੇ ਕੀ ਅਸਰ ਹੋਇਆ ਹੈ ਪਰ ਏਨਾ ਜ਼ਰੂਰ ਜਾਣਦੇ ਹਾਂ ਕਿ ਇਕ ਸਾਲ ਪਹਿਲਾਂ ਨਾਲੋਂ ਹੁਣ ਸਾਡੀ ਆਮ ਜਾਣਕਾਰੀ ਵਿਚ ਬੇਹੱਦ ਵਾਧਾ ਹੋਇਆ ਹੈ ਅਤੇ ਹੁਣ ਤਾਂ ਅਸੀਂ ਅਖ਼ਬਾਰ ਖਰੀਦਣਾ ਅਤੇ ਪੜ੍ਹਨਾ ਵੀ ਛੱਡ ਦਿੱਤਾ ਹੈ।

ਪੂਨਮ ਢਿਲੋਂ



ਪੂਨਮ ਢਿਲੋਂ

ਪੂਨਮ ਢਿਲੋਂ ਪਿਛਲੇ ਦਸ ਵਰਿਆਂ ਤੋਂ ਹਿੰਦੀ ਫਿਲਮਾਂ ਵਿਚ ਕੰਮ ਕਰ ਰਹੀ ਹੈ ਪਰ ਅਜੇ ਤੱਕ ਉਸਨੂੰ ਕਾਮਯਾਬੀ ਜਾਂ ਮੰਜ਼ਿਲ ਨਹੀਂ ਮਿਲੀ ਜਿਸ ਦੀ ਲੋੜ ਹੈ। ਪੂਨਮ ਨੂੰ ਅਜੇ ਵੀ ਬੀ ਗਰੇਡ ਦੀ ਹੀਰੋਇਨ ਸਮਝਿਆ ਜਾਂਦਾ ਹੈ ਅਤੇ ਪ੍ਰੋਡਿਊਸਰ ਹੀਰੋਇਨ ਵਜੋਂ ਸਾਇਨ ਕਰਦਿਆਂ ਹਿਚਕਿਚਾਉਂਦੇ ਹਨ ਕਿਉਂਕਿ ਫਿਲਮਾਂ ਵਿਚ ਉਸਦੀ ਮੰਗ ਨਹੀਂ ਹੈ। ਫਿਲਮ ਲਾਈਨ ਵਿਚ ਉਸ ਤੋਂ ਬਾਅਦ ਆਈਆਂ ਮੀਨਾਕਸ਼ੀ ਸ਼ੇਸ਼ਾਦਰੀ ਕਿਮੀ ਕਾਟਕਰ ਨੀਲਮ ਮੰਦਾਕਿਨੀ ਸੋਨਮ ਅਤੇ ਫਰਾਹ ਵਰਗੀਆਂ ਨਵੀਆਂ ਕੁੜੀਆ ਥੋੜੇ ਚਿਰ ਵਿਚ ਹੀ ਕਿਥੋਂ ਕਿਥੇ ਤੱਕ ਜਾ ਪੁਜੀਆਂ ਹਨ।

ਵੇਖਿਆ ਜਾਵੇ ਤਾਂ ਖੂਬਸੂਰਤੀ ਦੇ ਮਾਮਲੇ ਵਿਚ ਉਹ ਪੂਨਮ ਦੇ ਸਾਹਮਣੇ ਕਿਤੇ ਨਹੀਂ ਟਿਕਦੀਆਂ ਪਰ ਆਪਣੀ ਸੈਕਸੀ ਇਮੇਜ ਅਤੇ ਗਲੈਮਰ ਦੇ ਜ਼ੋਰ ਤੇ ਉਹ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ ਤੇ ਕਈ ਕਈ ਫਿਲਮਾਂ ਉਹਨਾਂ ਦੀ ਝੋਲੀ ਵਿਚ ਹਨ। ਕਿਮੀ ਕਾਟਕਰ ਅਤੇ ਮੰਦਾਕਿਨੀ ਨੇ ਫਿਲਮਾਂ ਵਿਚ ਖੁਲ ਕੇ ਅੰਗ ਪ੍ਰਦਰਸ਼ਨ ਕੀਤਾ ਹੈ ਜਿਸ ਕਰਕੇ ਉਹਨਾਂ ਤੇ ਸੈਕਸ ਸਿੰਬਲ ਦਾ ਲੇਬਲ ਲੱਗ ਗਿਆ ਹੈ। ਲੋਕੀ ਵੀ ਉਹਨਾਂ ਨੂੰ ਸਤੀ ਸਵਿਤਰੀ ਦੇ ਰੋਲ ਵਿਚ ਦੇਖਣਾ ਪਸੰਦ ਨਹੀਂ ਕਰਦੇ।

ਦੂਜੇ ਪਾਸੇ ਪੂਨਮ ਢਿਲੋਂ ਨੇ ਵੀ ਫਿਲਮਾਂ ਵਿਚ ਚੁੰਮਣ ਦ੍ਰਿਸ਼ ਸੈਕਸੀ ਦ੍ਰਿਸ਼ ਅਤੇ ਰੇਪ ਸੀਨ ਦੇਣ ਲਈ ਕੋਈ ਕਸਰ ਨਹੀਂ ਛੱਡੀ ਪਰ ਫਿਰ ਵੀ ਉਸਦੀ ਇਮੇਜ ਸੈਕਸੀ ਹੀਰੋਇਨ ਕਦੇ ਨਹੀਂ ਬਣੀ। ਉਸਦੇ ਖਿੜੇ ਹੋਏ ਮੁਖੜੇ ਤੇ ਅਜੇ ਵੀ ਬਚਪਨਾ ਨਜ਼ਰ ਆਉਂਦਾ ਹੈ। ਜਿਸਦਾ ਲਾਭ ਉਸਨੂੰ ਹਮੇਸ਼ਾ ਮਿਲਦਾ ਹੈ ਅਤੇ ਅੱਗੇ ਵੀ ਮਿਲਦਾ ਰਹੇਗਾ।

ਪੂਨਮ ਢਿਲੋਂ ਨੇ ਆਪਣੀ ਪਹਿਲੀ ਫਿਲਮ ਤ੍ਰਿਸ਼ੂਲ ਵਿਚ ਸਵਿੰਮਿਗ ਸੂਟ ਪਾ ਕੇ ਨਹਾਉਣ ਦੇ ਕਈ ਸੈਕਸੀ ਦ੍ਰਿਸ਼ ਦਿੱਤੇ ਸਨ। ਉਸ ਤੋਂ ਬਾਅਦ ਫਿਲਮ ਰੈਡ ਰੋਜ਼ ਵਿਚ ਰਾਜੇਸ਼ ਖੰਨਾ ਨਾਲ ਉਸਦੇ ਕਈ ਉਤੇਜਨਾ ਭਰਪੂਰ ਸੀਨ ਸੀ। ਹੌਲੀ ਹੌਲੀ ਪੂਨਮ ਢਿਲੋਂ ਨੇ ਮਹਿਸੂਸ ਕੀਤਾ ਕਿ ਜ਼ਰੂਰਤ ਤੋਂ ਵੱਧ ਸੈਕਸੀ ਦ੍ਰਿਸ਼ ਦੇਣਾ ਉਸਦੇ ਕੈਰੀਅਰ ਲਈ ਠੀਕ ਨਹੀਂ ਹਨ। ਇਸ ਕਰਕੇ ਕਈ ਪ੍ਰੋਡਿਊਸਰਾਂ ਦੀਆਂ ਨਜ਼ਾਇਜ਼ ਮੰਗਾਂ ਨੂੰ ਉਹਨਾਂ ਠੁਕਰਾ ਦਿੱਤਾ। ਨਤੀਜਾ ਇਹ ਨਿਕਲਿਆ ਕਿ ਹੀਰੋਇਨ ਦੇ ਰੋਲ ਮਿਲਣੇ ਉਸਨੂੰ ਬੰਦ ਹੋ ਗਏ ਤੇ ਉਹ ਸਾਈਡ ਹੀਰੋਇਨ ਬਣ ਕੇ ਰਹਿ ਗਈ। ਇਸ ਦੌਰਾਨ ਉਸਦੀ ਜਿਹੜੀ ਵੀ ਫਿਲਮ ਆਈ ਉਹ ਕੁਲ ਮਿਲਾ ਕੇ ਫਲਾਪ ਸਾਬਤ ਹੋਈ। ਪੂਨਮ ਨੂੰ ਆਪਣਾ ਫਿਲਮੀ ਕੈਰੀਅਰ ਹਿਲਦਾ ਨਜ਼ਰ ਆਉਣ ਲੱਗਾ। ਹਾਰ ਕੇ ਉਸਨੇ ਆਪਣਾ ਵਤੀਰਾ ਬਦਲ ਲਿਆ ਤੇ ਅੰਦਰੋਂ


→

ਪੰਜਾਬ ਮਸਲਾ

ਅੰਦਰਖਾਨੇ ਪੱਕ ਰਹੀ ਖਿਚੜੀ ਬਾਹਰ ਲਿਆਓ ਅਤੇ ਪੰਜਾਬ ਮਸਲੇ ਦਾ ਹੱਲ ਕਰੋ ਨਹੀਂ ਤਾਂ.......

● ਬੇਦੋਸ਼ਿਆਂ ਦੇ ਕਤਲ ਵਧਦੇ ਰਹਿਣਗੇ, ਜਿਸ ਤਰਾਂ ਰੋਡੇ ਤੇ ਹੋਰਨਾਂ ਦੀ ਰਿਹਾਈ ਪਿਛੋਂ ਦੇ ਦਿਨਾਂ ਵਿਚ ਵੱਧ ਰਹੇ ਹਨ ● ਅੱਤਵਾਦੀਆਂ ਦੀ ਚੜ੍ਹ ਹੋਰ ਮਚੇਗੀ, ਜਿਸ ਦਾ ਸਬੂਤ ਨਵੀਂ ਹਿਜਰਤ ਤੋਂ ਵੀ ਮਿਲਦਾ ਹੈ ਅਤੇ ਅੱਤਵਾਦੀ ਸਫਾਂ ਵਿਚ ਨਵੀਂ ਪਨੀਰੀ ਦੀ ਭਰਤੀ ਤੋਂ ਵੀ ● ਰਾਜ ਪ੍ਰਬੰਧ ਦੀ ਮਸ਼ੀਨਰੀ ਤਕੜੀ ਹੋਣ ਵੱਲ ਜਾਣ ਦੀ ਥਾਂ ਦਿਨੋ ਦਿਨ ਤਿੜਕਣ ਵੱਲ ਜਾਏਗੀ ਅਤੇ ਭ੍ਰਿਸ਼ਟਾਚਾਰ ਨਵੀਆਂ ਹੱਦਾਂ ਛੋਹੇਗਾ ● ਕੇਂਦਰ ਬਾਰੇ ਇਹ ਪ੍ਰਭਾਵ ਫੇਰ ਵਧੇਗਾ ਕਿ ਇਹ ਠੱਗੀ ਤੇ ਚਾਲਾਕੀ ਤੋਂ ਕੰਮ ਲੈਂਦਾ ਹੈ ● ਇਹ ਰੋਡੇ ਵਾਲੀ ਕਾਠ ਦੀ ਹਾਂਡੀ ਸਿਰੇ ਨਹੀਂ ਚੜ੍ਹਨੀ।

—ਜਗਜੀਤ ਸਿੰਘ ਆਨੰਦ—



ਜਗਜੀਤ ਸਿੰਘ ਆਨੰਦ

ਤਰਨਤਾਰਨ ਤੋਂ ਸਿਆਸਤ ਨਾਲ ਸਰੋਕਾਰ ਨਾ ਰੱਖਣ ਵਾਲੇ ਇਕ ਮਿੱਤਰ ਨੇ ਲਿਖਿਆ ਹੈ:—

"ਪੰਜਾਬ ਨਾਲ ਇਕ ਵਾਰ ਫੇਰ ਠੱਗੀ ਕੀਤੀ ਜਾ ਰਹੀ ਹੈ। ਇਸ ਨੂੰ ਚਿਟੇ ਦਿਨ ਕੱਟੜਵਾਦੀਆਂ ਅੱਗੇ ਬੰਨ੍ਹ-ਰੁੰਨ ਕੇ ਚੀਰ ਫਾੜ ਕਰਨ ਲਈ ਸੁਟਿਆ ਜਾ ਰਿਹਾ ਹੈ। ਸਮੂਹਕ ਸਲਾਹ ਮਸ਼ਵਰੇ ਨਾਲ ਜਮਹੂਰੀ ਹੱਲ ਲਭਣ ਦੀ ਬਜਾਏ ਅੰਦਰੋ ਅੰਦਰੀ ਖੂਨੀ ਅੱਤਵਾਦੀਆਂ ਨਾਲ ਬੁਕਲ ਵਿਚ ਰੋੜੀ ਭੰਨਣ ਦੀ ਕੋਸ਼ਿਸ਼ ਫੇਰ ਚਾਲਾਕੀ ਨਾਲ ਕੀਤੀ ਜਾ ਰਹੀ ਹੈ। ਜਾਪਦਾ ਹੈ ਹਾਲੇ ਕੁਝ ਚਿਰ ਹੋਰ ਪੰਜਾਬ ਨੂੰ ਕਰੜੇ ਦਿਨ ਦੇਖਣੇ ਪੈਣਗੇ।"

ਫਰੀਦਕੋਟ ਵਿਚ ਪੰਦਰਾਂ ਵਾਲੇ ਬੇਮਿਸਾਲ ਬੰਦ ਸਮੇਂ ਡਾਗਾਂ ਦੀ ਕੜਕੁੱਟ ਤੇ ਤਿੰਨ ਦਿਨਾਂ ਦੀ ਹਵਾਲਾਤ ਬੰਦੀ ਤੋਂ ਮੁੜੇ ਖੇਤ ਮਜ਼ਦੂਰ ਸਭਾ ਦੇ ਇਕ ਮੋਹਰੀ ਨੇ ਦੱਸਿਆ ਹੈ:—

"ਸਾਡੇ ਜ਼ਿਲੇ ਵਿਚ ਏ ਕੇ-47 ਵਾਲੇ ਹਰਲ ਹਰਲ ਕਰਦੇ ਫਿਰਦੇ ਹਨ। ਜ਼ਿਲਾ ਪੁਲਸ ਦਾ ਹੈਂਕੜ ਖੋਰ ਮੁੱਖੀ ਮੈਨੂੰ ਤਾਂ ਧਮਕੀਆਂ ਦੇਂਦਾ ਹੈ ਕਿ ਜਿਥੇ ਚਾਲੀ ਸਾਲ ਪਹਿਲਾਂ ਪੁਚਾਏ ਹਨ ਉਥੇ ਇਕਤਾਲੀਵਾਂ ਤੈਨੂੰ ਬਣਾ ਦਿਆਂਗਾ ਪਰ ਇਹਨਾਂ ਨਵੀਆਂ ਗੰਨਾਂ ਵਾਲਿਆ ਸਾਹਮਣੇ ਖੰਘਦਾ ਨਹੀਂ। ਹਾਂ ਦੋਹੀਂ ਹਥੀਂ ਲੁਟ ਮਚਾਉਣ ਵਿਚ ਸ਼ੇਰ ਹੈ.......

"ਬਾਦਲ ਦਾ ਸੀਨੀਅਰ ਆਗੂ ਕਹਿਦਾ ਹੈ: "ਕਾਮਰੇਡ ਅਸੀਂ ਤਾਂ ਰੇਤ ਦੇ ਟਿਬਿਆਂ ਵਿਚ ਗੋਡੇ ਭੰਨਾ ਰਹੇ ਹ ਾਂ ਸਾਡੀ ਕੋਈ ਪੁਛ ਪਰਤੀਤ ਨਹੀਂ ਰਹੀ। ਤੁਸੀਂ ਬੜਾ ਲਹੂ ਦਿੱਤਾ ਹੈ ਹੁਣ ਚਾਰ ਦਿਨ ਲਾਂਭੇ ਹੋ ਜਾਹ.......

"ਇਹ ਹਿੰਦੂ ਪੁਲਸ ਇਸਪੈਕਟਰ (ਜੋ ਘੱਟ ਗਿਣਤੀ ਭਾਈਚਾਰੇ ਵਿਚੋਂ ਹੈ) ਘਰ ਚਾਹ ਪੀਣ ਦੇ ਬਹਾਨੇ ਆਉਂਦਾ ਹੈ ਤੇ ਆਖਦਾ ਹੈ: 'ਹੁਣ ਅਸੀਂ ਕਿਧਰ ਜਾਈਏ ਕੀ ਪਤਾ ਕਲ ਨੂੰ ਸਿਮਰਨਜੀਤ ਜਾਂ ਹਰਚਰਨ ਸਿਘ ਰੋਡੇ ਹੀ ਮੁੱਖ ਮੰਤਰੀ ਬਣ ਕੇ ਆ ਜਾਏ!"

ਜਿਸ ਬਸ ਵਿਚ ਸਫਰ ਕਰਕੇ ਇਹ ਸਾਥੀ ਜਲੰਧਰ ਪੁਜਾ ਉਸ ਵਿਚ ਰੋਡਿਆਂ ਤੋਂ ਮੁੜਦੀਆਂ ਸਵਾਰੀਆਂ ਵੀ ਸਨ। ਉਹਨਾਂ ਦੀਆਂ ਆਪਸੀ ਗੱਲਾਂ ਕੀ ਸਨ?

ਪਹਿਲੀ : ਸੌਦਾ ਅੰਦਰੇ ਅੰਦਰ ਜ਼ਰੂਰ ਵੱਜਾ ਹੈ। ਇਸ ਲਈ ਭਾਈ ਜਸਬੀਰ ਸਿੰਘ ਖਾਲਿਸਤਾਨ ਤੋਂ ਉਰਾਂ ਦੀ ਗੱਲ ਕਰਦਾ ਹੈ।"

ਦੂਜੀ : ਰਾਜੀਵ ਦੀ ਮਾਂ ਨੇ ਭਿੰਡਰਾਂਵਾਲਾ ਮਰਵਾਇਆ ਹੁਣ ਪੁਤਰ ਭਿੰਡਰਾਂ ਕੇ ਟੱਬਰਾਂ ਦਾ ਹੀ ਘਰ ਭਰਨਾ ਚਾਹੁੰਦਾ ਏ। ਇਹ ਨਵਾਂ ਸਿੰਘ ਸਾਹਿਬ ਖੁਲ੍ਹ ਕੇ ਗੱਲ ਨਹੀਂ ਕਰਦਾ। ਪਰ ਵਿਚੋਂ ਕੋਈ ਰਾਜੀਵੰਦਾ ਜ਼ਰੂਰ ਏ।"

ਤੀਜੀ : ਕੰਮ ਇਸ ਤੋਂ ਵੀ ਨਹੀਂ ਬਨਣਾ। ਭਲਾ ਆਪਣੇ ਨਾਲ ਦੇ ਮੁੰਡਿਆਂ ਨੂੰ ਤਾਂ ਰਾਸ ਕਰ ਲਏਗਾ ਉਹਨਾਂ ਦਾ ਕੀ ਕਰੂ ਜਿਹੜੇ ਖਾਲਿਸਤਾਨ ਤੋਂ ਘੱਟ ਗੱਲ ਸੁਣਨ ਲਈ ਤਿਆਰ ਹੀ ਨਹੀਂ। ਉਹਨਾਂ ਦੇ ਵਡਿੱਕੇ ਬਾਹਰ ਬੈਠੇ ਹਨ ਜਦੋਂ ਇਸ਼ਾਰਾ ਕੀਤਾ ਇਹਦਾ ਘੱਗਾ ਇਹ ਚਿਤ ਕਰ ਦੇਣਗੇ।"

ਸਵਾਰੀਆਂ ਦੀ ਸੁਰ ਵਖੋ ਵਖਰੀ ਸੀ ਪਰ ਗੱਲਾਂ ਦਾ ਸਾਰ ਇਕੋ ਸੀ। ਸੱਭ ਨੂੰ ਦਾਲ ਵਿਚ ਕੁਝ ਕਾਲਾ ਕਾਲ ਲਗਦਾ ਸੀ ਤੇ ਤਾਣ ਇਥੇ ਮੁਕਦੀ ਸੀ ਕਿ ਗੱਲ ਰੋਡਿਆਂ ਵਾਲੇ ਕੋਲੋਂ ਵੀ ਨਹੀਂ ਬਣਨੀ।

ਹੋਰਨਾ ਪਾਸਿਆਂ ਤੋਂ ਕੀ ਆਵਾਜ਼ਾਂ ਆ ਰਹੀਆਂ ਹਨ ?

"ਦਿੱਲੀ ਵਾਲੀ ਸਰਕਾਰ ਦੀ ਨੀਤ ਠੀਕ ਨਹੀਂ। ਇਕ ਪਾਸੇ ਅਕਾਲ ਤਖਤ ਅੱਤਵਾਦੀਆਂ ਨੂੰ ਸੌਂਪ ਦਿੱਤਾ ਦੂਸਰੇ ਪਾਸੇ ਐਮਰਜੈਂਸੀ ਲਾਉਣ ਦਾ ਪ੍ਰਬੰਧ ਕਰ ਲਿਆ। ਪਰ ਪੰਜਾਬ ਦੀਆਂ ਮੰਗਾਂ ਵੱਲ ਮੂੰਹ ਨਹੀਂ ਕਰਦੇ।" ਲੁਧਿਆਣੇ ਦਾ ਇਕ ਛੋਟਾ ਜਿਹਾ ਕਰਮਚਾਰੀ ਆਖ ਰਿਹਾ ਸੀ।

"ਜਦੋਂ ਤੱਕ ਪੰਜਾਬ ਦਾ ਮਾਮਲਾ ਨਿਪਟਾਉਣ ਲਈ ਕੁਝ ਨਹੀਂ ਕੀਤਾ ਜਾਂਦਾ ਹਾਲਤ ਸੌਰੇਗੀ ਕਿਵੇਂ ?

ਜੋਧਪੁਰ ਦੇ ਚਾਲੀ ਤਾਂ ਛੱਡ ਦਿੱਤੇ ਪਰ ਦਿੱਲੀ ਦੇ ਦੰਗਿਆਂ ਵਾਲਿਆਂ ਵਿਰੁਧ ਕੋਈ ਕਾਰਵਾਈ ਨਹੀਂ। ਹੋਰ ਤਾਂ ਹੋਰ ਖੁਦ ਸਰਕਾਰ ਦੇ ਕਮਿਸ਼ਨ ਵਲੋਂ ਦੋਸ਼ੀ ਠਹਿਰਾਏ ਗਏ ਸਜਣ ਕੁਮਾਰ ਵਿਰੁਧ ਇਕ ਉਂਗਲੀ ਤੱਕ ਨਹੀਂ ਹਿਲਾਈ।" ਪੰਜਾਬੀ ਸਾਹਿਤ ਅਕਾਦਮੀ ਦੀਆਂ ਚੋਣਾਂ ਦੇ ਕਾਗਜ਼ਾਂ ਦੀ ਪੜਤਾਲ ਮੌਕੇ ਚੰਡੀਗੜ੍ਹ ਤੋਂ ਆਇਆ ਇਕ ਉਦਾਰ ਵਿਚਾਰਾਂ ਵਾਲਾ ਬੁਧੀਜੀਵੀ ਆਖ ਰਿਹਾ ਸੀ।

ਜਦੋਂ ਖਲਕ ਦੀ ਆਵਾਜ਼ ਇਹ ਹੈ ਖੁਦਾ ਕੀ ਬੋਲ ਰਿਹਾ ਹੈ।

ਪ੍ਰਧਾਨ ਮੰਤਰੀ ਰਾਜੀਵ ਸਾਹਿਬ ਫਰਮਾ ਰਹੇ ਹਨ : "ਜਦੋਂ ਵੀ ਪੰਜਾਬ ਦਾ ਮਸਲਾ ਹੱਲ ਕਰਨ ਲਈ ਕੋਈ ਹਾਂ ਪੱਖੀ ਕਦਮ ਚੁਕਿਆ ਜਾਂਦਾ ਹੈ ਨਾਂਹ ਪੱਖੀ ਕਾਰਵਾਈਆਂ ਸ਼ੁਰੂ ਹੋ ਜਾਂਦੀਆਂ ਹਨ। ਹੁਣ ਵੀ ਅਸੀਂ ਇਹੋ ਕੁਝ ਵੇਖ ਰਹੇ ਹਾਂ।"

ਪਰ ਅਸੀਂ ਪੁਛਦੇ ਹਾਂ ਕਿ ਵਿਰੋਧੀਆਂ ਨੂੰ ਕੀ ਆਪਣਿਆਂ ਨੂੰ ਵੀ ਭਰੋਸੇ ਵਿਚ ਲਏ ਬਗੈਰ ਅੱਤਵਾਦੀਆਂ ਦੇ ਥਾਪੇ ਸਿੰਘ ਸਾਹਿਬਾਨ ਦੀ ਰਿਹਾਈ ਕੀ ਕੋਈ ਹਾਂ ਪੱਖੀ ਕਦਮ ਹੈ। ਉਹਨਾਂ ਨੂੰ ਹੀ ਅਕਾਲ ਤਖਤ ਆਪ ਸੌਂਪ ਦਿੱਤਾ ਜਿਹਨਾਂ ਕੋਲੋਂ ਛੁਡਵਾਉਣ ਲਈ ਉਪਰੇਸ਼ਨ ਬਲੂ ਸਟਾਰ ਕੀਤਾ ਗਿਆ ਸੀ। ਅੱਤਵਾਦੀਆਂ ਦੇ ਸਰਬੱਤ ਖਾਲਸੇ ਵਲੋਂ ਸਾਜੇ ਸਿੰਘ ਸਾਹਿਬਾਨ ਛੱਡੇ ਤਾਂ ਗਏ ਪਰ ਗਵਰਨਰ ਰੇਅ ਉਹਨਾਂ ਦੇ ਸਵਾਗਤ ਲਈ ਹਵਾਈ ਅੱਡੇ ਉੱਤੇ ਕਿਉਂ ਗਿਆ? ਇਹ ਠੀਕ ਹੈ ਕਿ ਬਰਨਾਲਾ ਹਾਲਾਤ ਨਾਲ ਨਿਪਟ ਨਾ ਸਕਿਆ ਤੇ ਬਾਦਲ ਨੇ ਰੱਬ ਨਾਲੋਂ ਘਸੁੰਨ ਨੇੜੇ ਸਮਝ ਕੇ ਪੈਰ ਨਾ ਲਾਏ ਪਰ ਕੀ ਪੰਜਾਬ ਭਿੰਡਰਾਂਵਾਲੇ ਖਾਨਦਾਨ ਦੇ ਹਵਾਲੇ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ ?

ਸਾਰੇ ਅਕਾਲੀ ਧੜਿਆਂ ਨੂੰ ਹਾਲ ਦੀ ਘੜੀ ਫਾਲਤੂ ਮਾਲ ਬਣਾ ਕੇ ਦਿੱਲੀ ਦੇ ਹਾਕਮ ਪਏ ਕੱਛਾਂ ਵਜਾਉਣ ਸ਼੍ਰੋਮਣੀ ਕਮੇਟੀ ਦੀ ਹਾਲਤ ਹਾਸੋਹੀਣੀ ਬਣਾ ਕੇ ਉਹ ਲੱਗੇ ਤਸਲੀਆਂ ਆਪਣੇ ਆਪ ਨੂੰ ਦੇਣ। ਪਰ ਅਸਲ ਵਿਚ ਉਹਨਾ ਨੇ ਜਮਹੂਰੀਅਤ ਦੇ ਅਮਲ ਦੀਆਂ ਜੜ੍ਹਾਂ ਉੱਤੇ ਕੁਹਾੜਾ ਚਲਾਇਆ ਹੈ।

ਮੁਨੀ ਜੀ ਕੀ ਮਰਾਤਬਾ ਰੱਖਦੇ ਹਨ

ਨਹੀਂ ਤਾਂ ਭਲਾ ਰਾਜੀਵ ਸਾਹਿਬ ਦੱਸਣ ਕੀ ਪਾਰਲੀਮੈਂਟਰੀ ਪ੍ਰੰਪਰਾਵਾਂ ਵਿਚ ਇਹ ਜੈਨ ਮੁਨੀ ਸੁਸ਼ੀਲ ਕੁਮਾਰ ਜੀ ਕੀ ਮਰਾਤਬਾ ਰੱਖਦੇ ਹਨ ? ਕੀ ਧਰਮ ਤੇ ਸਿਆਸਤ ਨੂੰ ਵੱਖ ਵੱਖ ਰਖਣ ਤੇ ਸਿਆਸਤ ਵਿਚੋਂ ਧਾਰਮਕ ਦਖਲ ਖਤਮ ਕਰਨ ਦਾ ਇਹੋ ਰਾਹ ਹੈ ? ਪਾਰਲੀਮੈਂਟ ਦੇ ਵਿਰੋਧੀ ਬੈਂਚਾਂ ਉੱਤੇ ਬੈਠੇ ਆਗੂਆਂ ਤੇ ਪਰਵਾਨਤ ਕੌਮੀ ਪਾਰਟੀਆਂ ਦੇ ਮੋਹਰੀਆਂ ਨਾਲ ਮਨ ਸਾਂਝਾ ਕਰਨ ਤੇ ਰਲਵੇਂ ਯਤਨਾਂ ਰਾਹੀਂ ਸਹਿਮਤੀ ਵਾਲਾ ਹੱਲ ਲਭਣ ਤੋਂ ਇਨਕਾਰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਤਕੜਿਆਂ ਕਰਦਾ ਹੈ ਜਾਂ ਢਾਹ ਲਾਉਂਦਾ ਹੈ ?

ਸਾਡੀ ਰਾਏ ਹੁਣ ਵੀ ਸਪਸ਼ਟ ਹੈ :—

● ਪੰਜਾਬ ਦੇ ਖਲੋਤੇ ਮਸਲੇ ਲਟਕਾਓ ਨਾ ਸਭਨਾਂ ਧਿਰਾਂ ਦੀ ਸਲਾਹ ਨਾਲ ਨਿਪਟਾਓ।

● ਅੰਦਰਖਾਨੇ ਜੋ ਖਿਚੜੀ ਪਕਾਈ ਹੈ ਉਸਨੂੰ ਬਾਹਰ ਲਿਆਓ। ਨਹੀਂ ਤਾਂ :—

● ਬੇਦੋਸ਼ਿਆਂ ਦੇ ਕਤਲ ਵਧਦੇ ਰਹਿਣਗੇ ਜਿਸ ਤਰਾਂ ਰੋਡੇ ਤੇ ਹੋਰਨਾਂ ਦੀ ਰਿਹਾਈ ਪਿਛੋਂ ਦੇ ਦਿਨਾਂ ਵਿਚ ਵਧ ਰਹੇ ਹਨ।

● ਅੱਤਵਾਦੀਆਂ ਦੀ ਚੜ੍ਹ ਹੋਰ ਮਚੇਗੀ ਜਿਸ ਦਾ ਸਬੂਤ ਨਵੀਂ ਹਿਜਰਤ ਤੋਂ ਵੀ ਮਿਲਦਾ ਹੈ ਤੇ ਅੱਤਵਾਦੀ ਸਫਾਂ ਵਿਚ ਨਵੀਂ ਪਨੀਰੀ ਦੀ ਭਰਤੀ ਤੋਂ ਵੀ।

● ਰਾਜ ਪ੍ਰਬੰਧ ਦੀ ਮਸ਼ੀਨਰੀ ਤਕੜੀ ਹੋਣ ਵੱਲ ਜਾਣ ਦੀ ਥਾਂ ਦਿਨੋਂ ਦਿਨ ਤਿੜਕਣ ਵੱਲ ਜਾਏਗੀ ਅਤੇ ਭ੍ਰਿਸ਼ਟਾਚਾਰ ਨਵੀਆਂ ਹੱਦਾਂ ਛੋਹੇਗਾ ਜਿਵੇਂ ਕਿ ਪਿਛਲੇ ਦਿਨਾਂ ਤੋਂ ਹੋ ਰਿਹਾ ਹੈ।

● ਕੇਂਦਰ ਬਾਰੇ ਇਹ ਪ੍ਰਭਾਵ ਹੋਰ ਵਧੇਗਾ ਕਿ ਇਹ ਠੱਗੀ ਤੇ ਚਾਲਾਕੀ ਤੋਂ ਕੰਮ ਲੈਂਦਾ ਹੈ ਅਤੇ ਪੰਜਾਬੀਆਂ ਨੂੰ ਇਸ ਨੇ ਯਰਗਮਾਲ ਸਮਝ ਰੱਖਿਆ ਹੈ।

● ਦੇਸ਼ ਦੀ ਏਕਤਾ ਤੇ ਅੰਖਡਤਾ ਨੂੰ ਫਿਰਕੂ ਏਕਤਾ ਨੂੰ ਸਾਂਝੀ ਪੰਜਾਬੀਅਤ ਨੂੰ ਪਰਨਾਈਆਂ ਤਾਕਤਾਂ ਲਈ ਜਨਤਕ ਲਾਮਬੰਦੀ ਦਾ ਸੰਘਰਸ਼ ਹੋਰ ਔਖਾ ਤੇ ਮਹਿੰਗਾ ਬਣੇਗਾ।

ਕੇਂਦਰ ਦੇ ਹਾਕਮੋ!

ਆਪਣੇ ਰੋਡੇ ਵਾਲੇ ਸੌਦੇ ਨੂੰ ਸਿਰੇ ਚਾੜ੍ਹਨ ਲਈ ਤੁਸੀਂ ਅਜੇ ਕਿੰਨਾ ਕੁ ਚਿਰ ਹੋਰ ਉਡੀਕਣਾ ਹੈ ? ਕਿੰਨੀਆਂ ਕੁ ਹੋਰ ਪੰਜਾਬਣਾਂ ਰੰਡੀਆਂ ਕਰਵਾਉਣੀਆਂ ਹਨ ਤੇ ਬੱਚੇ ਯਤੀਮ ਕਰਵਾਉਣੇ ਹਨ ? ਕਿੰਨੇ ਕੁ ਹੋਰ ਟੱਬਰਾਂ ਦੀ ਹਿਜਰਤ ਕਰਵਾਉਣੀ ਹੈ ਤੇ ਕਿੰਨੇ ਕੁ ਹੋਰ ਘਰ ਉਜਾੜਨੇ ਹਨ ? ਕਿੰਨ੍ਹੇ ਕੁ ਸਾਹਸ ਵਾਲੇ ਤੇ ਦਿਆਨਤਦਾਰ ਅਫਸਰਾਂ ਤੇ ਕਰਮਚਾਰੀਆਂ ਦਾ ਜੀਉਣਾ ਹਰਾਮ ਕਰਨਾ ਹੈ ? ਕਿੰਨੇ ਕੁ ਸਵੱਛ ਸੋਚ ਵਾਲੇ ਸਿਆਸੀ ਕਾਰਕੁਨਾਂ ਦੇ ਸਿਰਾਂ ਦੀਆਂ ਬਲੀਆਂ ਲੈਣੀਆਂ ਹਨ।

ਤੇ ਇਹ ਸੱਭ ਸਿਰਫ ਮੁਨਾਸਬ ਮੌਕਾ ਭਾਂਪ ਕੇ ਐਮਰਜੈਂਸੀ ਲਾਉਣ ਤੇ ਫੌਜ ਭੇਜ ਕੇ ਬਾਕੀ ਦੇਸ਼ ਵਿਚ ਚੋਣਾਂ ਦਾ ਲਾਹਾ ਖੱਟਣ ਲਈ ?

ਲੋੜੀਂਦੇ ਕਦਮਾਂ 'ਚ ਢਿੱਲ ਨਾ ਕਰੋ

ਵੇਲਾ ਨਾ ਗੁਆਓ ਅਤੇ ਜਮਹੂਰੀ ਕਦਰਾਂ ਤੇ ਅਮਲਾਂ ਦੀ ਬਹਾਲੀ ਲਈ ਨਿਰਣਈ ਮੋੜ ਕਟੋ। ਨਾਲ ਹੀ ਪ੍ਰਸ਼ਾਸਕੀ ਢਾਂਚੇ ਨੂੰ ਤਕੜਾ ਕਰਨਾ ਅੱਤਵਾਦੀਆਂ ਨਾਲ ਤਕੜੇ ਹਥੀਂ ਸਿਝਣ ਤੇ ਲੋਕਾਂ ਦੇ ਜਾਨ ਤੇ ਮਾਲ ਦੀ ਰਾਖੀ ਦੀ ਗਰੰਟੀ ਕਰਨ ਲਈ ਲੋੜੀਂਦੇ ਕਦਮ ਚੁਕਣ ਵਿਚ ਢਿੱਲ ਨਾ ਕਰੋ। ਇਹਨਾਂ ਕਦਮਾਂ ਨੂੰ ਸੌੜੀਆ ਸਿਆਸੀ ਗਿਣਤੀਆਂ ਮਿਣਤੀਆਂ ਨਾਲ ਨਾ ਬੰਨ੍ਹੋ।

ਤੁਹਾਡਾ ਨਵਾਂ ਸੌਦਾ ਸਿਰੇ ਨਹੀਂ ਚੜ੍ਹਨਾ

ਜੇ ਅਵਤਾਰ ਸਿੰਘ ਬਰਮੇ ਨੂੰ ਜਸਬੀਰ ਸਿੰਘ ਰੋਡੇ ਨੇ ਸਮਝਾ ਵੀ ਲਿਆ ਤਾਂ ਗੁਰਬਚਨ ਸਿੰਘ ਮਾਨੋਚਾਹਲ ਤੇ ਵੱਸਣ ਸਿੰਘ ਜ਼ਫਰਵਾਲ ਉਸਦੇ ਵੱਸ ਨਹੀਂ ਆਉਣੇ ਨਾ ਪੰਥਕ ਕਮੇਟੀ ਤੇ ਨਾ ਅਮਰੀਕੀ ਸਿੱਖ ਗੁਰਜੀਤ ਸਿੰਘ ਔਲਖ ਦੀ ਅਗਵਾਈ ਵਾਲੀ ਖਾਲਿਸਤਾਨ ਕੌਂਸਲ ਨੇ ਸੁਣਨੀ ਹੈ। ਉਹ ਬਾਹਰਲੇ ਦੋਖੀਆਂ ਦੇ ਕਿਲੇ ਬੱਝੇ ਹੋਏ ਹਨ।

ਇਹ ਕਾਠ ਦੀ ਹਾਂਡੀ ਸਿਰੇ ਤੱਕ ਨਹੀਂ ਚੜ੍ਹਨੀ ਵਿਚੇ ਸੜ ਜਾਣੀ ਹੈ ਪਰ ਇਸ ਦੇ ਨਾਲ ਹੀ ਤੁਸੀਂ ਦੇਸ਼ ਦੇ ਸੁਰਖਿਅਤ ਭਵਿੱਖ ਨੂੰ ਵੀ ਅਤੇ ਇਸ ਦੀ 'ਏਕਤਾ ਤੇ ਅਖੰਡਤਾ ਨੂੰ ਵੀ ਲੂਹ ਬੈਠੋਗੇ।

ਸੋਚੋ! ਸਮਝੋ!! ਮੌਕਾ ਸੰਭਾਲੋ !!!

ਸੈਕਸੀ ਸੀਨ ਦਿੰਦੀ ਰਹੀ। ਇਹ ਵਖਰੀ ਗੱਲ ਹੈ ਕਿ ਉਸਦੇ ਅੰਗ ਪ੍ਰਦਰਸ਼ਨ ਨੂੰ ਲੈ ਕੇ ਜ਼ਿਆਦਾ ਚਰਚਾ ਨਹੀਂ ਹੋਈ ਤੇ ਨਾ ਹੀ ਉਸਦੀ ਇਮੇਜ ਨੂੰ ਧੱਕਾ ਲੱਗਾ।

।ਫਿਲਮ। ਸੋਹਣੀ ਮਹਿਵਾਲ ਵਿਚ ਪੂਨਮ ਢਿਲੋਂ ਅਤੇ ਸੰਨੀ ਦਿਓਲ ਦਾ ਚੁੰਮਣ ਦ੍ਰਿਸ਼ ਕਾਫੀ ਲੰਮਾ ਤੇ ਖੂਬਸੂਰਤ ਸੀ। ਇਹ ਚੁੰਮਣ ਦ੍ਰਿਸ਼ ਅਖਬਾਰਾਂ ਅਤੇ ਰਸਾਲਿਆਂ ਦਾ ਕਾਫੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ। ਸੋਹਣੀ ਮਹੀਵਾਲ ਤੋਂ ਬਾਅਦ ਫਿਲਮ ਤੇਰੀ ਕਸਮ ਵਿਚ ਪੂਨਮ ਢਿਲੋਂ ਨੇ ਕੁਮਾਰ ਗੌਰਵ ਨਾਲ ਕਈ ਗਰਮਾ ਗਰਮ ਚੁੰਮਣ ਦ੍ਰਿਸ਼ ਦਿੱਤੇ ਸੀ। ਇਸ ਤਰਾਂ ਮਹੇਸ਼ ਭੱਟ ਦੀ ਫਿਲਮ ਨਾਮ ਵਿਚ ਕੁਮਾਰ ਗੌਰਵ ਅਤੇ ਪੂਨਮ ਢਿਲੋਂ ਦੇ ਚੁੰਮਣ ਦ੍ਰਿਸ਼ ਬੜੇ ਸੋਹਣੇ ਅੰਦਾਜ਼ ਨਾਲ ਫਿਲਮਾਏ ਗਏ ਸੀ। ਚੁੰਮਣ ਸੀਨ ਦੇਣ ਵਿਚ ਪੂਨਮ ਢਿਲੋਂ ਨੇ ਕਦੇ ਡਰੈਕਟਰ। ਨੂੰ ਮਨ੍ਹਾ ਨਹੀਂ ਕੀਤਾ। ਜੇ ਨਿਰਮਾਤਾ ਥੋੜਾ ਜੋਰ ਪਾਵੇ ਤਾਂ ਉਹ ਅੰਗ ਪ੍ਰਦਰਸ਼ਨ ਲਈ ਵੀ ਤਿਆਰ ਹੋ ਜਾਂਦੀ ਹੈ।

ਫਿਲਮ ਸਮੁੰਦਰ ਵਿਚ ਪੂਨਮ ਢਿਲੋਂ ਨੇ ਖੁਲ ਕੇ ਸੈਕਸੀ ਦ੍ਰਿਸ਼ ਦਿੱਤੇ ਜਿਸਦੀ ਫਿਲਮ ਹਲਕਿਆਂ ਵਿਚ ਕਾਫੀ ਚਰਚਾ ਹੋਈ। ਇਸੇ ਫਿਲਮ ਵਿਚ ਹੀਰੋ ਨਾਲ ਉਸਦਾ ਚੁੰਮਣ ਦ੍ਰਿਸ਼ ਵੀ ਸੀ। ਸਮੁੰਦਰ ਵਿਚ ਆਪਣੇ ਚੁੰਮਣ ਸੀਨ ਬਾਰੇ ਪੂਨਮ ਢਿਲੋਂ ਦਾ ਕਹਿਣਾ ਹੈ ਕਿ ਜਦੋਂ ਮੈਂ ਪਰਦੇ ਉੱਤੇ ਇਹ ਚੁੰਮਣ ਦ੍ਰਿਸ਼ ਵੇਖਿਆ ਤਾਂ ਬੇਹੋਸ਼ ਜਿਹੀ ਹੋ ਗਈ। ਇਸ ਸੀਨ ਨੂੰ ਕੈਮਰੇ ਦੇ ਕਮਾਲ ਨਾਲ ਕਾਫੀ ਲੰਮਾ ਕਰ ਦਿੱਤਾ ਗਿਆ ਸੀ।

ਜੇ ਪੂਨਮ ਢਿਲੋਂ ਨੂੰ ਚੁੰਮਣ ਦ੍ਰਿਸ਼ ਦੇਣ ਨਾਲ ਆਪਣੀ ਇਮੇਜ ਖਰਾਬ ਹੋਣ ਦਾ ਇਨਾ ਹੀ ਡਰ ਸੀ ਤਾਂ ਉਹ ਚੁੰਮਣ ਦੇਣ ਲਈ ਰਾਜੀ ਕਿਉਂ ਹੋਈ। ਉਸਦੇ ਨਾਲ ਜ਼ਬਰਦਸਤੀ ਤਾਂ ਨਹੀਂ ਕੀਤੀ ਗਈ ਸੀ। ਚੁੰਮਣ ਦ੍ਰਿਸ਼ ਦੀ ਗੱਲ ਤਾਂ ਇਕ ਪਾਸੇ ਪੂਨਮ ਢਿਲੋਂ ਨੇ ਆਪਣੀਆਂ ਫਿਲਮਾਂ ਵਿਚ ਰੇਪ ਸੀਨ ਵੀ ਕਾਫੀ ਕੀਤੇ ਹਨ।

ਯਸ਼ ਚੋਪੜਾ ਦੀ ਫਿਲਮ ਨੂਰੀ ਵਿਚ ਪੂਨਮ ਢਿਲੋਂ ਅਤੇ ਖਲਨਾਇਕ ਭਰਤ ਕਪੂਰ ਉੱਤੇ ਫਿਲਮਾਇਆ ਗਿਆ ਰੇਪ ਸੀਨ ਬੜਾ ਪ੍ਰਭਾਵਸ਼ਾਲੀ ਸੀ। ਇੰਟਰਵਲ ਤੋਂ ਬਾਅਦ ਸਾਰੀ ਫਿਲਮ ਇਸ ਰੇਪ ਸੀਨ ਕਰਕੇ ਹੀ ਚਲਦੀ ਹੈ। ਨੂਰੀ ਪੂਨਮ ਦੀ ਹੀਰੋਇਨ ਵਜੋਂ ਪਹਿਲੀ ਫਿਲਮ ਸੀ ਅਤੇ ਇਸਦੇ ਰੇਪ ਸੀਨ ਕਰਕੇ ਉਹ ਕਾਫੀ ਸਮੇਂ ਤੱਕ ਚਰਚਾ ਦਾ ਵਿਸ਼ਾ ਬਣੀ ਰਹੀ ਸੀ। ਤੇ ਕਈ ਫਿਲਮਾਂ ਝੱਟਪੱਟ ਹੀ ਉਸਨੂੰ ਮਿਲ ਗਈਆਂ ਸੀ।

ਨੂਰੀ ਤੋਂ ਬਾਅਦ ਪੂਨਮ ਢਿਲੋਂ ਨੇ ਤੇਰੀ ਮਿਹਰਬਾਨੀਆਂ ਦੋਸਤੀ ਦੁਸ਼ਮਨੀ ਪਾਲੇ ਖਾਂ ਵਗੈਰਾ ਫਿਲਮਾਂ ਵਿਚ ਰੇਪ ਸੀਨ ਕੀਤੇ ਪਰ ਉਹ ਸਫਲਤਾ ਨਹੀਂ ਮਿਲੀ ਜਿਹੜੀ ਨੂਰੀ ਨੂੰ ਮਿਲੀ ਸੀ।

ਸੱਭ ਤੋਂ ਵੱਡੀ ਗੱਲ ਇਹ ਹੈ ਕਿ ਫਿਲਮਾ ਵਿਚ ਚੁੰਮਣ ਦ੍ਰਿਸ਼ ਰੇਪ ਸੀਨ ਅਤੇ ਸੈਕਸੀ ਦ੍ਰਿਸ਼ ਦੇਣ ਪਿਛੋਂ ਵੀ ਪੂਨਮ ਢਿਲੋਂ ਕਦੇ ਸੈਕਸ ਸਿੰਬਲ ਨਹੀਂ ਬਣੀ। ਉਸਦੇ ਮਾਸੂਮ ਚਿਹਰੇ ਨੇ ਹਮੇਸ਼ਾ ਉਸਨੂੰ ਬਚਾਈ ਰਖਿਆ। ਇਹੋ ਗੱਲ ਨੂੰ ਕਿ ਪੂਨਮ ਦੀ ਇਮੇਜ ਅਜੇ ਵੀ ਸਾਫ ਸੁਥਰੀ ਹੀਰੋਇਨ ਦੀ ਹੈ ਅਤੇ ਉਸਦੀ ਗਿਣਤੀ ਬਿੰਦਾਸ ਹੀਰੋਇਨਾਂ ਵਿਚ ਨਹੀਂ ਹੁੰਦੀ।

ਦੂਜੇ ਪਾਸੇ ਕਿਮੀ ਕਾਟਕਰ ਆਪਣੀ ਇਕੋ ਫਿਲਮ ਟਾਰਜ਼ਨ ਅਤੇ ਮੰਦਾਕਿਨੀ ਰਾਮ ਤੇਰੀ ਗੰਗਾ ਮੈਲੀ ਕਰਨ ਤੋਂ ਬਾਅਦ ਸੈਕਸ ਸਿੰਬਲ ਬਣ ਗਈਆਂ ਹਨ। ਹੁਣ ਭਾਵੇਂ ਉਹਨਾਂ ਉੱਤੇ ਸੈਕਸੀ ਹੀਰੋਇਨ ਦਾ ਜਿਹੜਾ ਲੇਬਲ ਲੱਗ ਚੁੱਕਾ ਹੈ ਉਹ ਛੇਤੀ ਨਹੀਂ ਉਤਰਦਾ। ਪੂਨਮ ਢਿਲੋਂ ਦੇ ਚਿਹਰੇ ਤੇ ਅਜੇ ਵੀ ਤਾਜਗੀ ਅਤੇ ਭੋਲਾਪਣ ਹੈ। ਇਹ ਵਖਰੀ ਗੱਲ ਹੈ ਕਿ ਉਸਨੂੰ ਵੱਡੇ ਬੈਨਰ ਅਤੇ ਚੰਗੇ ਕਲਾਕਾਰਾਂ ਨਾਲ ਫਿਲਮਾਂ ਨਹੀਂ ਮਿਲ ਰਹੀਆਂ ਪਰ ਉਸਦੀ ਮਾਰਕੀਟ ਅਜੇ ਖਤਮ ਨਹੀਂ ਹੋਈ। ਫਿਲਮ ਏਕ ਚਾਦਰ ਮੈਲੀ ਸੀ ਵਿਚ ਉਸਨੇ ਵਧੀਆ ਰੋਲ ਕਰਕੇ ਮੁੜ ਫਿਲਮ ਪ੍ਰੇਮੀਆਂ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਪੂਨਮ ਢਿਲੋਂ ਨੂੰ ਚਾਹੀਦਾ ਹੈ ਕਿ ਸੈਕਸੀ ਅਤੇ ਰੇਪ ਸੀਨ ਵਾਲੀਆਂ ਫਿਲਮਾਂ ਛੱਡ ਕੇ ਆਪਣੀ ਪੁਰਾਣੀ ਸਾਫ ਸੁਥਰੀ ਇਮੇਜ ਨੂੰ ਕਾਇਮ ਰੱਖੇ। ਜੇ ਸਫਲਤਾ ਮਿਲਣੀ ਹੋਈ ਤਾਂ ਉਸਨੂੰ ਕੋਈ ਰੋਕ ਨਹੀਂ ਸਕਦਾ।



.ਗਜ਼ਲ

ਇਕਵਿੰਦਰ ਸਿੰਘ
(ਕੈਨੇਡਾ)

ਲਬਾਂ 'ਤੇ ਮੁਸਕਰਾਹਟ ਹੈ ਦਿਲਾਂ ਵਿਚ ਦੂਰੀਆਂ ਬਣੀਆਂ।
ਅਜੋਕੇ ਦੌਰ ਵਿਚ ਯਾਰੋ ਇਹ ਕੀ ਮਜਬੂਰੀਆਂ ਬਣੀਆਂ ?

ਕਿਲ੍ਹੇ-ਬੰਦੀ ਜਿਹੀ ਘਰ-ਘਰ, ਕਿਸੇ ਨੂੰ ਕੀ ਮਿਲੇ ਕੋਈ,
ਕਿਵੇਂ ਦਸਤਕ ਦੀ ਹੀ ਦੂਰੀ 'ਚ ਵੀ ਮਜਬੂਰੀਆਂ ਬਣੀਆਂ।

ਉਨ੍ਹਾਂ ਕਾਵਾਂ ਤੋਂ 'ਇਕਵਿੰਦਰ' ਸੁਨੇਹੇ ਲੋੜੀਏ ਹੀ ਕਿਉਂ ?
ਜਿਨ੍ਹਾਂ ਖਾਤਰ ਕਦੇ ਸਾਡੇ ਘਰੀਂ ਨਾ ਚੂਰੀਆਂ ਬਣੀਆਂ।

ਇੱਛਾ ਸੀ ਛਿਪੇ ਤੁਰ ਜਾਣ ਦੀ ਜਿਨ੍ਹਾਂ ਦੀ 'ਇਕਵਿੰਦਰ',
ਇੱਛਾ ਦੇ ਉਲਟ ਉਨ੍ਹਾਂ ਦੀਆਂ ਮਸ਼ਹੂਰੀਆਂ ਬਣੀਆਂ।

ਜਿਨ੍ਹਾਂ ਅਨਜਾਣੀਆਂ ਸੜਕਾਂ 'ਤੇ 'ਇਕਵਿੰਦਰ' ਕਦੇ ਤੁਰਿਆ,
ਉਨ੍ਹਾਂ ਸੜਕਾਂ ਦੀਆਂ ਹੀ ਬਾਦ ਵਿਚ ਮਸ਼ਹੂਰੀਆਂ ਬਣੀਆਂ।